PUNJABSTAR.COM
# ਪੰਜਾਬ ਸਟਾਰ
Phone: 905-673-7666 , Fax: 1-289-206-8611
01 ਜਨਵਰੀ ਤੋਂ 06 ਜਨਵਰੀ, 2025
Email :- editor@punjabstar.com, Vo. 20. Issue:1218


## ਮੈਕਸੀਕੋ ਵਿੱਚ ਵੱਡਾ ਰੇਲ ਹਾਦਸਾ:
# ਪਟੜੀ ਤੋਂ ਉਤਰੀ ਰੇਲਗੱਡੀ, 13 ਮੌਤਾਂ



ਮੈਕਸੀਕੋ, (ਪੰਜਾਬ ਸਟਾਰ ਬਿਊਰੋ): ਦੱਖਣੀ ਮੈਕਸੀਕਨ ਰਾਜ ਓਆਕਸਾਕਾ ਵਿੱਚ ਇੱਕ ਰੇਲਗੱਡੀ ਪਟੜੀ ਤੋਂ ਉਤਰ ਗਈ, ਜਿਸ ਕਾਰਨ ਇੰਜਣ ਪਲਟ ਗਿਆ ਅਤੇ ਕਈ ਡੱਬੇ ਪਲਟ ਗਏ। ਮੈਕਸੀਕੋ ਰੇਲ ਹਾਦਸੇ ਵਿੱਚ ਤੇਰਾਂ ਲੋਕਾਂ ਦੀ ਮੌਤ ਹੋ ਗਈ ਹੈ ਅਤੇ 98 ਹੋਰ ਜ਼ਖਮੀ ਹੋ ਗਏ ਹਨ। ਜ਼ਖਮੀਆਂ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਇਹ ਰੇਲਗੱਡੀ ਮੈਕਸੀਕੋ ਦੀ ਖਾੜੀ ਅਤੇ ਪ੍ਰਸ਼ਾਂਤ ਮਹਾਸਾਗਰ ਨੂੰ ਜੋੜਨ ਵਾਲੀ ਇੱਕ ਨਵੀਂ ਰੇਲਵੇ ਲਾਈਨ 'ਤੇ ਚੱਲ ਰਹੀ ਸੀ। ਇਹ ਰੇਲਵੇ ਲਾਈਨ ਦਾ ਸੰਚਾਲਨ ਮੈਕਸੀਕਨ ਜਲ ਸੈਨਾ ਦੁਆਰਾ ਕੀਤਾ ਜਾਂਦਾ ਸੀ।

ਮੈਕਸੀਕਨ ਨੇਵੀ ਦੇ ਅਨੁਸਾਰ ਟ੍ਰੇਨ ਵਿੱਚ 250 ਲੋਕ ਸਵਾਰ ਸਨ, ਜਿਨ੍ਹਾਂ ਵਿੱਚ ਨੌਂ ਚਾਲਕ ਦਲ ਦੇ ਮੈਂਬਰ ਵੀ ਸ਼ਾਮਲ ਸਨ। ਇਹ ਹਾਦਸਾ ਚਿਵੇਲਾ ਅਤੇ ਨਿਜੰਡਾ ਕਸਬਿਆਂ ਦੇ ਵਿਚਕਾਰ ਇੱਕ ਮੋੜ 'ਤੇ ਵਾਪਰਿਆ। ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ

* ਬਾਕੀ ਸਫ਼ਾ 2 'ਤੇ

# VB-ਜੀ ਰਾਮ ਜੀ' ਕਾਨੂੰਨ ਖ਼ਿਲਾਫ਼ ਪੰਜਾਬ ਵਿਧਾਨ ਸਭਾ 'ਚ ਮਤਾ ਪਾਸ



ਚੰਡੀਗੜ੍ਹ, (ਪੰਜਾਬ ਸਟਾਰ ਬਿਊਰੋ): 'ਆਪ' ਸਰਕਾਰ ਨੇ ਮੰਗਲਵਾਰ ਨੂੰ ਪੰਜਾਬ ਵਿਧਾਨ ਸਭਾ ਦੇ ਇੱਕ ਵਿਸ਼ੇਸ਼ ਸੈਸ਼ਨ ਵਿੱਚ ਵੀਬੀਜੀ ਰਾਮਜੀ ਐਕਟ ਵਿਰੁੱਧ ਇੱਕ ਮਤਾ ਪੇਸ਼ ਕੀਤਾ ਅਤੇ ਕੇਂਦਰ ਸਰਕਾਰ 'ਤੇ ਮਨਰੇਗਾ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ। ਅੱਜ ਸਦਨ 'ਚ ਮਨਰੇਗਾ ਸਕੀਮ ਦੇ ਖਿਲਾਫ ਮਤਾ ਪਾਸ ਕਰ ਦਿੱਤਾ ਗਿਆ। ਦੱਸ ਦਈਏ ਕਿ ਇਹ ਮਤਾ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਵਲੋਂ ਸਦਨ ਅੰਦਰ ਪੇਸ਼ ਕੀਤਾ ਗਿਆ ਸੀ, ਜਿਸ ਨੂੰ ਸਦਨ ਅੰਦਰ

* ਬਾਕੀ ਸਫ਼ਾ 2 'ਤੇ

# ਮੁੱਖ ਮੰਤਰੀ ਮਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਲਾਪਤਾ ਹੋਏ ਸਰੂਪਾਂ 'ਤੇ ਸਖ਼ਤ ਰੁਖ਼

## ਕਿਹਾ ਕਿ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਜਾਂਚ ਲਈ ਗਠਿਤ ਕੀਤੀ SIT



ਚੰਡੀਗੜ੍ਹ, (ਪੰਜਾਬ ਸਟਾਰ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਅਤੇ ਉਸ ਦੇ ਅਕਾਲੀ ਦਲ ਵਿਚਲੇ ਆਕਾਵਾਂ ਦੀ ਨਿੰਦਾ ਕਰਦਿਆਂ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਥ ਨੂੰ ਆਪਣੇ ਕੁਕਰਮਾਂ ਵਿਰੁੱਧ ਕਾਰਵਾਈ ਤੋਂ ਬਚਣ ਲਈ ਢਾਲ ਵਜੋਂ ਵਰਤ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਤੋਂ ਪੰਜਾਬੀ

* ਬਾਕੀ ਸਫ਼ਾ 2 'ਤੇ

# 160 ਫੁੱਟ ਡੂੰਘੀ ਖੱਡ 'ਚ ਡਿੱਗੀ ਸਵਾਰੀਆਂ ਨਾਲ ਭਰੀ ਬੱਸ; 7 ਦੀ ਮੌਤ; 12 ਦੀ ਹਾਲਤ ਗੰਭੀਰ



ਉਤਰਾਖੰਡ, (ਪੰਜਾਬ ਸਟਾਰ ਬਿਊਰੋ): ਉਤਰਾਖੰਡ ਦੇ ਅਲਮੋੜਾ ਵਿੱਚ ਅੱਜ ਸਵੇਰੇ ਯਾਤਰੀਆਂ ਨੂੰ ਲੈ ਕੇ ਜਾ ਰਹੀ ਇੱਕ ਬੱਸ 160 ਫੁੱਟ ਡੂੰਘੀ ਖੱਡ ਵਿੱਚ ਡਿੱਗਣ ਕਾਰਨ ਸੱਤ ਲੋਕਾਂ ਦੀ ਮੌਤ ਹੋ ਗਈ ਅਤੇ 12 ਹੋਰ ਗੰਭੀਰ ਹਾਲਤ ਵਿੱਚ ਹਨ। ਘਟਨਾ ਤੋਂ ਬਾਅਦ, ਇਲਾਕੇ ਵਿੱਚ ਬਚਾਅ ਅਤੇ ਰਾਹਤ ਕਾਰਜ ਸ਼ੁਰੂ ਕਰ ਦਿੱਤੇ ਗਏ। ਇੱਕ SDRF ਟੀਮ ਨੂੰ ਵੀ ਹਾਦਸੇ ਵਾਲੀ ਥਾਂ 'ਤੇ ਭੇਜਿਆ ਗਿਆ। ਇਹ ਹਾਦਸਾ ਭਿਕੀਆਸੈਨ-ਵਿਨਾਇਕ-ਜਲਾਲੀ ਮੋਟਰਵੇਅ 'ਤੇ ਸ਼ਿਲਾਪਾਨੀ ਨੇੜੇ ਵਾਪਰਿਆ। ਬੱਸ ਭਿਕੀਆਸੈਨ

* ਬਾਕੀ ਸਫ਼ਾ 2 'ਤੇ

# ਅਲਬਰਟਾ ਦੇ ਕੈਨੇਡਾ ਤੋਂ ਵੱਖ ਹੋਣ ਲਈ ਹੋਵੇਗੀ ਰਾਇਸ਼ੁਮਾਰੀ

ਕੈਲਗਰੀ, (ਪੰਜਾਬ ਸਟਾਰ ਬਿਊਰੋ): ਅਲਬਰਟਾ ਦੀ ਚੋਣ ਏਜੰਸੀ ਨੇ ਕੈਨੇਡਾ ਤੋਂ ਸੂਬੇ ਦੇ ਵੱਖ ਹੋਣ ਦੇ ਪ੍ਰਸਤਾਵਿਤ ਰਾਏਸ਼ੁਮਾਰੀ ਦੇ ਸਵਾਲ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪੁੱਛੇ ਗਏ ਸਵਾਲ 'ਚ ਹਾਂ ਜਾਂ ਨਾਂਹ ਵਿਚ ਇਹ ਜਵਾਬ ਮੰਗਿਆ ਹੈ ਕਿ ਕੀ ਤੁਸੀਂ ਇਸ ਗੱਲ ਨਾਲ ਸਹਿਮਤ ਹੋ ਕਿ ਕੀ ਅਲਬਰਟਾ ਸੂਬੇ ਨੂੰ ਇਕ ਸੁਤੰਤਰ ਦੇਸ਼ ਬਣਨ ਲਈ ਕੈਨੇਡਾ ਤੋਂ ਵੱਖ ਹੋ ਜਾਣਾ ਚਾਹੀਦਾ ਹੈ। ਵੋਟਰਾਂ ਨੂੰ ਇਹ ਪ੍ਰਸ਼ਨ ਪੁੱਛਣ ਦੀ ਮੁਹਿੰਮ ਅਲਬਰਟਾ ਖੁਸ਼ਹਾਲੀ ਪ੍ਰੋਜੈਕਟ ਵਲੋਂ ਚਲਾਈ ਜਾ ਰਹੀ ਹੈ, ਜਿਸ ਕੋਲ ਹੁਣ ਅਗਲੇ ਮਹੀਨੇ ਦੇ ਸ਼ੁਰੂ ਤੱਕ ਇਕ ਮੁੱਖ ਵਿੱਤੀ ਅਧਿਕਾਰੀ ਦੀ ਨਿਯੁਕਤੀ ਕਰਨ ਦਾ ਸਮਾਂ ਹੈ, ਜਿਸ ਤੋਂ ਬਾਅਦ ਇਹ ਸਹਾਇਕ ਦਸਤਖਤ ਇਕੱਠੇ ਕਰਨਾ ਸ਼ੁਰੂ ਕਰ ਸਕਦਾ ਹੈ। ਇਸ ਸਵਾਲ ਦੇ ਸਮਰਥਨ 'ਚ ਸਮੂਹ ਨੂੰ ਜਨਮਤ ਸੰਗ੍ਰਹਿ 'ਚ ਜਾਣ ਲਈ 178,000 ਤੋਂ ਘੱਟ ਦਸਤਖਤਾਂ ਦੀ ਲੋੜ ਹੋਵੇਗੀ।

ਮੁੱਖ ਕਾਰਜਕਾਰੀ ਅਧਿਕਾਰੀ ਮਿਚ ਸਿਲਵੈਸਟਰ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਇੱਕ ਇੰਟਰਵਿਊ ਵਿਚ ਪੋਸਟ ਮੀਡੀਆ ਨੂੰ

* ਬਾਕੀ ਸਫ਼ਾ 2 'ਤੇ

# ਅਮਰੀਕਾ-ਕੈਨੇਡਾ ਬਰਫ਼ੀਲੇ ਤੂਫ਼ਾਨ ਦੀ ਮਾਰ ਹੇਠ, ਸੈਂਕੜੇ ਫਲਾਈਟਸ ਰੱਦ

* ਮਿਸ਼ੀਗਨ ਸਣੇ ਵੱਖ-ਵੱਖ ਰਾਜਾਂ 'ਚ ਦਰਜਨਾਂ ਹਾਦਸੇ
* ਓਨਟਾਰੀਓ ਦੇ 60 ਹਜ਼ਾਰ ਘਰਾਂ ਦੀ ਬਿਜਲੀ ਗੁੱਲ



ਟੋਰਾਂਟੋ, (ਪੰਜਾਬ ਸਟਾਰ ਬਿਊਰੋ): ਬਰਫ਼ੀਲਾ ਤੂਫ਼ਾਨ ਅਮਰੀਕਾ-ਕੈਨੇਡਾ ਦੇ ਕਰੋੜਾਂ ਲੋਕਾਂ ਉਤੇ ਸ਼ਿਕੰਜਾ ਕਸਦਾ ਜਾ ਰਿਹਾ ਹੈ ਅਤੇ ਦੋਹਾਂ ਮੁਲਕਾਂ ਵਿਚ ਸੈਂਕੜੇ ਫਲਾਈਟਸ ਰੱਦ ਹੋਣ ਸਣੇ ਹਾਈਵੇਜ਼ 'ਤੇ ਵੱਡੇ ਹਾਦਸੇ ਹੋਣ ਦੀ ਰਿਪੋਰਟ ਹੈ। ਅਮਰੀਕਾ ਵਿਚ 11 ਕਰੋੜ 40 ਲੱਖ ਲੋਕ ਚਿਤਾਵਨੀ ਦੇ ਘੇਰੇ ਵਿਚ ਆ ਚੁੱਕੇ ਹਨ ਅਤੇ ਭਾਰੀ ਬਰਫ਼ਬਾਰੀ ਸਣੇ ਹੱਡ ਚੀਰਵੀਆਂ ਹਵਾਵਾਂ ਜਾਰੀ ਰਹਿਣ ਦੀ ਪੇਸ਼ੀਨਗੋਈ ਕੀਤੀ ਗਈ ਹੈ। ਡੈਟਰਾਇਟ, ਪਿਟਜ਼ਬਰਗ, ਵਾਸ਼ਿੰਗਟਨ ਡੀ.ਸੀ., ਫ਼ਿਲਾਡੈਲਫ਼ੀਆ, ਨਿਊ ਯਾਰਕ ਸਿਟੀ, ਬੋਸਟਨ ਅਤੇ ਨਿਊ ਓਰਲੀਨਜ਼ ਵਰਗੇ ਵੱਡੇ ਸ਼ਹਿਰਾਂ ਤੋਂ ਇਲਾਵਾ ਬਫ਼ਲੋ ਵਰਗੇ ਸ਼ਹਿਰ ਬਰਫ਼ੀਲੇ ਤੂਫ਼ਾਨ ਦੇ ਰਾਹ ਵਿਚ ਦੱਸੇ ਜਾ ਰਹੇ ਹਨ।

ਫਲਾਈਟ ਅਵੇਅਰ ਦੇ ਅੰਕੜਿਆਂ ਮੁਤਾਬਕ ਡੈਟਰਾਇਟ ਹਵਾਈ ਅੱਡੇ 'ਤੇ 90 ਤੋਂ ਵੱਧ ਫਲਾਈਟਸ ਰੱਦ ਹੋਈਆਂ ਜਦਕਿ ਟੋਰਾਂਟੋ ਦੇ ਪੀਅਰਸਨ ਇੰਟਰਨੈਸ਼ਨ ਏਅਰਪੋਰਟ 'ਤੇ 105 ਫਲਾਈਟਸ ਰੱਦ ਹੋਣ ਦੀ ਰਿਪੋਰਟ ਹੈ। ਇਸ ਤੋਂ ਇਲਾਵਾ ਨਿਊ ਯਾਰਕ ਸਿਟੀ ਅਤੇ ਨਿਊ ਅਰਕ ਦੇ ਹਵਾਈ ਅੱਡਿਆਂ 'ਤੇ ਵੀ ਦਰਜਨਾਂ ਫ਼ਲਾਈਟਸ ਰੱਦ ਹੋਈਆਂ ਸੈਂਕੜੇ ਦੇਰੀ ਨਾਲ ਰਵਾਨਾ ਹੋ ਸਕੀਆਂ ਜਾਂ ਪੁੱਜੀਆਂ। ਡੈਟਰਾਇਟ ਨੇੜੇ ਇੰਟਰਸਟੇਟ 75 'ਤੇ ਕਈ ਟਰੱਕਾਂ ਅਤੇ ਕਾਰਾਂ ਸਣੇ 50 ਤੋਂ ਵੱਧ ਗੱਡੀਆਂ ਆਪਸ ਵਿਚ ਭਿੜ ਗਈਆਂ ਪਰ ਖੁਸ਼ਕਿਸਮਤੀ ਨਾਲ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਨੈਸ਼ਨਲ ਵੈਦਰ ਸਰਵਿਸ ਮੁਤਾਬਕ ਗਰੇਟ ਲੇਕਸ ਦੇ ਇਲਾਕਿਆਂ ਤੋਂ ਇਲਾਵਾ ਅਮਰੀਕਾ ਦੇ ਮੱਧ-ਪੱਛਮੀ ਅਤੇ ਉਤਰ-ਪੂਰਬੀ ਇਲਾਕਿਆਂ ਵਿਚ 6 ਇੰਚ ਤੱਕ ਬਰਫ਼ ਡਿੱਗ ਸਕਦੀ ਹੈ।

ਇਥੋਂ ਤੱਕ ਕਿ ਕੈਂਟਕੀ ਦੇ ਦੱਖਣੀ ਹਿੱਸੇ ਅਤੇ ਵੈਸਟ ਵਰਜੀਨੀਆ ਵਿਚ ਸਨੋਅਫ਼ਾਲ ਦੀ ਪੇਸ਼ੀਨਗੋਈ ਕੀਤੀ ਗਈ ਹੈ। ਕੈਨੇਡਾ ਦੇ ਉਨਟਾਰੀਓ ਅਤੇ ਕਿਊਬੈਕ ਰਾਜਾਂ ਵਿਚ ਸੋਮਵਾਰ ਸ਼ਾਮ ਔਰੇਂਜ ਐਲਰਟ ਜਾਰੀ ਕੀਤਾ ਗਿਆ ਅਤੇ ਨੋਵਾ ਸਕੋਸ਼ੀਆ ਦੇ ਕੁਝ ਇਲਾਕੇ ਵਿਚ ਬਰਫ਼ੀਲੇ ਤੂਫ਼ਾਨ ਦੀ ਮਾਰ ਹੇਠ ਦੱਸੇ ਜਾ ਰਹੇ ਹਨ। ਉਨਟਾਰੀਓ ਅਤੇ ਕਿਊਬੈਕ ਵਿਚ 60 ਹਜ਼ਾਰ ਤੋਂ ਵੱਧ ਘਰਾਂ

* ਬਾਕੀ ਸਫ਼ਾ 2 'ਤੇ

# ਟਰੰਪ ਪ੍ਰਸ਼ਾਸਨ ਵੱਲੋਂ 2026 'ਚ ਇੰਮੀਗ੍ਰੇਸ਼ਨ ਕਾਰਵਾਈ 'ਚ ਵੱਡਾ ਵਾਧਾ ਕਰਨ ਦੀ ਯੋਜਨਾ



ਵਾਸ਼ਿੰਗਟਨ, (ਪੰਜਾਬ ਸਟਾਰ ਬਿਊਰੋ): ਟਰੰਪ ਪ੍ਰਸ਼ਾਸਨ ਨੇ 2026 'ਚ ਦੇਸ਼ ਵਿਆਪੀ ਦੇਸ਼ ਨਿਕਾਲੇ ਦੀ ਕਾਰਵਾਈ ਨੂੰ ਵਧਾਉਣ ਦੀ ਯੋਜਨਾ ਦਾ ਐਲਾਨ ਕੀਤਾ ਹੈ। ਯੂ.ਐੱਸ. ਸਰਕਾਰ ਨੇ ਇਸ ਦੇ ਲਈ 170 ਬਿਲੀਅਨ ਡਾਲਰ ਅਲਾਟ ਕੀਤੇ ਹਨ ਅਤੇ ਇਸ ਦਾ ਉਦੇਸ਼ ਸਾਲਾਨਾ 10 ਲੱਖ ਲੋਕਾਂ ਨੂੰ ਦੇਸ਼ ਨਿਕਾਲਾ ਦੇਣਾ ਹੈ।

ਸਾਲ 2025 'ਚ ਅਮਰੀਕੀ ਇੰਮੀਗ੍ਰੇਸ਼ਨ ਨੀਤੀ ਵਿਚ ਇੱਕ ਮਹੱਤਵਪੂਰਨ ਤਬਦੀਲੀ ਹੋਈ ਸੀ ਅਤੇ ਟਰੰਪ ਨੇ ਇੱਥੇ ਇੰਮੀਗ੍ਰੇਸ਼ਨ ਨੀਤੀ ਸੰਬੰਧੀ ਆਪਣੀ ਸਖਤ ਨੀਤੀ ਜਾਰੀ ਰੱਖੀ। ਜੁਲਾਈ 2025 'ਚ 'ਬਿੱਗ ਬਿਊਟੀਫੁੱਲ ਬਿੱਲ' ਦੇ ਪਾਸ ਹੋਣ ਤੋਂ ਬਾਅਦ ਟਰੰਪ ਸਰਕਾਰ ਇੰਮੀਗ੍ਰੇਸ਼ਨ ਨੂੰ ਕੰਟਰੋਲ ਕਰਨ ਲਈ ਇੱਕ ਵੱਡਾ ਬਜਟ ਲੈ ਕੇ ਹਾਜ਼ਰ ਹੋ ਰਹੀ ਹੈ। ਇਹ ਬਜਟ ਹੁਣ ਤੱਕ ਦਾ ਇੰਮੀਗ੍ਰੇਸ਼ਨ ਲਾਗੂ ਕਰਨ ਲਈ ਕਾਂਗਰਸ ਵੱਲੋਂ ਅਲਾਟ ਕੀਤਾ ਗਿਆ ਸਭ ਤੋਂ ਵੱਡਾ ਬਜਟ ਹੈ। ਇਹ ਬਜਟ ਅਮਰੀਕਾ ਭਰ ਵਿਚ ਸਾਰੇ ਸਥਾਨਕ ਅਤੇ ਸਟੇਟ ਪੁਲਿਸ ਬਲਾਂ ਦੇ ਸਾਲਾਨਾ ਖਰਚੇ ਤੋਂ ਕਿਤੇ ਵੱਧ ਹੈ। ਇਸ ਦੇ ਨਾਲ-ਨਾਲ ਅਮਰੀਕਾ ਵਿਚ ਸਿੱਖਿਆ ਲਈ ਰੱਖੇ ਬਜਟ ਤੋਂ ਇਹ

* ਬਾਕੀ ਸਫ਼ਾ 2 'ਤੇ

# ਅਮਰੀਕਾ ਤੋਂ ਕੈਨੇਡਾ ਦਾਖ਼ਲ ਹੁੰਦੇ 19 ਪ੍ਰਵਾਸੀ ਕਾਬੂ

* ਬਰਫ਼ੀਲੀ ਰਾਤ 'ਚ ਆਰ.ਸੀ.ਐਮ.ਪੀ. ਨੇ ਕੀਤੀ ਕਾਰਵਾਈ
* ਗੱਡੀ 'ਚ ਲੈਣ ਆਇਆ ਮਨੁੱਖੀ ਤਸਕਰ ਵੀ ਹੋਇਆ ਗ੍ਰਿਫ਼ਤਾਰ



ਮੌਂਟਰੀਅਲ, (ਪੰਜਾਬ ਸਟਾਰ ਬਿਊਰੋ): ਟਰੰਪ ਦੇ ਇੰਮੀਗ੍ਰੇਸ਼ਨ ਛਾਪਿਆਂ ਤੋਂ ਬਚਦੇ-ਬਚਾਉਂਦੇ ਕੈਨੇਡਾ ਦਾਖਲ ਹੋਏ 19 ਪ੍ਰਵਾਸੀਆਂ ਨੂੰ ਆਰ.ਸੀ.ਐਮ.ਪੀ. ਨੇ ਕਾਬੂ ਕਰ ਲਿਆ ਜਿਨ੍ਹਾਂ ਨੇ ਬਰਫ਼ੀਲੇ ਮੌਸਮ ਦਾ ਫ਼ਾਇਦਾ ਉਠਾਉਂਦਿਆਂ ਰਾਤ ਦੇ ਹਨੇਰੇ ਵਿਚ ਇੰਟਰਨੈਸ਼ਨਲ ਬਾਰਡਰ ਪਾਰ ਕੀਤਾ ਪਰ ਧੁਰ ਅੰਦਰ ਤੱਕ ਨਾ ਪੁੱਜ ਸਕੇ। ਮੀਡੀਆ ਰਿਪੋਰਟ ਮੁਤਾਬਕ ਪ੍ਰਵਾਸੀਆਂ ਵੱਲੋਂ ਨਾਜਾਇਜ਼ ਤਰੀਕੇ ਨਾਲ ਕੌਮਾਂਤਰੀ ਸਰਹੱਦ ਪਾਰ ਕਰਨ ਬਾਰੇ ਅਮਰੀਕਾ ਦੇ ਬਾਰਡਰ ਪੈਟਰੋਲ ਏਜੰਟਾਂ ਨੇ ਹੀ ਆਰ.ਸੀ.ਐਮ.ਪੀ. ਨੂੰ ਇਤਲਾਹ ਦਿਤੀ ਜਿਸ ਮਗਰੋਂ ਕਿਊਬੈਕ ਦੇ ਮੌਂਟੇਰੇਜ਼ੀ ਇਲਾਕੇ ਵਿਚ ਹੈਵਲੌਕ ਨੇੜੇ ਇਨ੍ਹਾਂ ਪ੍ਰਵਾਸੀਆਂ ਨੂੰ ਰੋਕਿਆ ਗਿਆ। ਕਾਬੂ ਕੀਤੇ ਪ੍ਰਵਾਸੀਆਂ ਵਿਚੋਂ ਇਕ ਦੀ ਉਮਰ 60 ਸਾਲ ਦੇ ਨੇੜੇ ਦੱਸੀ ਜਾ ਰਹੀ ਹੈ ਅਤੇ ਦੋ ਬੱਚੇ ਵੀ ਇਸ ਗਰੁੱਪ ਵਿਚ ਸ਼ਾਮਲ ਦੱਸੇ ਜਾ ਰਹੇ ਹਨ। ਆਰ.ਸੀ.ਐਮ.ਪੀ. ਨੇ ਦੱਸਿਆ ਕਿ ਛੇ ਜਣਿਆਂ ਨੂੰ ਹਸਪਤਾਲ ਲਿਜਾਣਾ ਪਿਆ ਜੋ ਫਰੌਸਟ ਬਾਈਟ ਦਾ ਸ਼ਿਕਾਰ ਬਣ ਗਏ ਜਦਕਿ ਦੋ ਬੱਚਿਆਂ ਨੂੰ ਅਹਿਤਿਆਤੀ ਤੌਰ 'ਤੇ ਡਾਕਟਰੀ ਮੁਆਇਨੇ ਵਾਸਤੇ ਲਿਜਾਇਆ ਗਿਆ।

* ਬਾਕੀ ਸਫ਼ਾ 2 'ਤੇ

# ਕੈਨੇਡਾ ਦੇ ਜ਼ਿਆਦਾਤਰ ਪੂਰਬੀ ਹਿੱਸੇ 'ਚ ਬਰਫ਼ੀਲਾ ਮੀਂਹ ਪੈਣ ਅਤੇ ਤੂਫ਼ਾਨੀ ਹਵਾਵਾਂ ਦੀ ਚਿਤਾਵਨੀ!

ਓਟਵਾ, (ਪੰਜਾਬ ਸਟਾਰ ਬਿਊਰੋ): ਓਂਟਾਰੀਓ, ਕਿਊਬੈਕ ਅਤੇ ਨੋਵਾ ਸਕੋਸ਼ੀਆ ਦੇ ਕੁਝ ਹਿੱਸਿਆਂ ਵਿਚ ਓਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਕੈਨੇਡਾ ਦੇ ਜ਼ਿਆਦਾਤਰ ਪੂਰਬੀ ਹਿੱਸੇ ਵਿਚ ਬਰਫ਼ੀਲਾ ਮੀਂਹ, ਉੱਡਦੀ ਬਰਫ਼, ਨਿੱਕੇ ਗੜਿਆਂ ਅਤੇ ਤੇਜ਼ ਹਵਾਵਾਂ ਕਾਰਨ ਲੋਕਾਂ ਨੂੰ ਸਾਵਧਾਨ ਰਹਿਣ ਲਈ ਕਿਹਾ ਗਿਆ ਹੈ। ਸੋਮਵਾਰ ਸਵੇਰ ਤੱਕ ਓਨਟੇਰਿਓ, ਕਿਊਬੈਕ ਅਤੇ ਨੋਵਾ ਸਕੋਸ਼ੀਆ ਦੇ ਕੁਝ ਇਲਾਕਿਆਂ ਲਈ ਓਰੇਂਜ ਅਲਰਟ ਜਾਰੀ ਰਿਹਾ ਜੋ ਦੂਜੇ ਨੰਬਰ ਦੀ ਸਭ ਤੋਂ ਗੰਭੀਰ ਚਿਤਾਵਨੀ ਹੁੰਦੀ ਜਾਂਦੀ ਹੈ। ਓਟਵਾ ਅਤੇ ਮਾਂਟਰੀਅਲ ਦੇ ਇਲਾਕਿਆਂ ਵਿੱਚ ਸੋਮਵਾਰ ਤੋਂ ਸ਼ੁਰੂ ਹੋ ਕੇ ਮੰਗਲਵਾਰ ਸ਼ਾਮ ਤੱਕ ਬਰਫ਼ੀਲੀ ਬਾਰਿਸ਼ ਨਾਲ ਲਗਭਗ 15 ਮਿਲੀਮੀਟਰ ਤੱਕ ਬਰਫ਼ ਜੰਮ ਸਕਦੀ ਹੈ।

* ਬਾਕੀ ਸਫ਼ਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ

ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131

Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7


BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW
PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS

Harjit Brar
Sales Representative
416-417-6010

ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Ph: 905-456-9090

Vik Mehmi
Broker
416-500-6262

# ਅਮਰੀਕਾ 'ਚ ਪ੍ਰਵਾਸੀਆਂ ਨੂੰ ਹੋਵੇਗੀ 3,128 ਡਾਲਰ ਵਾਧੂ ਕਮਾਈ

ਨਿਊਯਾਰਕ : ਅਮਰੀਕਾ ਵਿਚ ਇੰਮੀਗ੍ਰੇਸ਼ਨ ਛਾਪਿਆਂ ਤੋਂ ਅੱਕੇ ਪ੍ਰਵਾਸੀਆਂ ਲਈ ਇਕ ਚੰਗੀ ਖ਼ਬਰ ਆਈ ਹੈ। ਜੀ ਹਾਂ, 1 ਜਨਵਰੀ ਤੋਂ 22 ਰਾਜਾਂ ਵਿਚ ਘੱਟੋ ਘੱਟ ਉਜਰਤ ਦਰਾਂ ਵਿਚ ਡੇਢ ਡਾਲਰ ਪ੍ਰਤੀ ਘੰਟਾ ਤੱਕ ਵਾਧਾ ਹੋ ਰਿਹਾ ਹੈ ਅਤੇ ਹਫ਼ਤੇ ਵਿਚ 40 ਘੰਟੇ ਕੰਮ ਕਰਨ ਵਾਲਿਆਂ ਨੂੰ ਔਸਤਨ 3,128 ਡਾਲਰ ਸਾਲਾਨਾ ਦੀ ਵਾਧੂ ਕਮਾਈ ਹੋਵੇਗੀ। ਤਨਖਾਹਾਂ ਵਿਚ ਵਾਧਾ ਅਜਿਹੇ ਗੁੰਝਲਦਾਰ ਸਮੇਂ ਦੌਰਾਨ ਸਮੇਂ ਦੌਰਾਨ ਹੋ ਰਿਹਾ ਹੈ ਜਦੋਂ ਅਮਰੀਕਾ ਵਿਚ ਮਹਿੰਗਾਈ ਦਰ ਵਧ ਕੇ 3 ਫ਼ੀ ਸਦੀ ਦੇ ਨੇੜੇ ਪੁੱਜ ਚੁੱਕੀ ਹੈ ਅਤੇ ਟਰੰਪ ਦੀਆਂ ਟੈਰਿਫ਼ਸ ਸਣੇ ਹੋਰਨਾਂ ਨੀਤੀਆਂ ਕਰ ਕੇ ਦਰਮਿਆਨ ਉਦਯੋਗਾਂ ਨੂੰ ਸੰਘਰਸ਼ ਕਰਨਾ ਪੈ ਰਿਹਾ ਹੈ। ਕੁਝ ਸੂਬਾ ਸਰਕਾਰਾਂ ਆਪਣੇ ਕਿਰਤੀਆਂ ਨੂੰ ਵਿੱਤੀ ਔਕੜਾਂ ਵਿਚੋਂ ਬਾਹਰ ਕੱਢਣ ਲਈ ਅੱਗੇ ਆਈਆਂ ਹਨ ਅਤੇ ਲਗਾਤਰ 16ਵੇਂ ਸਾਲ ਫ਼ੈਡਰਲ ਮਿਨੀਮਮ ਵੇਜ ਸਵਾ ਸੱਤ ਡਾਲਰ 'ਤੇ ਹੀ ਕਾਇਮ ਰਹਿਣ ਦੇ ਬਾਵਜੂਦ, ਸੂਬਾ ਪੱਧਰੀ ਉਜਰਤ ਦਰਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ। ਵਾਸ਼ਿੰਗਟਨ ਸੂਬੇ ਵਿਚ 1 ਜਨਵਰੀ ਤੋਂ ਕਿਰਤੀਆਂ ਨੂੰ ਘੱਟੋ ਘੱਟ 17.13 ਡਾਲਰ ਪ੍ਰਤੀ ਘੰਟਾ ਮਿਹਨਤਾਨਾ ਮਿਲੇਗਾ ਪਰ ਜਾਰਜੀਆ ਅਤੇ ਵਾਇਓਮਿੰਗ ਵਿਚ ਵਸਦੇ ਕਿਰਤੀ ਐਨੀ ਖੁਸ਼ਕਿਸਮਤ ਨਹੀਂ ਜਿਥੇ ਘੱਟੋ ਘੱਟ ਉਜਰਤ ਦਰਾਂ ਫੈਡਰਲ ਰੇਟ ਤੋਂ ਵੀ ਹੇਠਾਂ ਚੱਲ ਰਹੀਆਂ ਹਨ। ਦੂਜੇ ਪਾਸੇ ਕੈਲੇਫੋਰਨੀਆ ਵਿਚ ਨਵੇਂ ਵਰ੍ਹੇ ਤੋਂ ਘੱਟੋ ਘੱਟ ਉਜਰਤ ਵਧਾ ਕੇ 16.90 ਡਾਲਰ ਕੀਤੀ ਜਾ ਰਹੀ ਹੈ ਜਦਕਿ ਐਰੀਜ਼ੋਨਾ ਵਿਚ ਘੱਟੋ ਘੱਟ ਮਿਹਨਤਾਨਾ 15.15 ਡਾਲਰ ਪ੍ਰਤੀ ਘੰਟਾ ਹੋ ਜਾਵੇਗਾ। ਇਸੇ ਤਰ੍ਹਾਂ ਕਨੈਕਟੀਕਟ ਵਿਖੇ 16.94 ਡਾਲਰ, ਮਿਸ਼ੀਗਨ ਵਿਖੇ 13.73 ਡਾਲਰ, ਮਿਨੇਸਟੋਾ ਵਿਖੇ 11.41 ਡਾਲਰ, ਨੇਬਰਾਸਕਾ ਵਿਖੇ 15 ਡਾਲਰ, ਨਿਊ ਜਰਸੀ ਵਿਖੇ 15.92 ਡਾਲਰ, ਨਿਊ ਯਾਰਕ ਵਿਖੇ 17 ਡਾਲਰ, ਓਹਾਇਓ ਵਿਖੇ 11 ਡਾਲਰ, ਰੋਡ ਆਇਲੈਂਡ ਵਿਖੇ 16 ਡਾਲਰ, ਸਾਊਥ ਡੈਕੋਟਾ ਵਿਖੇ 11.85 ਡਾਲਰ, ਵਰਮੌਂਟ ਵਿਖੇ 14.42 ਡਾਲਰ ਅਤੇ ਵਰਜੀਨੀਆ ਵਿਚ ਕਿਰਤੀਆਂ ਨੂੰ ਘੱਟੋ ਘੱਟ 12.77 ਡਾਲਰ ਪ੍ਰਤੀ ਘੰਟਾ ਉਜਰਤ ਦਰ ਮਿਲੇਗੀ। ਫਲੋਰੀਡਾ ਵਿਚ ਵੀ ਕਿਰਤੀਆਂ ਨੂੰ ਫਾਇਦਾ ਹੋਵੇਗਾ ਪਰ ਗਵਰਨਰ ਰੌਨ ਡਿਸੈਂਟਿਸ ਵੱਲੋਂ ਘੱਟੋ ਘੱਟ ਉਜਰਤ ਦਰਾਂ ਵਿਚ ਵਾਧਾ 30 ਸਤੰਬਰ 2026 ਤੋਂ ਲਾਗੂ ਕਰਨ ਦਾ ਐਲਾਨ ਕੀਤਾ ਗਿਆ ਹੈ। ਦੂਜੇ ਪਾਸੇ ਰੀਅਲ ਅਸਟੇਟ ਇਨਵੈਸਟਰ ਗ੍ਰਾਂਟ ਕਾਰਡੋਨੇ ਦਾ ਕਹਿਣਾ ਸੀ ਕਿ ਸੂਬਾ ਪੱਧਰ 'ਤੇ ਉਜਰਤ ਦਰਾਂ ਵਧਣ ਨਾਲ ਬਹੁਤਾ ਫਾਇਦਾ ਨਹੀਂ ਹੋਣਾ। ਸੂਬਾ ਸਰਕਾਰਾਂ ਸਿਆਸੀ ਲਾਹਾ ਲੈਣ ਖਾਤਰ ਅਜਿਹੇ ਹਥਕੰਡਾ ਅਪਣਾਅ ਰਹੀਆਂ ਹਨ। ਕਾਰਡੋਨੇ ਕੈਪੀਟਲ ਦੇ ਮਾਲਕ ਗ੍ਰਾਂਟ ਨੇ ਦੱਸਆ ਕਿ ਕੈਲੇਫ਼ੋਰਨੀਆ, ਨਿਊ ਯਾਰਕ ਅਤੇ ਵਾਸ਼ਿੰਗਟਨ ਰਾਜਾਂ ਵਿਚ ਉਚਾ ਵਾਧਾ ਦੇਖਣ ਨੂੰ ਮਿਲਿਆ ਹੈ ਜਿਥੇ ਗੈਰਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਹੋਰਨਾਂ ਰਾਜਾਂ ਦੇ ਮੁਕਾਬਲੇ ਜ਼ਿਆਦਾ ਬਣਦੀ ਹੈ। ਇਨ੍ਹਾਂ ਕੈਲੇਫੋਰਨੀਆ ਅਤੇ ਵਾਸ਼ਿੰਗਟਨ ਉਤੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਨਿਯਮਾਂ ਤੋਂ ਬਾਹਰ ਜਾ ਕੇ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਜਾਰੀ ਕਰਨ ਦੇ ਦੋਸ਼ ਵੀ ਲੱਗੇ ਚੁੱਕੇ ਹਨ। ਗ੍ਰਾਂਟ ਨੇ ਦਲੀਲ ਦਿਤੀ ਕਿ ਵੱਡੀਆਂ ਕੰਪਨੀਆਂ ਸੰਭਾਵਤ ਤੌਰ 'ਤੇ ਉਜਰਤ ਦਰਾਂ ਵਿਚ ਵਾਧਾ ਬਰਦਾਸ਼ਤ ਕਰ ਸਕਦੀਆਂ ਹਨ ਪਰ ਸਾਧਾਰਣ ਦੁਕਾਨਦਾਰਾਂ ਵਾਸਤੇ ਇਹ ਵਾਧਾ ਬਰਦਾਸ਼ਤ ਕਰਨਾ ਬੇਹੱਦ ਮੁਸ਼ਕਲ ਹੈ। ਕੁਲ ਮਿਲਾ ਕੇ ਸੁਨੇਹਾ ਬਿਲਕੁਲ ਸਪੱਸ਼ਟ ਹੈ ਕਿ ਛੋਟੇ ਕਾਰੋਬਾਰੀ ਦਰੜੇ ਜਾਣਗੇ ਅਤੇ ਵੱਡਿਆਂ ਨੂੰ ਬਹੁਤਾ ਫ਼ਰਕ ਨਹੀਂ ਪੈਣਾ।

# ਲਾਪਤਾ ਪਾਵਨ ਸਰੂਪ ਮਾਮਲਾ: ਐਡਵੋਕੇਟ ਧਾਮੀ ਵੱਲੋਂ ਮੁੱਖ ਮੰਤਰੀ ਮਾਨ ਦੇ ਦੋਸ਼ਾਂ ਦਾ ਤਿੱਖਾ ਜਵਾਬ





ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲਾਏ ਦੋਸ਼ਾਂ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਇਸ ਮਾਮਲੇ ਵਿੱਚ 16 ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਪਹਿਲਾਂ ਹੀ ਸਖ਼ਤ ਕਾਰਵਾਈ ਕੀਤੀ ਜਾ ਚੁੱਕੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਮਾਮਲਾ ਸਰੂਪਾਂ ਦੇ ਲਾਪਤਾ ਹੋਣ ਦਾ ਨਹੀਂ ਬਲਕਿ ਪ੍ਰਬੰਧਕੀ 'ਹੇਰਾਫੇਰੀ' ਦਾ ਸੀ। ਉਨ੍ਹਾਂ ਅਦਾਲਤੀ ਦਸਤਾਵੇਜ਼ਾਂ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਖ਼ੁਦ ਸਰਕਾਰ ਪਹਿਲਾਂ ਅਦਾਲਤ ਵਿੱਚ ਇਹ ਮੰਨ ਚੁੱਕੀ ਹੈ ਕਿ ਸ਼੍ਰੋਮਣੀ ਕਮੇਟੀ ਆਪਣੇ ਫ਼ੈਸਲੇ ਲੈਣ ਦੇ ਪੂਰੀ ਤਰ੍ਹਾਂ ਸਮਰੱਥ ਹੈ, ਪਰ ਹੁਣ ਅਚਾਨਕ ਪੁਲੀਸ ਕੇਸ ਦਰਜ ਕਰਨਾ ਸਰਕਾਰ ਦੀ ਗਲਤ ਮਨਸ਼ਾ ਨੂੰ ਜ਼ਾਹਿਰ ਕਰਦਾ ਹੈ। ਧਾਮੀ ਨੇ ਸਰਕਾਰ 'ਤੇ ਲੋਕਾਂ ਨੂੰ ਗੁਮਰਾਹ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਕਿਸੇ ਵੀ ਦੋਸ਼ੀ ਕਰਮਚਾਰੀ ਨੂੰ ਬਚਾ ਨਹੀਂ ਰਹੀ, ਕਿਉਂਕਿ ਬਰਖ਼ਾਸਤ ਕੀਤੇ ਗਏ ਵਿਅਕਤੀਆਂ ਨਾਲ ਹੁਣ ਸੰਸਥਾ ਦਾ ਕੋਈ ਲੈਣ-ਦੇਣ ਨਹੀਂ ਹੈ। ਉਨ੍ਹਾਂ ਸਵਾਲ ਉਠਾਇਆ ਕਿ ਜੇਕਰ 22 ਹਜ਼ਾਰ ਕਰਮਚਾਰੀਆਂ ਵਾਲੀ ਵੱਡੀ ਸੰਸਥਾ ਦੇ ਪ੍ਰਬੰਧ ਵਿੱਚ ਕੋਈ ਖ਼ਾਮੀ ਆਉਂਦੀ ਹੈ, ਤਾਂ ਇਸ ਦਾ ਮਤਲਬ ਇਹ ਨਹੀਂ ਕਿ ਸਰਕਾਰ ਸਿੱਖ ਸੰਸਥਾ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਕਰੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਆਪਣੇ ਪ੍ਰਬੰਧਕੀ ਕਾਰਜਾਂ ਅਤੇ ਅਨੁਸ਼ਾਸਨੀ ਕਾਰਵਾਈਆਂ ਲਈ ਕਿਸੇ ਬਾਹਰੀ ਦਖ਼ਲ ਦੀ ਮੁਹਤਾਜ ਨਹੀਂ ਹੈ ਅਤੇ ਸਰਕਾਰ ਵੱਲੋਂ ਕੀਤੀ ਗਈ ਪੁਲੀਸ ਕਾਰਵਾਈ ਸਿਰਫ਼ ਸਿੱਖ ਸੰਸਥਾ ਨੂੰ ਬਦਨਾਮ ਕਰਨ ਦੀ

## ਪੇਜ ਇੱਕ ਦੀ ਬਾਕੀ

## VB-ਜੀ ਰਾਮ ਜੀ'...

ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਮੰਤਰੀ ਸੌਂਦ ਨੇ ਕਿਹਾ ਕਿ ਮਨਰੇਗਾ ਗਰੀਬ ਪਰਿਵਾਰਾਂ ਦੀ ਇਕ ਸਮੇਂ ਦੀ ਰੋਟੀ ਲਈ ਆਖ਼ਰੀ ਸਹਾਰਾ ਸੀ। ਭਗਵੰਤ ਮਾਨ ਨੇ ਕਿਹਾ ਕਿ "ਜਦੋਂ ਤੋਂ ਇਹ ਖ਼ਬਰ ਆਈ ਹੈ ਕਿ ਮੋਦੀ ਸਰਕਾਰ ਮਨਰੇਗਾ ਨੂੰ ਖਤਮ ਕਰ ਰਹੇ ਹਨ, ਲੋਕਾਂ ਵਿੱਚ ਰੋਸ ਹੈ। ਹੜ੍ਹਾਂ ਦੇ ਬਾਵਜੂਦ, ਅਸੀਂ 12.5 ਮਿਲੀਅਨ ਮੀਟ੍ਰਿਕ ਟਨ ਮੁਹੱਈਆ ਕਰਵਾ ਰਹੇ ਹਾਂ। ਹਾਲਾਂਕਿ, ਸਾਨੂੰ ਫੰਡ ਨਹੀਂ ਮਿਲ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸੀ ਵਿਧਾਇਕ ਪਰਗਟ ਸਾਨੂੰ ਏ ਅਤੇ ਬੀ ਟੀਮਾਂ ਕਹਿੰਦੇ ਹਨ। ਅਸੀਂ ਜਨਤਾ ਦੀ ਏ ਟੀਮ ਹਾਂ। ਅਸੀਂ ਉਹ ਟੀਮ ਹਾਂ ਜੋ ਦੇਸ਼ ਦਾ ਸਕੋਰ ਵਧਾਉਣ ਵਿੱਚ ਮਦਦ ਕਰਦੀ ਹੈ। ਤੁਹਾਡੀ ਪੂਰੀ ਟੀਮ ਮੋਦੀ ਦੇ ਘਰ ਦੇ ਇੱਕ ਕਿਲੋਮੀਟਰ ਦੇ ਘੇਰੇ ਵਿੱਚ ਰਹਿੰਦੀ ਹੈ।"ਇਸ ਤੋਂ ਇਲਾਵਾ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ, "ਅਸੀਂ ਵੀ.ਬੀ.-ਜੀ ਰਾਮ ਜੀ ਐਕਟ ਦੀ ਨਿੰਦਾ ਕਰਦੇ ਹਾਂ ਅਤੇ ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਅਸੀਂ ਇਸ ਕਾਨੂੰਨ ਨੂੰ ਪੰਜਾਬ ਵਿਚ ਲਾਗੂ ਨਹੀਂ ਹੋਣ ਦੇਵਾਂਗੇ ਕਿਉਂਕਿ ਅਸੀਂ ਗਰੀਬਾਂ ਦੇ ਨਾਲ ਖੜ੍ਹੇ ਹਾਂ। ਇਸ ਤੋਂ ਪਹਿਲਾਂ ਫ਼ਾਜ਼ਿਲਕਾ ਤੋਂ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਮਗਨਰੇਗਾ ਮਜ਼ਦੂਰਾਂ ਦੇ ਹੱਕ 'ਚ ਵਿਧਾਨ ਸਭਾ 'ਚ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਕਿਹਾ ਕਿ ਬਾਰਡਰ ਏਰੀਏ 'ਚ ਮਗਨਰੇਗਾ ਤਹਿਤ ਹੋਣ ਵਾਲੇ ਸਾਰੇ ਕੰਮ ਪਹਿਲਾਂ ਹੀ ਕੇਂਦਰ ਨੇ ਬੰਦ ਕਰ ਦਿੱਤੇ ਹਨ। ਉਨ੍ਹਾਂ ਆਪਣੇ ਹਲਕੇ ਦੇ ਮਜ਼ਦੂਰਾਂ ਦਾ ਵਿਰੋਧ ਦਰਜ ਕਰਵਾਇਆ ਤੇ ਕੇਂਦਰ ਦੇ ਵੀ.ਬੀ.-ਜੀ ਰਾਮ ਜੀ ਦੀ ਨਿਖੇਧੀ ਕੀਤੀ।

## ਪਟੜੀ ਤੋਂ ਉਤਰੀ ਰੇਲਗੱਡੀ...

ਨੇ ਸੋਗ ਪ੍ਰਗਟ ਕੀਤਾ ਹੈ। ਆਪਣੇ ਐਕਸ ਹੈਂਡਲ 'ਤੇ ਇੱਕ ਪੋਸਟ ਵਿੱਚ, ਉਨ੍ਹਾਂ ਕਿਹਾ ਕਿ ਜਲ ਸੈਨਾ ਨੇ 13 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਸੀਨੀਅਰ ਅਧਿਕਾਰੀਆਂ ਨੂੰ ਮੌਕੇ 'ਤੇ ਜਾਣ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਦੀ ਮਦਦ ਕਰਨ ਦੇ ਨਿਰਦੇਸ਼ ਦਿੱਤੇ ਹਨ।ਰਾਸ਼ਟਰਪਤੀ ਨੇ ਕਿਹਾ ਕਿ ਸਰਕਾਰੀ ਰਾਹਤ ਅਤੇ ਬਚਾਅ ਏਜੰਸੀਆਂ ਨੂੰ ਘਟਨਾ ਸਥਾਨ 'ਤੇ ਭੇਜ ਦਿੱਤਾ ਗਿਆ ਹੈ।

ਗਵਰਨਰ ਸੋਲੋਮਨ ਨੇ ਆਪਣੇ ਐਕਸ ਹੈਂਡਲ 'ਤੇ ਪੋਸਟ ਕੀਤੇ ਇੱਕ ਬਿਆਨ ਵਿੱਚ ਲਿਖਿਆ ਕਿ "ਸਿਉਦਾਦ ਇਕਸਟੇਪੇਕ ਦੇ ਜਨਰਲ ਹਸਪਤਾਲ ਵਿੱਚ ਗਿਆਰਾਂ ਲੋਕਾਂ ਦਾ ਇਲਾਜ ਕੀਤਾ ਜਾ ਰਿਹਾ ਹੈ। 22 ਜ਼ਖਮੀਆਂ ਨੂੰ ਜੁਚਿਟਾਨ ਦੇ ਜਨਰਲ ਹਸਪਤਾਲ ਭੇਜਿਆ ਗਿਆ ਹੈ, ਜਦੋਂ ਕਿ 29 ਜ਼ਖਮੀ ਯਾਤਰੀਆਂ ਨੂੰ ਮੈਟਿਆਸ ਰੋਮੇਰੋ ਦੇ ਆਈਐਮਐਸਐਸ ਜ਼ੋਨ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।ਗੰਭੀਰ ਰੂਪ ਵਿੱਚ ਜ਼ਖਮੀ ਹੋਏ ਪੰਜ ਲੋਕਾਂ ਨੂੰ ਟੇਹੁਆਂਟੇਪੇਕ ਜਨਰਲ ਹਸਪਤਾਲ ਲਿਜਾਇਆ ਗਿਆ। ਪੰਜ ਹੋਰਾਂ ਨੂੰ ਸਲੀਨਾ ਕਰੂਜ਼ ਜਨਰਲ ਹਸਪਤਾਲ ਵਿੱਚ ਤਬਦੀਲ ਕਰ ਦਿੱਤਾ ਗਿਆ।" ਇਸ ਹਾਦਸੇ 'ਚ 139 ਯਾਤਰੀ ਸੁਰੱਖਿਅਤ ਹਨ। 13 ਮ੍ਰਿਤਕਾਂ ਦੇ ਪਰਿਵਾਰਾਂ ਪ੍ਰਤੀ ਦਿਲੀ ਹਮਦਰਦੀ ਪ੍ਰਗਟ ਕਰਦੇ ਹੋਏ, ਰਾਜਪਾਲ ਨੇ ਕਿਹਾ ਕਿ ਸਰਕਾਰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ। ਦੱਸ ਦਈਏ ਕਿ ਇਹ ਰੇਲ ਸੇਵਾ ਸਾਲ 2023 ਵਿੱਚ ਸ਼ੁਰੂ ਹੋਈ ਸੀ ਅਤੇ ਸਰਕਾਰ ਰਣਨੀਤਕ ਮਹੱਤਵ ਦੇ ਦ੍ਰਿਸ਼ਟੀਕੋਣ ਤੋਂ ਇਸਨੂੰ ਹੋਰ ਵਿਕਸਤ ਕਰ ਰਹੀ ਹੈ।

## 160 ਫੁੱਟ ਡੂੰਘੀ ਖੱਡ...

ਤੋਂ ਰਾਮਨਗਰ ਜਾ ਰਹੀ ਸੀ। ਇਹ ਸਵੇਰੇ 6 ਵਜੇ ਦੇ ਕਰੀਬ ਦੁਆਰਹਾਟ ਤੋਂ ਰਵਾਨਾ ਹੋਈ ਜਦੋਂ ਇਸ ਨੇ ਕੰਟਰੋਲ ਗੁਆ ਦਿੱਤਾ ਅਤੇ ਇੱਕ ਡੂੰਘੀ ਖੱਡ ਵਿੱਚ ਡਿੱਗ ਗਈ। ਘਟਨਾ ਦੀ ਜਾਣਕਾਰੀ ਮਿਲਦੇ ਹੀ ਪ੍ਰਸ਼ਾਸਨ ਅਤੇ ਪੁਲਿਸ ਵਿਭਾਗ 'ਚ ਹੜਕੰਪ ਮੱਚ ਗਿਆ। ਪੁਲਿਸ ਦੇ ਨਾਲ SDRF ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਪਿੰਡ ਵਾਸੀਆਂ ਦੀ ਮਦਦ ਨਾਲ ਬਚਾਅ ਕਾਰਜ ਸ਼ੁਰੂ ਕੀਤਾ ਗਿਆ। ਇਸ ਹਾਦਸੇ ਵਿੱਚ ਸੱਤ ਲੋਕਾਂ ਦੀ ਮੌਤ ਹੋ ਗਈ, ਜਿਨ੍ਹਾਂ ਵਿੱਚ ਦੋ ਔਰਤਾਂ ਵੀ ਸ਼ਾਮਲ ਹਨ। ਬਾਰਾਂ ਹੋਰ ਗੰਭੀਰ ਜ਼ਖਮੀ ਹੋ ਗਏ ਹਨ ਅਤੇ ਉਨ੍ਹਾਂ ਨੂੰ ਨੇੜਲੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਹਾਦਸੇ ਵਾਲੀ ਥਾਂ ਜ਼ਿਲ੍ਹਾ ਹੈੱਡਕੁਆਰਟਰ ਤੋਂ ਲਗਭਗ 100 ਕਿਲੋਮੀਟਰ ਦੂਰ ਹੈ।

ਔਖੇ ਪਹਾੜੀ ਇਲਾਕੇ ਕਾਰਨ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਜ਼ਖਮੀਆਂ ਨੂੰ ਭਿਕੀਆਸੈਨ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਦੋ ਜ਼ਖਮੀਆਂ ਦੀ ਹਾਲਤ ਜ਼ਿਆਦਾ ਗੰਭੀਰ ਹੋਣ ਕਾਰਨ ਹੈਲੀਕਾਪਟਰ ਰਾਹੀਂ ਏਮਜ਼ ਰਿਸ਼ੀਕੇਸ਼ ਭੇਜਿਆ ਗਿਆ। ਹਾਦਸੇ ਵਿੱਚ ਮਰਨ ਵਾਲਿਆਂ ਵਿੱਚੋਂ ਪੰਜ ਅਲਮੋੜਾ ਜ਼ਿਲ੍ਹੇ ਦੇ ਹਨ, ਜਦੋਂ ਕਿ ਬਾਕੀ ਦੋ ਦੇ ਪਤਿਆਂ ਦੀ ਪੁਸ਼ਟੀ ਕੀਤੀ ਜਾ ਰਹੀ ਹੈ। ਹਾਦਸੇ ਵਿੱਚ ਜ਼ਖਮੀ ਹੋਏ ਸਾਰੇ 12 ਯਾਤਰੀ ਵੀ ਅਲਮੋੜਾ ਜ਼ਿਲ੍ਹੇ ਦੇ ਵਸਨੀਕ ਦੱਸੇ ਜਾ ਰਹੇ ਹਨ। ਉਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਹਾਦਸੇ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ।

## ਅਲਬਰਟਾ ਦੇ ਕੈਨੇਡਾ...

ਦੱਸਿਆ ਸੀ ਕਿ ਸਮੂਹ ਕੁਝ ਸਮੇਂ ਤੋਂ ਮੁਹਿੰਮ ਮੋਡ 'ਚ ਹੈ ਤੇ ਦਸਤਖਤਾਂ ਲਈ 240,000 ਵਾਅਦੇ ਹੋਣ ਦਾ ਦਾਅਵਾ ਕਰਦਾ ਹੈ। ਸਮੂਹ ਦੇ ਸਵਾਲ ਨੂੰ ਸੰਘੀ ਸਪੱਸ਼ਟਤਾ ਐਕਟ 'ਚ ਭਾਸ਼ਾ ਨੂੰ ਦਰਸਾਉਣ ਲਈ ਦੁਬਾਰਾ ਤਿਆਰ ਕੀਤਾ ਗਿਆ ਸੀ। ਸਮੂਹ ਨੇ ਪਹਿਲਾਂ ਪਿਛਲੇ ਜੁਲਾਈ 'ਚ ਵੱਖ ਹੋਣ 'ਤੇ ਇਕ ਜਨਮਤ ਸੰਗ੍ਰਹਿ ਸਵਾਲ ਦੀ ਪੈਰਵੀ ਕੀਤੀ ਸੀ, ਪਰ ਸਮੂਹ ਦੇ ਸਵਾਲ ਨੂੰ ਮੁੱਖ ਚੋਣ ਅਧਿਕਾਰੀ ਵੱਲੋਂ ਇਸਦੀ ਸੰਵਿਧਾਨਿਕਤਾ ਦਾ ਪਤਾ ਲਗਾਉਣ ਲਈ ਕੋਰਟ ਆਫ਼ ਕਿੰਗਜ਼ ਬੈਂਚ ਕੋਲ ਭੇਜਿਆ ਗਿਆ ਸੀ।

## ਅਮਰੀਕਾ-ਕੈਨੇਡਾ ਬਰਫ਼ੀਲੇ...

ਦੀ ਬਿਜਲੀ ਪੂਰਾ ਦਿਨ ਗੁੱਲ ਰਹੀ ਜਦਕਿ ਨਿਊ ਬ੍ਰਨਜ਼ਵਿਕ 2 ਹਜ਼ਾਰ ਘਰਾਂ ਵਿਚ ਬਿਜਲੀ ਸਪਲਾਈ ਬਹਾਲ ਕਰਨ ਦੇ ਯਤਨ ਕੀਤੇ ਜਾ ਰਹੇ ਸਨ। ਟੋਰਾਂਟੋ, ਲੰਡਨ, ਲੇਕ ਹਿਊਰਨ ਅਤੇ ਜਾਰਜੀਅਨ ਬੇਅ ਇਲਾਕਿਆਂ ਵਿਚ ਰਿਕਾਰਡਤੋੜ ਬਰਫ਼ਬਾਰੀ ਮਗਰੋਂ ਮੰਗਲਵਾਰ ਬਾਅਦ ਦੁਪਹਿਰ ਤੱਕ ਹਾਲਾਤ ਵਿਚ ਸੁਧਾਰ ਹੋਣ ਦੇ ਆਸਾਰ ਹਨ। ਪੀਅਰਸਨ ਇੰਟਰਨੈਸ਼ਨ ਏਅਰਪੋਰਟ ਵੱਲੋਂ ਮੁਸਾਫ਼ਰਾਂ ਨੂੰ ਸੁਝਾਅ ਦਿਤਾ ਗਿਆ ਹੈ ਕਿ ਫਲਾਈਟ ਦਾ ਸਟੇਟਸ ਚੈਕ ਕਰਨ ਤੋਂ ਬਾਅਦ ਹੀ ਹਵਾਈ ਅੱਡੇ ਵੱਲ ਰਵਾਨਾ ਹੋਣ ਦੇ ਯਤਨ ਕੀਤੇ ਜਾਣ। ਉਧਰ ਮੌਂਟਰੀਅਲ ਵਿਖੇ ਹਰ ਘੰਟੇ ਐਂਬੂਲੈਂਸ ਸੇਵਾ ਲਈ 100 ਤੋਂ ਵੱਧ ਕਾਲਜ਼ ਆ ਰਹੀਆਂ ਹਨ ਅਤੇ ਜ਼ਿਆਦਾਤਰ ਮਾਮਲੇ ਬਰਫ਼ਬਾਰੀ ਨਾਲ ਸਬੰਧਤ ਹਨ।

## ਟਰੰਪ ਪ੍ਰਸ਼ਾਸਨ ਵੱਲੋਂ 2026...

5 ਗੁਣਾ ਜ਼ਿਆਦਾ ਹੈ। ਇਸ ਬਜਟ ਵਿਚੋਂ ICE ਨੂੰ ਆਉਣ ਵਾਲੇ ਅਗਲੇ 3 ਸਾਲਾਂ ਵਿਚ 75 ਬਿਲੀਅਨ ਡਾਲਰ ਪ੍ਰਾਪਤ ਹੋਣਗੇ। ਇਸ ਦੇ ਨਾਲ-ਨਾਲ ਨਵੀਆਂ ਜੇਲ੍ਹਾਂ ਦਾ ਨਿਰਮਾਣ ਵੀ ਕੀਤਾ ਜਾਵੇਗਾ, ਜਿਸ ਉੱਤੇ 45 ਬਿਲੀਅਨ ਡਾਲਰ ਖਰਚ ਕਰਨ ਦਾ ਅਨੁਮਾਨ ਹੈ ਅਤੇ ਗੈਰ ਕਾਨੂੰਨੀ ਲੋਕਾਂ ਨੂੰ ਗ੍ਰਿਫ਼ਤਾਰ ਕਰਕੇ ਦੇਸ਼ ਨਿਕਾਲੇ ਦੇ ਕਾਰਜਾਂ ਲਈ 30 ਬਿਲੀਅਨ ਡਾਲਰ ਰੱਖੇ ਗਏ ਹਨ। ਇਸ ਫੰਡਿੰਗ ਨਾਲ ICE 10 ਹਜ਼ਾਰ ਨਵੇਂ ਅਧਿਕਾਰੀਆਂ ਨੂੰ ਵੀ ਨਿਯੁਕਤ ਕਰਨ ਦੀ ਯੋਜਨਾ ਬਣਾ ਰਿਹਾ ਹੈ, ਜਿਸ ਨਾਲ ICE ਹੋਰ ਵੀ ਸਖਤੀ ਨਾਲ ਕੰਮ ਕਰਨ ਦੇ ਕਾਬਲ ਹੋ ਜਾਵੇਗੀ। ਇਸ ਬਜਟ ਵਿਚ ਗੈਰ ਕਾਨੂੰਨੀ ਲੋਕਾਂ ਨੂੰ ਉਨ੍ਹਾਂ ਦੇ ਦੇਸ਼ਾਂ ਵਿਚ ਵਾਪਸ ਛੱਡਣ ਲਈ ਬੋਇੰਗ 737 ਸਮੇਤ ਨਵੇਂ ਜਹਾਜ਼ ਵੀ ਖਰੀਦੇ ਜਾ ਰਹੇ ਹਨ।2026 ਵਿਚ ਟਰੰਪ ਪ੍ਰਸ਼ਾਸਨ ਵੱਲੋਂ ਗੈਰ ਕਾਨੂੰਨੀ ਲੋਕਾਂ ਦੀਆਂ ਗ੍ਰਿਫਤਾਰੀਆਂ ਵਿਚ ਵੱਡਾ ਵਾਧਾ ਕੀਤਾ ਜਾ ਰਿਹਾ ਹੈ। ICE ਵੱਲੋਂ ਛਾਪੇਮਾਰੀ ਵਧਾਈ ਜਾ ਰਹੀ ਹੈ।

ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇੰਮੀਗ੍ਰੇਸ਼ਨ ਸਰਵਿਸਿਜ਼ ਵੱਲੋਂ ਇੱਥੇ ਹੁਣ ਸਿਟੀਜ਼ਨਸ਼ਿਪ ਪ੍ਰਾਪਤ ਲੋਕਾਂ 'ਤੇ ਵੀ ਨਕੇਲ ਕੱਸੀ ਜਾ ਰਹੀ ਹੈ। ਪ੍ਰਸ਼ਾਸਨ ਵੱਲੋਂ ਇਹ ਨਿਰਦੇਸ਼ ਦਿੱਤੇ ਗਏ ਹਨ ਕਿ ਘੱਟੋ-ਘੱਟ ਪ੍ਰਤੀ ਮਹੀਨਾ 100 ਤੋਂ 200 ਸਿਟੀਜ਼ਨਸ਼ਿਪ ਪ੍ਰਾਪਤ ਅਪਰਾਧਿਕ ਕਿਸਮ ਦੇ ਲੋਕਾਂ ਦੀਆਂ ਸਿਟੀਜ਼ਨਸ਼ਿਪ ਰੱਦ ਕੀਤੀਆਂ ਜਾਣ।

## ਅਮਰੀਕਾ ਤੋਂ ਕੈਨੇਡਾ ਦਾਖ਼ਲ...

ਆਰ.ਸੀ.ਐਮ.ਪੀ. ਵੱਲੋਂ ਜਲਦ ਹੀ ਇਨ੍ਹਾਂ ਪ੍ਰਵਾਸੀਆਂ ਨੂੰ ਅਮਰੀਕਾ ਦੇ ਬਾਰਡਰ ਏਜੰਟਾਂ ਦੇ ਸਪੁਰਦ ਕੀਤਾ ਜਾ ਸਕਦਾ ਹੈ। ਦੂਜੇ ਪਾਸੇ ਆਰ.ਸੀ.ਐਮ.ਪੀ. ਵੱਲੋਂ ਕਸਟਮਜ਼ ਐਕਟ ਦੀ ਧਾਰ 117 ਅਧੀਨ ਇਕ ਹੋਰ ਸ਼ੱਕੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ ਜੋ ਸੰਭਾਵਤ ਤੌਰ 'ਤੇ ਇਨ੍ਹਾਂ ਪ੍ਰਵਾਸੀਆਂ ਨੂੰ ਟਿਕਾਣੇ 'ਤੇ ਪਹੁੰਚਾਉਣ ਦੇ ਇਰਾਦੇ ਨਾਲ ਗੱਡੀ ਸਣੇ ਬਰਫ਼ੀਲੀ ਰਾਤ ਵਿਚ ਉਥੇ ਮੌਜੂਦ ਸੀ।

ਪ੍ਰਵਾਸੀਆਂ ਦਾ ਗਰੁੱਪ ਕੈਨੇਡਾ ਵਿਚ ਅਸਾਇਲਮ ਮੰਗ ਰਿਹਾ ਹੈ ਪਰ ਫ਼ਿਲਹਾਲ ਇਸ ਬਾਰੇ ਵਿਸਤਾਰਤ ਜਾਣਕਾਰੀ ਹਾਸਲ ਨਹੀਂ ਹੋ ਸਕੀ। ਆਰ.ਸੀ.ਐਮ.ਪੀ. ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਅੰਤਾਂ ਦੀ ਸਰਦੀ ਵਿਚ ਗੈਰਕਾਨੂੰਨੀ ਤਰੀਕੇ ਨਾਲ ਬਾਰਡਰ ਪਾਰ ਕਰਨਾ ਬੇਹੱਦ ਖ਼ਤਰਨਾਕ ਸਾਬਤ ਹੋ ਸਕਦਾ ਹੈ ਅਤੇ ਨਿਗਰਾਨੀ ਕਰ ਰਹੇ ਬਾਰਡਰ ਅਫ਼ਸਰਾਂ ਵਾਸਤੇ ਵੀ ਮੁਸ਼ਕਲਾਂ ਪੈਦਾ ਹੋ ਸਕਦੀਆਂ ਹਨ। ਬਰਫ਼ਬਾਰੀ ਹੋਣ ਕਰ ਕੇ ਇਲਾਕੇ ਨੂੰ ਸੁਰੱਖਿਅਤ ਪਾਰ ਕਰਨਾ ਸੌਖਾ ਨਹੀਂ, ਖ਼ਾਸ ਤੌਰ 'ਤੇ ਬੱਚਿਆਂ ਦੀ ਮੌਜੂਦਗੀ ਹਾਲਾਤ ਹੋਰ ਗੰਭੀਰ ਬਣਾ ਦਿੰਦੀ ਹੈ। ਦੱਸ ਦੇਈਏ ਕਿ ਨਿਊ ਯਾਰਕ ਸੂਬੇ ਰਾਹੀਂ ਕੈਨੇਡਾ ਵਿਚ ਦਾਖਲ ਹੋਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿਚ ਕਮੀ ਆਈ ਹੈ ਪਰ ਅਮਰੀਕਾ ਦੇ ਨੌਰਥ ਡੈਕੋਟਾ ਅਤੇ ਮਿਨੇਸੋਟਾ ਰਾਜਾਂ ਦੀ ਕੈਨੇਡਾ ਦੇ ਸਸਕੈਚਵਨ, ਮੈਨੀਟੋਬਾ ਤੇ ਉਨਟਾਰੀਓ ਰਾਜਾਂ ਨਾਲ ਲਗਦੀ 1,400 ਕਿਲੋਮੀਟਰ ਲੰਮੀ ਸਰਹੱਦ ਨੂੰ ਵੀ ਨਾਜਾਇਜ਼ ਪ੍ਰਵਾਸ ਲਈ ਵਰਤਿਆ ਜਾਂਦਾ ਹੈ।

ਦਿਲਚਸਪ ਤੱਥ ਇਹ ਵੀ ਹੈ ਕਿ ਕਿਸੇ ਵੇਲੇ ਕੈਨੇਡਾ ਤੋਂ ਅਮਰੀਕਾ ਵੱਲ ਗੈਰਕਾਨੂੰਨੀ ਪ੍ਰਵਾਸ ਦਾ ਰੁਝਾਨ ਜ਼ਿਆਦਾ ਸੀ ਪਰ ਡੌਨਲਡ ਟਰੰਪ ਦੇ ਸੱਤਾ ਵਿਚ ਆਉਣ ਮਗਰੋਂ ਹਾਲਾਤ ਬਿਲਕੁਲ ਉਲਟੇ ਹੋ ਗਏ। ਹੁਣ ਅਮਰੀਕਾ ਤੋਂ ਕੈਨੇਡਾ ਵੱਲ ਜਾਣ ਵਾਲਿਆਂ ਨੂੰ ਜ਼ਿਆਦਾਤਰ ਮੌਕਿਆਂ 'ਤੇ ਮੁੜ ਬਾਰਡਰ ਏਜੰਟਾਂ ਦੇ ਸਪੁਰਦ ਕਰ ਦਿਤਾ ਜਾਂਦਾ ਹੈ ਅਤੇ ਅੱਗੇ ਆਈਸ ਵਾਲੇ ਅਜਿਹੇ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਪ੍ਰਕਿਰਿਆ ਆਰੰਭ ਦਿੰਦੇ ਹਨ। ਕੈਨੇਡਾ ਵਿਚ ਸੀ-12 ਕਾਨੂੰਨ ਪਾਸ ਹੋਣ ਮਗਰੋਂ ਨਾਜਾਇਜ਼ ਤਰੀਕੇ ਨਾਲ ਬਾਰਡਰ ਪਾਰ ਕਰਨ ਵਾਲਿਆਂ ਕੋਲ ਪਨਾਹ ਮੰਗਣ ਦਾ ਹੱਕ ਵੀ ਨਹੀਂ ਰਹਿ ਜਾਵੇਗਾ ਅਤੇ ਸਿੱਧੇ ਤੌਰ 'ਤੇ ਡਿਪੋਰਟ ਕੀਤੇ ਜਾ ਸਕਣਗੇ।

## ਕੈਨੇਡਾ ਦੇ ਜ਼ਿਆਦਾਤਰ ਪੂਰਬੀ...

ਇਸ ਦੇ ਨਾਲ ਹੀ ਹਵਾਵਾਂ ਦੀ ਰਫ਼ਤਾਰ 70 ਕਿਲੋਮੀਟਰ ਪ੍ਰਤੀ ਘੰਟਾ ਤੱਕ ਹੋ ਸਕਦੀ ਹੈ, ਜਦਕਿ ਮੌਂਟਰੀਅਲ ਅਤੇ ਟਾਪੂ ਦੇ ਪੱਛਮੀ ਹਿੱਸਿਆਂ ਵਿੱਚ ਹਵਾਵਾਂ ਦੀ ਰਫ਼ਤਾਰ 90 ਕਿਲੋਮੀਟਰ ਪ੍ਰਤੀ ਘੰਟਾ ਤੱਕ ਹੋ ਸਕਦੀ ਹੈ। ਇਨਵਾਇਰਨਮੈਂਟ ਕੈਨੇਡਾ ਨੇ ਟੋਰਾਂਟੋ, ਲੰਡਨ ਅਤੇ ਲੇਕ ਹਿਊਰੌਨ ਤੇ ਜੌਰਜੀਅਨ ਬੇਅ ਦੇ ਇਲਾਕਿਆਂ ਵਿੱਚ ਭਿਆਨਕ ਬਰਫ਼ੀਲੇ ਤੂਫ਼ਾਨ ਵਰਗੀਆਂ ਸਥਿਤੀਆਂ ਦੀ ਚਿਤਾਵਨੀ ਦਿੱਤੀ ਹੈ। ਮੌਸਮ ਵਿਭਾਗ ਨੇ ਬਿਆਨ ਵਿਚ ਕਿਹਾ ਕਿ ਤੇਜ਼ ਹਵਾਵਾਂ ਦੇ ਨਾਲ ਬਰਫ਼ਬਾਰੀ ਤੋਂ ਬਾਅਦ ਤਾਪਮਾਨ ਵਿੱਚ ਤੇਜ਼ੀ ਨਾਲ ਗਿਰਾਵਟ ਆਏਗੀ, ਜਿਸ ਨਾਲ ਸੜਕਾਂ 'ਤੇ ਤਿਲਕਣ ਹੋ ਸਕਦੀ ਹੈ ਅਤੇ ਯਾਤਰਾ ਕਰਨਾ ਖ਼ਤਰਨਾਕ ਹੋ ਸਕਦਾ ਹੈ। ਮੌਸਮ ਵਿਭਾਗ ਅਨੁਸਾਰ ਹਵਾਵਾਂ 70 ਤੋਂ 90 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲਣ ਦੀ ਸੰਭਾਵਨਾ ਹੈ।

ਉੱਤਰੀ ਓਂਟਾਰੀਓ ਅਤੇ ਕਿਊਬੈਕ ਵਿੱਚ ਵੀ ਭਿਆਨਕ ਬਰਫ਼ੀਲੇ ਤੂਫ਼ਾਨ ਵਰਗੀਆਂ ਸਥਿਤੀਆਂ ਦੀ ਉਮੀਦ ਹੈ। ਓਨਟੇਰਿਓ ਦੇ ਸੂ ਸੇਂਟ ਮੈਰੀ ਅਤੇ ਟਿਮਿਨਜ਼ ਅਤੇ ਕਿਊਬੈਕ ਦੇ ਵੈਲ ਡ'ਓਰ ਵਰਗੇ ਇਲਾਕਿਆਂ ਵਿੱਚ ਭਾਰੀ ਬਰਫ਼ਬਾਰੀ ਅਤੇ ਤੇਜ਼ ਹਵਾਵਾਂ ਚੱਲਣਗੀਆਂ। ਕਿਊਬੈਕ ਵਿੱਚ ਸੇਂਟ ਲਾਰੈਂਸ ਦਰਿਆ ਦੇ ਪੂਰਬੀ ਹਿੱਸੇ ਦੇ ਉੱਤਰੀ ਅਤੇ ਦੱਖਣੀ ਕੰਢਿਆਂ 'ਤੇ 40 ਤੋਂ 60 ਸੈਂਟੀਮੀਟਰ ਤੱਕ ਬਰਫ਼ ਪੈ ਸਕਦੀ ਹੈ।

ਨੋਵਾ ਸਕੋਸ਼ੀਆ ਦੇ ਉੱਤਰੀ ਹਿੱਸਿਆਂ, ਖਾਸ ਕਰਕੇ ਸੂਬੇ ਦੇ ਉੱਤਰੀ-ਪੂਰਬੀ ਸਿਰੇ 'ਤੇ, ਬਹੁਤ ਹੀ ਜ਼ਿਆਦਾ ਤੇਜ਼ ਹਵਾਵਾਂ ਦੀ ਚਿਤਾਵਨੀ ਦਿੱਤੀ ਗਈ ਹੈ। ਇੱਥੇ ਹਵਾਵਾਂ ਦੀ ਰਫ਼ਤਾਰ 140 ਕਿਲੋਮੀਟਰ ਪ੍ਰਤੀ ਘੰਟਾ ਤੱਕ ਪਹੁੰਚ ਸਕਦੀ ਹੈ।

## ਮੁੱਖ ਮੰਤਰੀ ਮਾਨ ਨੇ ...

ਅਤੇ ਸਿੱਖ ਭਾਈਚਾਰਾ ਡੂੰਘੇ ਸਦਮੇ ਵਿੱਚ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪ ਲਾਪਤਾ ਹੋਣ ਦੇ ਮਾਮਲੇ ਵਿੱਚ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਥਕ ਸੰਗਠਨਾਂ ਅਤੇ ਸੰਤ ਸਮਾਜ ਨੇ ਲੰਬੇ ਸਮੇਂ ਤੋਂ ਇਸ ਸਬੰਧ ਵਿੱਚ ਕਾਰਵਾਈ ਦੀ ਮੰਗ ਕੀਤੀ ਹੈ ਅਤੇ ਇਸ ਮਕਸਦ ਲਈ ਸੂਬਾ ਸਰਕਾਰ ਤੱਕ ਵੀ ਪਹੁੰਚ ਕੀਤੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਪਣੀ ਨੈਤਿਕ ਜ਼ਿੰਮੇਵਾਰੀ ਤਹਿਤ ਸੂਬਾ ਸਰਕਾਰ ਨੇ ਇਸ ਸਬੰਧ ਵਿੱਚ ਐਫ.ਆਈ.ਆਰ. ਦਰਜ ਕੀਤੀ ਹੈ ਅਤੇ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਐਫ.ਆਈ.ਆਰ. ਤੋਂ ਤੁਰੰਤ ਬਾਅਦ ਆਪਣੇ ਆਕਾਵਾਂ ਦੇ ਨਿਰਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਨੇ ਪ੍ਰੈਸ ਨੂੰ ਜਾਣਕਾਰੀ ਦੇਣੀ ਸ਼ੁਰੂ ਕਰ ਦਿੱਤੀ ਹੈ ਅਤੇ ਧਾਰਮਿਕ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਲਈ ਸੂਬਾ ਸਰਕਾਰ ਵਿਰੁੱਧ ਜ਼ਹਿਰ ਉਗਲਦੇ ਹੋਏ ਦੋਸ਼ਾਂ ਦਾ ਖੰਡਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਮੁਖੀ ਨੇ ਮੰਨਿਆ ਹੈ ਕਿ ਸ਼੍ਰੋਮਣੀ ਕਮੇਟੀ ਵਿੱਚ ਰੋਜ਼ਾਨਾ 10-12 ਘੁਟਾਲੇ ਹੁੰਦੇ ਹਨ, ਜੋ ਦਰਸਾਉਂਦੇ ਹਨ ਕਿ ਸ਼ਰਧਾਲੂਆਂ ਦੁਆਰਾ ਚੜ੍ਹਾਏ ਗਏ ਗੋਲਕ ਦੇ ਪੈਸੇ ਦੀ ਦੁਰਵਰਤੋਂ ਹੁੰਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਅੰਤਰਿਮ ਕਮੇਟੀ ਨੇ 2020 ਦੌਰਾਨ ਆਪਣੀ ਮੀਟਿੰਗ ਵਿੱਚ ਕਮੇਟੀ ਦੇ ਦੋਸ਼ੀ ਕਰਮਚਾਰੀਆਂ ਅਤੇ ਪ੍ਰਕਾਸ਼ਕਾਂ ਵਿਰੁੱਧ ਇਸੇ ਮਾਮਲੇ ਵਿੱਚ ਸਖ਼ਤ ਕਾਰਵਾਈ ਕਰਨ ਦਾ ਮਤਾ ਪਾਸ ਕੀਤਾ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਕਈ ਬੇਨਿਯਮੀਆਂ ਦੇ ਬਾਵਜੂਦ ਇਸ ਸਬੰਧ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਗਈ, ਹਾਲਾਂਕਿ ਸ਼੍ਰੋਮਣੀ ਕਮੇਟੀ ਨੇ ਪਹਿਲਾਂ ਖ਼ੁਦ ਸਾਬਕਾ ਮੁੱਖ ਸਕੱਤਰ ਡਾ. ਰੂਪ ਸਿੰਘ ਵਰਗੇ ਧਨਾਢਾਂ ਵਿਰੁੱਧ ਅਪਰਾਧਿਕ ਮਾਮਲੇ ਦਰਜ ਕਰਨ ਲਈ ਮਤਾ ਪਾਸ ਕੀਤਾ ਸੀ। ਉਨ੍ਹਾਂ ਕਿਹਾ ਕਿ ਐਸ.ਐਸ. ਕੋਹਲੀ ਐਂਡ ਐਸੋਸੀਏਟਸ (ਚਾਰਟਰਡ ਅਕਾਊਂਟੈਂਟ ਫਰਮ) ਨਾਲ ਸਾਰੀਆਂ ਸੇਵਾਵਾਂ ਖ਼ਤਮ ਕਰਨ ਦਾ ਫੈਸਲਾ ਵੀ ਕੀਤਾ ਗਿਆ ਸੀ ਅਤੇ ਜ਼ਿੰਮੇਵਾਰੀ ਵਿੱਚ ਅਸਫ਼ਲ ਰਹਿਣ ਕਾਰਨ ਕੀਤੇ ਗਏ 75 ਫੀਸਦੀ ਭੁਗਤਾਨ ਦੀ ਵਸੂਲੀ ਨੂੰ ਪ੍ਰਵਾਨਗੀ ਵੀ ਦਿੱਤੀ ਗਈ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਿਉਂਕਿ ਕੋਹਲੀ ਅਕਾਲੀ ਆਗੂ ਸੁਖਬੀਰ ਸਿੰਘ ਬਾਦਲ ਦੇ ਸੀ.ਏ. ਵਜੋਂ ਵੀ ਸੇਵਾਵਾਂ ਨਿਭਾ ਰਿਹਾ ਸੀ, ਇਸ ਲਈ ਕਾਰਵਾਈ ਅਜੇ ਵੀ ਲਟਕ ਰਹੀ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਆਪਣੇ ਆਕਾਵਾਂ ਦੇ ਇਸ਼ਾਰੇ 'ਤੇ ਦਾਅਵਾ ਕਰਦੀ ਹੈ ਕਿ ਸੂਬਾ ਸਰਕਾਰ ਪੰਥ ਦੇ ਮਾਮਲਿਆਂ ਵਿੱਚ ਦਖ਼ਲ ਦੇ ਰਹੀ ਹੈ, ਜੋ ਕਿ ਸੱਚ ਨਹੀਂ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਨੇ ਦੋਸ਼ੀਆਂ ਵਿਰੁੱਧ ਅਪਰਾਧਿਕ ਕਾਰਵਾਈ ਲਈ ਮਤਾ ਪਾਸ ਕੀਤਾ ਹੈ, ਜਿਸ ਲਈ ਸੂਬਾ ਸਰਕਾਰ ਹੀ ਕਾਰਵਾਈ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਪਾਪ ਵਿੱਚ ਸ਼ਾਮਲ ਪ੍ਰਭਾਵਸ਼ਾਲੀ ਵਿਅਕਤੀਆਂ ਨੂੰ ਬਚਾਉਣ ਲਈ ਸ਼੍ਰੋਮਣੀ ਕਮੇਟੀ ਨੇ ਬਾਅਦ ਵਿੱਚ ਆਪਣੇ ਸਾਰੇ ਮਤੇ ਵਾਪਸ ਲੈ ਲਏ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਕਾਲੀ ਰਾਜ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ਨ ਦੇ ਸਾਰੇ ਅਧਿਕਾਰ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 (ਪੰਜਾਬ ਐਕਟ) ਰਾਹੀਂ ਸ਼੍ਰੋਮਣੀ ਕਮੇਟੀ ਨੂੰ ਦਿੱਤੇ ਗਏ ਸਨ ਪਰ ਹੁਣ ਜਦੋਂ ਸੂਬਾ ਸਰਕਾਰ ਇਨ੍ਹਾਂ ਸਰੂਪਾਂ ਦੀ ਬਰਾਮਦਗੀ ਨੂੰ ਯਕੀਨੀ ਬਣਾਉਣਾ ਚਾਹੁੰਦੀ ਹੈ ਤਾਂ ਜੋ ਕੋਈ ਬੇਅਦਬੀ ਜਾਂ ਇਸ ਤਰ੍ਹਾਂ ਦਾ ਕੋਈ ਹੋਰ ਘਿਨਾਉਣਾ ਅਪਰਾਧ ਨਾ ਹੋਵੇ ਤਾਂ ਇਹ ਲੋਕ ਇਸ ਨੂੰ ਧਾਰਮਿਕ ਰੰਗਤ ਦੇ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਹਰ ਤਾਕਤ ਚਾਹੁੰਦੀ ਹੈ ਪਰ ਲੋਕਾਂ ਪ੍ਰਤੀ ਜਵਾਬਦੇਹ ਨਹੀਂ ਬਣਨਾ ਚਾਹੁੰਦੀ। ਉਨ੍ਹਾਂ ਕਿਹਾ ਕਿ ਹੁਣ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਆਪਣੇ ਆਕਾਵਾਂ ਦੇ ਨੇੜਲਿਆਂ ਨੂੰ ਬਚਾਉਣ ਲਈ ਵਰਤਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਅਤੇ ਇਸ ਦੇ ਪ੍ਰਧਾਨ, ਅਕਾਲੀ ਲੀਡਰਸ਼ਿਪ ਦੇ ਹੱਥਾਂ ਦੀਆਂ ਕਠਪੁਤਲੀਆਂ ਹਨ, ਜੋ ਇਸ ਨੂੰ ਆਪਣੇ ਨਿੱਜੀ ਹਿੱਤਾਂ ਲਈ ਵਰਤ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਸਿੱਟ ਤੋਂ ਡਰਦੇ ਹਨ ਕਿਉਂਕਿ ਸ਼੍ਰੋਮਣੀ ਕਮੇਟੀ ਅਤੇ ਉਨ੍ਹਾਂ ਦੇ ਆਕਾ ਜਾਣਦੇ ਹਨ ਕਿ ਨਿਰਪੱਖ ਅਤੇ ਡੂੰਘਾਈ ਨਾਲ ਜਾਂਚ ਉਨ੍ਹਾਂ ਦੇ ਘਿਣਾਉਣੇ ਚਿਹਰੇ ਬੇਨਕਾਬ ਕਰੇਗੀ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਵੇਂ ਸ਼੍ਰੋਮਣੀ ਕਮੇਟੀ ਲਾਪਤਾ ਸਰੂਪਾਂ ਨੂੰ ਲੱਭਣ ਵਿੱਚ ਆਪਣੀ ਡਿਊਟੀ ਵਿੱਚ ਅਸਫ਼ਲ ਰਹੀ ਹੈ ਪਰ ਸੂਬਾ ਸਰਕਾਰ ਇਹ ਯਕੀਨੀ ਬਣਾਏਗੀ ਕਿ ਇਸ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਜ਼ਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਪਿਛਲੇ 14 ਸਾਲਾਂ ਤੋਂ ਇਸ ਮਾਣਮੱਤੀ ਸੰਸਥਾ ਦੀਆਂ ਚੋਣਾਂ ਨਹੀਂ ਹੋਈਆਂ ਹਨ ਅਤੇ ਇਨ੍ਹਾਂ ਆਗੂਆਂ ਨੇ ਕੇਂਦਰ ਸਰਕਾਰ ਤੋਂ ਇਸ ਦੀ ਮੰਗ ਵੀ ਨਹੀਂ ਕੀਤੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪਾਂ ਦੇ ਲਾਪਤਾ ਹੋਣ ਕਾਰਨ ਹਰ ਸਿੱਖ ਦੀ ਮਾਨਸਿਕਤਾ ਨੂੰ ਠੇਸ ਪਹੁੰਚੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਨੇ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਹੈਂਡਲਜ਼ 'ਤੇ ਮਹਾਨ ਸਿੱਖ ਗੁਰੂਆਂ ਦਾ ਕਾਰਟੂਨ ਪੋਸਟ ਕੀਤਾ ਸੀ ਪਰ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਕਿਉਂਕਿ ਸੂਬੇ ਦੀਆਂ ਚੋਣਾਂ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਕਾਲੀ ਆਗੂ ਸਿਰਫ਼ ਕੁਰਸੀ ਹਥਿਆਉਣਾ ਚਾਹੁੰਦੇ ਹਨ ਅਤੇ ਸੂਬੇ ਤੇ ਲੋਕਾਂ ਦੇ ਹਿੱਤਾਂ ਦੀ ਕੋਈ ਪਰਵਾਹ ਨਹੀਂ ਕਰਦੇ। ਮਿਸਾਲ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਕਾਲੀਆਂ ਨੇ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਦਾ ਦਰਜਾ ਦੇਣ, ਐਸ.ਵਾਈ.ਐਲ., ਕਾਲੇ ਕਾਨੂੰਨਾਂ ਅਤੇ ਹੋਰ ਰਾਜ ਵਿਰੋਧੀ ਫੈਸਲਿਆਂ ਨੂੰ ਸਿਰਫ਼ ਆਪਣੇ ਪਰਿਵਾਰ ਨੂੰ ਲਾਭ ਪਹੁੰਚਾਉਣ ਲਈ ਸਹਿਮਤੀ ਦਿੱਤੀ।









# ਜਲੰਧਰ ਵਿਖੇ ਵਾਪਰੇ ਹਾਦਸੇ 'ਚ 3 ਲੋਕਾਂ ਦੀ ਮੌਤ



ਨਵੇਂ ਸਾਲ ਦੀ ਰਾਤ ਨੂੰ ਜਲੰਧਰ ਵਿਚ ਇੱਕ ਵੱਡਾ ਹਾਦਸਾ ਵਾਪਰਿਆ ਹੈ। ਰਾਏਪੁਰ ਅੱਡਾ ਪਿੰਡ ਨੇੜੇ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ। ਤੇਜ਼ ਰਫ਼ਤਾਰ ਇਨੋਵਾ ਕਾਰ ਅਤੇ ਆਟੋ ਰਿਕਸ਼ਾ ਵਿਚਕਾਰ ਹੋਈ ਭਿਆਨਕ ਟੱਕਰ ਵਿੱਚ ਤਿੰਨ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਚਾਰ ਹੋਰ ਗੰਭੀਰ ਜ਼ਖ਼ਮੀ ਹੋ ਗਏ।

ਚਸ਼ਮਦੀਦਾਂ ਅਨੁਸਾਰ, ਹਾਦਸਾ ਰਾਤ 8:30 ਵਜੇ ਦੇ ਕਰੀਬ ਵਾਪਰਿਆ ਜਦੋਂ ਇੱਕ ਬੇਕਾਬੂ ਇਨੋਵਾ ਕਾਰ ਨੇ ਇਕ ਆਟੋ ਰਿਕਸ਼ਾ ਨੂੰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਜ਼ਬਰਦਸਤ ਸੀ ਕਿ ਆਟੋ ਰਿਕਸ਼ਾ ਬੇਕਾਬੂ ਹੋ ਕੇ ਨੇੜੇ ਦੇ ਇੱਕ ਟਰੱਕ ਨਾਲ ਟਕਰਾ ਗਿਆ।

ਇਸ ਦੋਹਰੀ ਟੱਕਰ ਵਿੱਚ ਆਟੋ ਪੂਰੀ ਤਰ੍ਹਾਂ ਚਕਨਾਚੂਰ ਹੋ ਗਿਆ ਅਤੇ ਉਸ ਵਿੱਚ ਸਵਾਰ ਤਿੰਨ ਯਾਤਰੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਮਕਸੂਦਾਂ ਥਾਣੇ ਦੇ ਐਸਐਚਓ ਅਤੇ ਏਐਸਆਈ ਸਤਨਾਮ ਸਿੰਘ ਪੁਲਿਸ ਫੋਰਸ ਨਾਲ ਮੌਕੇ 'ਤੇ ਪਹੁੰਚੇ। ਸਥਾਨਕ ਨਿਵਾਸੀਆਂ ਦੀ ਮਦਦ ਨਾਲ, ਰੋਡ ਸੇਫਟੀ ਫੋਰਸ (ਐਸਐਸਐਫ) ਦੀ ਇੱਕ ਟੀਮ ਨੇ ਆਟੋ ਵਿੱਚ ਫਸੇ ਜ਼ਖ਼ਮੀਆਂ ਨੂੰ ਬਚਾਇਆ ਅਤੇ ਤੁਰੰਤ ਨਜ਼ਦੀਕੀ ਹਸਪਤਾਲ ਪਹੁੰਚਾਇਆ।

ਪੁਲਿਸ ਅਨੁਸਾਰ ਜ਼ਖ਼ਮੀਆਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਮ੍ਰਿਤਕਾਂ ਅਤੇ ਜ਼ਖ਼ਮੀਆਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ। ਪੁਲਿਸ ਨੇ ਦੋਵੇਂ ਵਾਹਨਾਂ ਨੂੰ ਕਬਜ਼ੇ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮਕਸੂਦਾ ਪੁਲਿਸ ਸਟੇਸ਼ਨ ਦੀ ਪੁਲਿਸ ਹਾਦਸੇ ਦੇ ਸਹੀ ਕਾਰਨਾਂ ਦਾ ਪਤਾ ਲਗਾਉਣ ਲਈ ਨੇੜਲੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕਰ ਰਹੀ ਹੈ।

# ਸਵਿਟਜ਼ਰਲੈਂਡ ’ਚ ਧਮਾਕਾ, ਕਈ ਲੋਕਾਂ ਦੇ ਮਾਰੇ ਜਾਣ ਦਾ ਖ਼ਦਸ਼ਾ

## ਕ੍ਰਾਂਸ ਮੋਂਟਾਨਾ ਸ਼ਹਿਰ ਦੇ ਸਕੀ ਰੈਸਟੋਰੈਂਟ ’ਚ ਵਾਪਰੀ ਘਟਨਾ



ਜਦੋਂ ਪੂਰੀ ਦੁਨੀਆ ਨਵੇਂ ਸਾਲ ਦਾ ਜਸ਼ਨ ਮਨਾ ਰਹੀ ਹੈ, ਸਵਿਟਜ਼ਰਲੈਂਡ ਤੋਂ ਇੱਕ ਧਮਾਕੇ ਦੀ ਖ਼ਬਰ ਆ ਰਹੀ ਹੈ। ਵੀਰਵਾਰ ਸਵੇਰੇ ਸਵਿਸ ਸ਼ਹਿਰ ਕ੍ਰਾਂਸ-ਮੋਂਟਾਨਾ ਵਿੱਚ ਇੱਕ ਧਮਾਕਾ ਹੋਇਆ। ਕਈ ਲੋਕਾਂ ਦੇ ਮਾਰੇ ਜਾਣ ਅਤੇ ਜ਼ਖਮੀ ਹੋਣ ਦੀ ਖ਼ਬਰ ਹੈ।

ਪੁਲਿਸ ਅਤੇ ਕਈ ਐਂਬੂਲੈਂਸਾਂ ਮੌਕੇ ‘ਤੇ ਮੌਜੂਦ ਹਨ। ਧਮਾਕੇ ਦਾ ਕਾਰਨ ਅਜੇ ਸਪੱਸ਼ਟ ਨਹੀਂ ਹੈ। ਜ਼ਖਮੀਆਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਜਾ ਰਿਹਾ ਹੈ। ਪੁਲਿਸ ਨੇ ਸੁਰੱਖਿਆ ਕਾਰਨਾਂ ਕਰਕੇ ਇਲਾਕੇ ਨੂੰ ਘੇਰ ਲਿਆ ਹੈ। ਸ਼ੁਰੂਆਤੀ ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਧਮਾਕੇ ਵਿੱਚ ਕਈ ਲੋਕ ਮਾਰੇ ਗਏ ਹਨ, ਹਾਲਾਂਕਿ ਅਜੇ ਤੱਕ ਮੌਤਾਂ ਦੀ ਸਹੀ ਗਿਣਤੀ ਜਾਰੀ ਨਹੀਂ ਕੀਤੀ ਗਈ ਹੈ। ਧਮਾਕੇ ਤੋਂ ਤੁਰੰਤ ਬਾਅਦ ਪੁਲਿਸ ਅਤੇ ਐਮਰਜੈਂਸੀ ਟੀਮਾਂ ਮੌਕੇ ‘ਤੇ ਪਹੁੰਚੀਆਂ। ਰਾਹਤ ਅਤੇ ਬਚਾਅ ਕਾਰਜ ਇਸ ਸਮੇਂ ਜਾਰੀ ਹਨ। ਪੁਲਿਸ ਦਾ ਕਹਿਣਾ ਹੈ ਕਿ ਉਹ ਘਟਨਾ ਦੀ ਜਾਂਚ ਕਰ ਰਹੀ ਹੈ। ਧਮਾਕੇ ਵਿੱਚ ਜ਼ਖਮੀਆਂ ਵਿੱਚੋਂ ਕੁਝ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਸਾਵਧਾਨੀ ਵਜੋਂ ਧਮਾਕੇ ਵਾਲੀ ਥਾਂ ਅਤੇ ਆਲੇ-ਦੁਆਲੇ ਦੇ ਇਲਾਕਿਆਂ ਨੂੰ ਸੀਲ ਕਰ ਦਿੱਤਾ ਗਿਆ ਹੈ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਧਮਾਕਾ ਸਵੇਰੇ 1:30 ਵਜੇ (0030 ਘੰਠ) ‘ਤੇ ਲੇ ਕੰਸਟੇਲੇਸ਼ਨ ਨਾਮਕ ਇੱਕ ਬਾਰ ਵਿੱਚ ਹੋਇਆ। ਇਹ ਬਾਰ ਸੈਲਾਨੀਆਂ ਵਿੱਚ ਖਾਸ ਤੌਰ ‘ਤੇ ਪ੍ਰਸਿੱਧ ਹੈ ਅਤੇ ਇਸੇ ਕਰਕੇ ਇਹ ਹਮੇਸ਼ਾ ਵੱਡੀ ਗਿਣਤੀ ਵਿੱਚ ਸੈਲਾਨੀ ਅਤੇ ਸਥਾਨਕ ਲੋਕ ਰਹਿੰਦੇ ਹਨ। ਜਦੋਂ ਧਮਾਕਾ ਹੋਇਆ ਤਾਂ ਲੋਕ ਨਵੇਂ ਸਾਲ ਦੀ ਸ਼ਾਮ ਦਾ ਜਸ਼ਨ ਮਨਾ ਰਹੇ ਸਨ।

ਸਵਿੱਸ ਸ਼ਹਿਰ ਕ੍ਰਾਂਸ-ਮੋਂਟਾਨਾ ਇੱਕ ਪ੍ਰਸਿੱਧ ਸੈਲਾਨੀ ਸਥਾਨ ਹੈ, ਜਿਥੇ ਸਾਲ ਭਰ ਵੱਡੀ ਗਿਣਤੀ ਵਿੱਚ ਸੈਲਾਨੀਆਂ ਦਾ ਆਉਣਾ-ਜਾਣਾ ਲੱਗਾ ਰਹਿੰਦਾ ਹੈ। ਰਾਜਧਾਨੀ ਬਰਨ ਤੋਂ ਲਗਭਗ ਦੋ ਘੰਟੇ ਦੀ ਦੂਰੀ ‘ਤੇ ਸਥਿਤ ਸਰਦੀਆਂ ਦੇ ਮੌਸਮ ਵਿੱਚ ਦੁਨੀਆ ਭਰ ਤੋਂ ਵੱਡੀ ਗਿਣਤੀ ਵਿੱਚ ਸੈਲਾਨੀ ਆਉਂਦੇ ਹਨ।

# ਟਰੰਪ ਵੱਲੋਂ ਇਰਾਨੀ ਪਰਮਾਣੂ ਪ੍ਰੋਗਰਾਮ ਖ਼ਿਲਾਫ਼ ਚਿਤਾਵਨੀ



ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਵਾਰਤਾ ਲਈ ਪੁੱਜੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਾ ਫਲੋਰਿਡਾ ਸਥਿਤ ਆਪਣੀ ਰਿਹਾਇਸ਼ ’ਤੇ ਸਵਾਗਤ ਕੀਤਾ ਅਤੇ ਇਰਾਨ ਨੂੰ ਉਸ ਦਾ ਪਰਮਾਣੂ ਪ੍ਰੋਗਰਾਮ ਮੁੜ ਸ਼ੁਰੂ ਕਰਨ ਖ਼ਿਲਾਫ਼ ਚਿਤਾਵਨੀ ਦਿੱਤੀ। ਸ੍ਰੀ ਟਰੰਪ ਨੇ ਇਹ ਚਿਤਾਵਨੀ ਅਜਿਹੇ ਸਮੇਂ ਦਿੱਤੀ ਹੈ ਜਦੋਂ ਉਹ ਲਗਾਤਾਰ ਦਾਅਵਾ ਕਰ ਰਹੇ ਹਨ ਕਿ ਜੂਨ ’ਚ ਇਰਾਨ ਦੇ ਅਹਿਮ ਪਰਮਾਣੂ ਟਿਕਾਣਿਆਂ ’ਤੇ ਅਮਰੀਕੀ ਹਮਲਿਆਂ ਨਾਲ ਤਹਿਰਾਨ ਦੀ ਪਰਮਾਣੂ ਸਮਰੱਥਾ ਖਤਮ ਹੋ ਗਈ ਹੈ। ਇਜ਼ਰਾਇਲੀ ਅਧਿਕਾਰੀਆਂ ਦੇ ਹਵਾਲੇ ਨਾਲ ਸਥਾਨਕ ਮੀਡੀਆ ’ਚ ਰਿਪੋਰਟ ਹੈ ਕਿ ਇਰਾਨ, ਇਜ਼ਰਾਈਲ ’ਤੇ ਹਮਲਾ ਕਰਨ ’ਚ ਸਮਰੱਥ ਲੰਮੀ ਦੂਰੀ ਦੀਆਂ ਮਿਜ਼ਾਈਲਾਂ ਮੁੜ ਤਿਆਰ ਕਰ ਸਕਦਾ ਹੈ। ਸ੍ਰੀ ਟਰੰਪ ਨੇ ਪੱਤਰਕਾਰਾਂ ਨੂੰ ਕਿਹਾ, ‘‘ਹੁਣ ਮੈਂ ਸੁਣ ਰਿਹਾ ਹਾਂ ਕਿ ਇਰਾਨ ਮੁੜ ਕੋਸ਼ਿਸ਼ ਕਰ ਰਿਹਾ ਹੈ। ਜੇ ਉਹ ਅਜਿਹਾ ਕਰ ਰਹੇ ਹਨ ਤਾਂ ਉਨ੍ਹਾਂ ਨੂੰ ਦਬਾਉਣਾ ਪਵੇਗਾ। ਅਸੀਂ ਉਨ੍ਹਾਂ ਨੂੰ ਬੁਰੀ ਤਰ੍ਹਾਂ ਹਰਾ ਦੇਵਾਂਗੇ।’’

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸ੍ਰੀ ਨੇਤਨਯਾਹੂ ਨਾਲ ਦੁਵੱਲੀ ਮੀਟਿੰਗ ਦੌਰਾਨ ਭਾਰਤ-ਪਾਕਿਸਤਾਨ ਜੰਗ ਖ਼ਤਮ ਕਰਾਉਣ ਦਾ ਦਾਅਵਾ ਮੁੜ ਦੁਹਰਾਇਆ। ਉਨ੍ਹਾਂ ਕਿਹਾ ਕਿ ਵ੍ਹਾਈਟ ਹਾਊਸ ’ਚ ਆਪਣੇ ਦੂਜੇ ਕਾਰਜਕਾਲ ਦੇ ਪਹਿਲੇ ਸਾਲ ’ਚ ਉਨ੍ਹਾਂ ਹੁਣ ਤੱਕ ਅੱਠ ਜੰਗਾਂ ਰੁਕਵਾਈਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਅਰਮੀਨੀਆ ਤੇ ਅਜ਼ਰਬਾਇਜਾਨ ਵਿਚਾਲੇ ਜੰਗ ਰੁਕਵਾਈ, ਇਸ ਮਗਰੋਂ ਉਨ੍ਹਾਂ ਭਾਰਤ-ਪਾਕਿ ਵਿਚਾਲੇ ਸੰਘਰਸ਼ ਰੁਕਵਾਉਣ ਦਾ ਦਾਅਵਾ ਦੁਹਰਾਇਆ।

# HAPPY NEW YEAR ਮੈਸੇਜ ਕਰ ਦੇਵੇਗਾ ਮੋਬਾਈਲ ਹੈਕ, ਪੰਜਾਬ ਪੁਲਿਸ ਨੇ ਕੀਤਾ ਅਲਰਟ



ਜੇਕਰ ਤੁਹਾਨੂੰ ਇਸ ਨਵੇਂ ਸਾਲ ‘ਤੇ ਤੁਹਾਡੇ ਫੋਨ ‘ਤੇ HAPPY NEW YEAR ਦਾ ਮੈਸੇਜ ਆਉਂਦ ਹੈ ਤਾਂ ਸਾਵਧਾਨੀ ਨਾਲ ਇਸ ‘ਤੇ ਕਲਿੱਕ ਕਰੋ। ਸਾਵਧਾਨ ਰਹੋ ਕਿ ਸ਼ੁਭਕਾਮਨਾਵਾਂ ਦੇ ਚੱਕਰ ਵਿੱਚ ਤੁਹਾਡਾ ਫੋਨ ਹੈਕ ਨਾ ਹੋ ਜਾਵੇ, ਜਿਸ ਨਾਲ ਹੈਕਰਾਂ ਨੂੰ ਤੁਹਾਡੇ ਸਾਰੇ ਡਾਟਾ, ਜਿਸ ਵਿੱਚ ਬੈਂਕ ਖਾਤਿਆਂ ਅਤੇਂ ਠਫ ਸ਼ਾਮਲ ਹਨ ਦਾ ਪਤਾ ਚੱਲ ਜਾਵੇ। ਪੰਜਾਬ ਪੁਲਿਸ ਸਾਈਬਰ ਸੈੱਲ ਨੇ ਇਸ ਸਬੰਧ ਵਿੱਚ ਇੱਕ ਜਨਤਕ ਚਿਤਾਵਨੀ ਜਾਰੀ ਕੀਤੀ ਹੈ।

ਪੁਲਿਸ ਸਾਈਬਰ ਸੈੱਲ ਦੇ ਅਧਿਕਾਰੀਆਂ ਮੁਤਾਬਕ ਹੈਕਰ ਹਮੇਸ਼ਾ ਮੌਕਿਆਂ ਦੀ ਭਾਲ ਵਿੱਚ ਰਹਿੰਦੇ ਹਨ ਜਦੋਂ ਲੋਕਾਂ ਨੂੰ ਬਲਕ ਵਿਚ ਮੈਸੇਜ ਆਉਂਦੇ ਹਨ। ਉਹ ਇਸ ਸਮੇਂ ਦੌਰਾਨ ਹੀ ਮੈਸੇਜ ਭੇਜ ਦਿੰਦੇ ਹਨ। ਮੈਸੇਜ ਦੀ ਭੀੜ ਵਿਚ ਆਮ ਲੋਕ ਗਲਤੀ ਨਾਲ ਹਰ ਮੈਸੇਜ ਨੂੰ ਕਲਿੱਕ ਕਰ ਦਿੰਦੇ ਹਨ। ਇਸ ਸਮੇਂ ਦੌਰਾਨ ਹੈਕਰਾਂ ਦੇ ਮੈਸੇਜ ‘ਤੇ ਵੀ ਕਲਿੱਕ ਹੋ ਜਾਂਦਾ ਹੈ, ਜਿਸ ਨਾਲ ਲੋਕਾਂ ਦੇ ਫੋਨ ਹੈਕ ਹੋ ਜਾਂਦੇ ਹਨ। ਪੁਲਿਸ ਨੇ ਅਪੀਲ ਕੀਤੀ ਹੈ ਕਿ ਬਿਨਾਂ ਵੈਰੀਫਿਕੇਸ਼ਨ ਦੇ ਕਿਸੇ ਵੀ ਮੈਸੇਜ ‘ਤੇ ਕਲਿੱਕ ਕਰਨ ਤੋਂ ਬਚੋ, ਕੋਈ ਵੀ ਫੋਟੋ ਡਾਊਨਲੋਡ ਨਾ ਕਰੋ। ਲੁਧਿਆਣਾ ਸਾਈਬਰ ਸੈੱਲ ਮੁਤਾਬਕ ਜਦੋਂ ਵੀ ਕੋਈ ਤਿਉਹਾਰ ਨੇੜੇ ਆਉਂਦਾ ਹੈ ਤਾਂ ਹੈਕਰ ਸਰਗਰਮ ਹੋ ਜਾਂਦੇ ਹਨ। ਦੀਵਾਲੀ ਦੌਰਾਨ, ਬਹੁਤ ਸਾਰੇ ਲੋਕਾਂ ਨੂੰ ਹੈਕਰਾਂ ਤੋਂ ਮੈਸੇਜ ਆਏ ਅਤੇ ਬਹੁਤ ਸਾਰੇ ਮੋਬਾਈਲ ਫੋਨ ਹੈਕ ਕੀਤੇ ਗਏ। ਇਸ ਲਈ ਪੁਲਿਸ ਨੇ ਲੋਕਾਂ ਨੂੰ ਨਵੇਂ ਸਾਲ ਲਈ ਪਹਿਲਾਂ ਤੋਂ ਹੀ ਸੁਚੇਤ ਕੀਤਾ ਹੈ।

ਨਵਾਂ ਸਾਲ ਹੋਵੇ ਜਾਂ ਕੋਈ ਹੋਰ ਤਿਉਹਾਰ, ਲੋਕ ਵੱਖ-ਵੱਖ ਸਟਾਈਲਾਂ ਵਿੱਚ ਡਿਜੀਟਲ ਕਾਰਡ ਬਣਾਉਂਦੇ ਹਨ ਅਤੇ ਉਹਨਾਂ ਨੂੰ ਆਪਣੇ ਜਾਣਕਾਰਾਂ ਨੂੰ ਮੈਸੇਜ ਭੇਜਣ ਲਈ ਭੇਜਦੇ ਹਨ। ਬਹੁਤ ਸਾਰੇ ਲੋਕ ਆਪਣੇ ਜਾਣਕਾਰਾਂ ਨੂੰ ਸਰਪ੍ਰਾਈਜ ਦੇਣ ਲਈ ਡਿਜੀਟਲ ਲਿੰਕ ਤਿਆਰ ਕਰਵਾਉਂਦੇ ਹਨ ਅਤੇ ਉਨ੍ਹਾਂ ਦੇ ਅੰਦਰ ਜਸ਼ਨ ਵਾਲੇ ਵੀਡੀਓ ਕਲਿੱਪ ਹੁਦੀ ਹੈ। ਹੈਕਰਸ ਵੀ ਉਸੇ ਤਰ੍ਹਾਂ ਦੇ ਲਿੰਕ ਬਣਾ ਕੇ ਲੋਕਾਂ ਨੂੰ ਭੇਜਦੇ ਹਨ ਤਾਂਕਿ ਉਹ ਉਸ ਨੂੰ ਖੋਲ੍ਹ ਦੇਣ।

**ਹੈਕਰ ਇਸ ਤਰ੍ਹਾਂ ਮੋਬਾਈਲ ਫੋਨ ਕਰਦੇ ਹਨ ਹੈਕ...**

ਏਪੀਕੇ ਫਾਈਲ ਭੇਜ ਕੇ: ਵ੍ਹਾਟਸਐਪ ਜਾਂ ਹੋਰ ਮੈਸੇਂਜਰ ਐਪਸ ਰਾਹੀਂ ਭੇਜੀ ਗਈ ਏਪੀਕੇ ਫਾਈਲ ਇੰਸਟਾਲ ਕਰਦੇ ਹੀ ਮੋਬਾਈਲ ‘ਤੇ ਪੂਰਾ ਕੰਟਰੋਲ ਮਿਲ ਸਕਦਾ ਹੈ।

ਫਰਜੀ ਲਿੰਕ: ਲਿੰਕ ‘ਤੇ ਕਲਿੱਕ ਕਰਨ ਨਾਲ ਇੱਕ ਨਕਲੀ ਵੈੱਬਸਾਈਟ ਖੁੱਲ੍ਹ ਜਾਂਦੀ ਹੈ, ਜਿੱਥੇ ਤੁਹਾਡੀ ਆਈਡੀ, ਪਾਸਵਰਡ, ਜਾਂ ਬੈਂਕ ਵੇਰਵੇ ਚੋਰੀ ਹੋ ਜਾਂਦੇ ਹਨ।

ਸਪਾਈਵੇਅਰ ਅਤੇ ਮਾਲਵੇਅਰ: ਇੱਕ ਵਾਰ ਫ਼ੋਨ ‘ਤੇ ਇੰਸਟਾਲ ਹੋਣ ਤੋਂ ਬਾਅਦ ਇਹ ਐਪਸ ਕਾਲਾਂ, ਮੈਸੇਜ, ਫੋਟੋਆਂ ਅਤੇ OTP ਤੱਕ ਐਕਸੈੱਸ ਕਰ ਲੈਂਦੇ ਹਨ।

# ਗੁਆਟੇਮਾਲਾ ’ਚ ਸੜਕ ਹਾਦਸਾ

## 15 ਲੋਕਾਂ ਦੀ ਮੌਤ ਤੇ 19 ਜ਼ਖ਼ਮੀ

ਨਵੀਂ ਦਿੱਲੀ : ਮੱਧ ਅਮਰੀਕੀ ਦੇਸ਼ ਗੁਆਟੇਮਾਲਾ ਤੋਂ ਇਕ ਬਹੁਤ ਹੀ ਦਰਦਨਾਕ ਖ਼ਬਰ ਸਾਹਮਣੇ ਆਈ ਹੈ, ਜਿਥੇ ਇੱਕ ਯਾਤਰੀ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ। ਸਨਿਚਰਵਾਰ ਨੂੰ ਪੱਛਮੀ ਗੁਆਟੇਮਾਲਾ ਵਿਚ ਇਕ ਯਾਤਰੀ ਬੱਸ ਬੇਕਾਬੂ ਹੋ ਕੇ ਡੂੰਘੀ ਖੱਡ ਵਿਚ ਜਾ ਡਿੱਗੀ, ਜਿਸ ਕਾਰਨ ਘੱਟੋ-ਘੱਟ 15 ਲੋਕਾਂ ਦੀ ਮੌਤ ਹੋ ਗਈ ਅਤੇ 19 ਹੋਰ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ ਹਨ। ਮਰਨ ਵਾਲਿਆਂ ਵਿਚ ਔਰਤਾਂ ਤੇ ਬੱਚਾ ਵੀ ਸ਼ਾਮਲ ਹੈ। ਸਥਾਨਕ ਅਧਿਕਾਰੀਆਂ ਅਨੁਸਾਰ ਇਹ ਭਿਆਨਕ ਹਾਦਸਾ ਇੰਟਰ-ਅਮਰੀਕਨ ਹਾਈਵੇਅ ’ਤੇ ਵਾਪਰਿਆ।

ਸਥਾਨਕ ਫ਼ਾਇਰਫ਼ਾਈਟਰ ਦੇ ਬੁਲਾਰੇ ਲਿਓਂਡਰੋ ਅਮਾਡੋ ਨੇ ਦਸਿਆ ਕਿ ਮਰਨ ਵਾਲੇ 15 ਲੋਕਾਂ ਵਿਚ 11 ਪੁਰਸ਼, 3 ਔਰਤਾਂ ਅਤੇ ਇਕ ਨਾਬਾਲਗ਼ ਬੱਚਾ ਸ਼ਾਮਲ ਹੈ। ਹਾਦਸੇ ਤੋਂ ਤੁਰਤ ਬਾਅਦ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕਰ ਦਿਤੇ ਗਏ ਤੇ ਲਗਭਗ 19 ਜ਼ਖ਼ਮੀਆਂ ਨੂੰ ਇਲਾਜ ਲਈ ਨੇੜਲੇ ਹਸਪਤਾਲਾਂ ਵਿਚ ਪਹੁੰਚਾਇਆ ਗਿਆ ਹੈ।

# ਨਵੇਂ ਸਾਲ ‘ਤੇ ਗੁਰੂ ਨਗਰੀ ‘ਚ ਲੱਗੀਆਂ ਰੌਣਕਾਂ

## ਸ੍ਰੀ ਦਰਬਾਰ ਸਾਹਿਬ ਵਿਖੇ ਵੱਡੀ ਗਿਣਤੀ ‘ਚ ਪਹੁੰਚੀਆਂ ਸੰਗਤਾਂ



ਨਵੇਂ ਸਾਲ 2026 ਦੇ ਸ਼ੁਭ ਮੌਕੇ ‘ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਸ਼ਰਧਾ ਅਤੇ ਆਸਥਾ ਦਾ ਇੱਕ ਸ਼ਾਨਦਾਰ ਨਜਾਰਾ ਵੇਖਣ ਨੂੰ ਮਿਲਿਆ। ਨਵੇਂ ਸਾਲ ਦੀ ਸ਼ੁਰੂਆਤ ਦੇ ਨਾਲ ਹੀ ਦੇਸ਼-ਵਿਦੇਸ਼ ਤੋਂ ਲੱਖਾਂ ਸ਼ਰਧਾਲੂ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਲਈ ਪਹੁੰਚੇ। ਬੀਤੀ ਰਾਤ ਤੋਂ ਹੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਸ਼ਰਧਾਲੂਆਂ ਦੀਆਂ ਲੰਬੀਆਂ ਲਾਈਆਂ ਲੱਗ ਗਈਆਂ ਸਨ। ਕੜਾਕੇ ਦੀ ਠੰਢ ਅਤੇ ਸੰਘਣੀ ਧੁੰਦ ਦੇ ਬਾਵਜੂਦ ਸੰਗਤ ਦੇ ਉਤਸ਼ਾਹ ਵਿਚ ਕਮੀ ਨਹੀਂ ਵੇਖਣ ਨੂੰ ਮਿਲੀ। ਜਿਵੇਂ ਹੀ ਨਵਾਂ ਸਾਲ 2026 ਚੜ੍ਹਿਆ ਪੂਰੇ ਕੰਪਲੈਕਸ ਵਿੱਚ “ਵਾਹਿਗੁਰੂ” ਦੇ ਜੈਕਾਰੇ ਗੂੰਜਣ ਲੱਗੇ। ਸ਼ਰਧਾਲੂਆਂ ਨੇ ਗੁਰੂਘਰ ਵਿਚ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ, ਅਮਨ-ਸ਼ਾਂਤੀ, ਸੁੱਖ-ਖੁਸ਼ਹਾਲੀ ਤੇ ਚੜ੍ਹਦੀ ਕਲਾ ਦੀ ਅਰਦਾਸ ਕੀਤੀ।

ਸ਼ਰਧਾਲੂਆਂ ਨੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਗੁਰੂ ਘਰ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਸੰਗਤ ਦਾ ਕਹਿਣਾ ਹੈ ਕਿ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਨਵੇਂ ਸਾਲ ਦੀ ਸ਼ੁਰੂਆਤ ਉਨ੍ਹਾਂ ਨੂੰ ਆਤਮਿਕ ਸ਼ਾਂਤੀ ਅਤੇ ਜੀਵਨ ਵਿੱਚ ਇੱਕ ਨਵੀਂ ਦਿਸ਼ਾ ਪ੍ਰਦਾਨ ਕਰਦੀ ਹੈ।

ਇਸ ਮੌਕੇ ਆਮ ਸੰਗਤ ਦੇ ਨਾਲ-ਨਾਲ ਕਈ ਸਿਆਸੀ ਅਤੇ ਸਮਾਜਿਕ ਸ਼ਖਸੀਅਤਾਂ ਨੇ ਵੀ ਗੁਰਦੁਆਰੇ ਦੇ ਦਰਸ਼ਨ ਕੀਤੇ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਠਿੰਡਾ ਤੋਂ ਸੰਸਦ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਦੇਸ਼ ਅਤੇ ਸੂਬੇ ਵਿੱਚ ਸ਼ਾਂਤੀ ਅਤੇ ਸਦਭਾਵਨਾ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ। ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਵੀ ਅਰਦਾਸ ਵਿੱਚ ਸੰਗਤ ਨਾਲ ਸ਼ਾਮਲ ਹੋਏ। ਪੰਜਾਬੀ ਫਿਲਮ ਇੰਡਸਟਰੀ ਦੇ ਕਲਾਕਾਰਾਂ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਦੇ ਲੋਕਾਂ ਨੇ ਵੀ ਗੁਰੂ ਘਰ ਦੇ ਦਰਸ਼ਨ ਕੀਤੇ। ਪ੍ਰਸ਼ਾਸਨ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਸ਼ਰਧਾਲੂਆਂ ਦੀ ਸਹੂਲਤ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਸੁਰੱਖਿਆ ਸਖ਼ਤ ਹੈ ਅਤੇ ਲੰਗਰ ਹਾਲਾਂ ਵਿੱਚ ਲੰਗਰ ਸੇਵਾਵਾਂ 24ਯ7 ਜਾਰੀ ਰਹੀਆਂ, ਜਦੋਂ ਕਿ ਸਫਾਈ, ਪਾਣੀ ਦੀ ਸਪਲਾਈ ਅਤੇ ਡਾਕਟਰੀ ਸਹੂਲਤਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਕੁੱਲ ਮਿਲਾ ਕੇ ਨਵੇਂ ਸਾਲ 2026 ਦੇ ਮੌਕੇ ‘ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾ, ਸੇਵਾ ਅਤੇ ਭਾਈਚਾਰੇ ਦੀ ਇੱਕ ਵਿਲੱਖਣ ਮਿਸਾਲ ਵੇਖਣ ਨੂੰ ਮਿਲੀ।

# ਅਰਾਵਲੀ ਦੀ ਹੋਂਦ ਬਚਾਉਣ ਲਈ ਸੁਪਰੀਮ ਕੋਰਟ ਸਖ਼ਤ: ਨਵੀਂ ਕਮੇਟੀ ਨੂੰ ਦਿੱਤੇ ਅਹਿਮ ਨਿਰਦੇਸ਼



ਸੁਪਰੀਮ ਕੋਰਟ ਨੇ ਅਰਾਵਲੀ ਪਹਾੜੀਆਂ ਦੀ ਸੁਰੱਖਿਆ ਅਤੇ ਮਾਈਨਿੰਗ ਨਾਲ ਜੁੜੇ ਵਿਵਾਦਾਂ ਨੂੰ ਹੱਲ ਕਰਨ ਲਈ ਇੱਕ ਨਵੀਂ ਮਾਹਿਰ ਕਮੇਟੀ ਦਾ ਗਠਨ ਕੀਤਾ ਹੈ। ਚੀਫ਼ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੇ ਵਿਸ਼ੇਸ਼ ਬੈਂਚ ਨੇ ਸਪੱਸ਼ਟ ਕੀਤਾ ਹੈ ਕਿ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਸਾਰੇ ਹਿੱਸੇਦਾਰਾਂ (Stakeholders) ਨਾਲ ਸਲਾਹ-ਮਸ਼ਵਰਾ ਕਰਨਾ ਲਾਜ਼ਮੀ ਹੋਵੇਗਾ।

ਅਦਾਲਤ ਨੇ ਆਪਣੇ 20 ਨਵੰਬਰ ਦੇ ਪਿਛਲੇ ਹੁਕਮਾਂ ’ਤੇ ਫਿਲਹਾਲ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਕਮੇਟੀ ਨੂੰ ਜਾਂਚ ਕਰਨ ਲਈ ਕਿਹਾ ਹੈ ਕਿ ਕੀ ਅਰਾਵਲੀ ਦੀ ਮੌਜੂਦਾ ਪਰਿਭਾਸ਼ਾ- ਜਿਸ ਵਿੱਚ ਦੋ ਪਹਾੜੀਆਂ ਵਿਚਕਾਰ ਸਿਰਫ਼ 500 ਮੀਟਰ ਦੇ ਘੇਰੇ ਨੂੰ ਸੁਰੱਖਿਅਤ ਮੰਨਿਆ ਜਾਂਦਾ ਹੈ ਕਿਤੇ ਜਾਣਬੁੱਝ ਕੇ ਦਾਇਰਾ ਘਟਾਉਣ ਲਈ ਤਾਂ ਨਹੀਂ ਬਣਾਈ ਗਈ?

ਸੁਪਰੀਮ ਕੋਰਟ ਨੂੰ ਖਦਸ਼ਾ ਹੈ ਕਿ ਇਸ ਤਕਨੀਕੀ ਪਰਿਭਾਸ਼ਾ ਕਾਰਨ ਬਹੁਤ ਸਾਰਾ ਇਲਾਕਾ ‘ਗੈਰ-ਅਰਾਵਲੀ' ਐਲਾਨ ਕੇ ਉੱਥੇ ਗੈਰ-ਕਾਨੂੰਨੀ ਮਾਈਨਿੰਗ ਅਤੇ ਹੋਰ ਗਤੀਵਿਧੀਆਂ ਨੂੰ ਖੁੱਲ੍ਹ ਦਿੱਤੀ ਜਾ ਰਹੀ ਹੈ। ਇੱਕ ਵੱਡੀ ਚਿੰਤਾ ਇਹ ਜਤਾਈ ਗਈ ਹੈ ਕਿ ਰਾਜਸਥਾਨ ਦੀਆਂ 12,081 ਪਹਾੜੀਆਂ ਵਿੱਚੋਂ ਸਿਰਫ਼ 1,048 ਨੂੰ ਹੀ 100 ਮੀਟਰ ਤੋਂ ਉੱਚੀਆਂ ਹੋਣ ਕਾਰਨ ‘ਪਹਾੜੀ’ ਮੰਨਿਆ ਜਾ ਰਿਹਾ ਹੈ।

ਅਦਾਲਤ ਨੇ ਕਮੇਟੀ ਨੂੰ ਪੁੱਛਿਆ ਹੈ ਕਿ ਕੀ ਬਾਕੀ ਛੋਟੀਆਂ ਪਹਾੜੀਆਂ ਅਤੇ ਟਿੱਲਿਆਂ ਨੂੰ ਵਾਤਾਵਰਣ ਸੁਰੱਖਿਆ ਦੇ ਘੇਰੇ ਤੋਂ ਬਾਹਰ ਰੱਖਣਾ ਵਿਗਿਆਨਕ ਤੌਰ 'ਤੇ ਸਹੀ ਹੈ? ਅਦਾਲਤ ਨੇ ਹਰ ਛੋਟੀ-ਵੱਡੀ ਪਹਾੜੀ ਦੀ ਸਹੀ ਮਾਪ ਅਤੇ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਅਰਾਵਲੀ ਦੀ ਕੁਦਰਤੀ ਲੜੀ ਟੁੱਟਣ ਤੋਂ ਬਚਾਈ ਜਾ ਸਕੇ।

ਸੁਪਰੀਮ ਕੋਰਟ ਨੇ ਕਮੇਟੀ ਨੂੰ ਪੰਜ ਮੁੱਖ ਨੁਕਤਿਆਂ ’ਤੇ ਰਿਪੋਰਟ ਮੰਗੀ ਹੈ, ਜਿਵੇਂ ਕੀ ਪਹਾੜੀਆਂ ਦੇ ਵਿਚਕਾਰਲੇ ਖਾਲੀ ਹਿੱਸਿਆਂ ਵਿੱਚ ਮਾਈਨਿੰਗ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ?, ਕੀ ‘ਨਿਯਮਤ ਮਾਈਨਿੰਗ’ ਨਾਲ ਅਰਾਵਲੀ ਦੇ ਵਾਤਾਵਰਨ ਨੂੰ ਕੋਈ ਨੁਕਸਾਨ ਪਹੁੰਚੇਗਾ?, ਜਿਹੜੇ ਇਲਾਕੇ ਸੁਰੱਖਿਆ ਦੇ ਘੇਰੇ ਤੋਂ ਬਾਹਰ ਕੀਤੇ ਗਏ ਹਨ, ਕੀ ਉਹ ਭਵਿੱਖ ਵਿੱਚ ਪੂਰੀ ਤਰ੍ਹਾਂ ਖ਼ਤਮ ਹੋ ਜਾਣਗੇ?

ਬੈਂਚ, ਜਿਸ ਵਿੱਚ ਜਸਟਿਸ ਜੇ.ਕੇ. ਮਹੇਸ਼ਵਰੀ ਅਤੇ ਜਸਟਿਸ ਏ.ਜੀ. ਮਸੀਹ ਵੀ ਸ਼ਾਮਲ ਸਨ, ਨੇ ਕਿਹਾ ਕਿ ਅਰਾਵਲੀ ਸਿਰਫ਼ ਪੱਥਰਾਂ ਦਾ ਢੇਰ ਨਹੀਂ ਸਗੋਂ ਇੱਕ ਪੂਰਾ ਪਰਿਸਥਿਤਿਕ ਤੰਤਰ (Ecological System) ਹੈ।

ਕਮੇਟੀ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਇਸ ਨਵੀਂ ਪਰਿਭਾਸ਼ਾ ਦੇ ਘੱਟ ਸਮੇਂ ਅਤੇ ਲੰਬੇ ਸਮੇਂ ਵਿੱਚ ਪੈਣ ਵਾਲੇ ਵਾਤਾਵਰਣਕ ਪ੍ਰਭਾਵਾਂ ਦਾ ਡੂੰਘਾਈ ਨਾਲ ਅਧਿਐਨ ਕਰੇ।

# ਜ਼ੋਹਰਾਨ ਮਮਦਾਨੀ ਨੇ ਨਿਊਯਾਰਕ ਸਿਟੀ ਦੇ ਮੇਅਰ ਵਜੋਂ ਹਲਫ਼ ਲਿਆ




ਜ਼ੋਹਰਾਨ ਮਮਦਾਨੀ ਵੀਰਵਾਰ ਅੱਧੀ ਰਾਤ ਤੋਂ ਬਾਅਦ ਮੈਨਹਟਨ ਦੇ ਇੱਕ ਇਤਿਹਾਸਕ ਅਤੇ ਗੈਰ-ਕਾਰਜਸ਼ੀਲ ਸਬਵੇਅ ਸਟੇਸ਼ਨ ’ਤੇ ਅਹੁਦੇ ਦੀ ਸਹੁੰ ਚੁੱਕ ਕੇ ਨਿਊਯਾਰਕ ਸਿਟੀ ਦੇ ਮੇਅਰ ਬਣ ਗਏ ਹਨ। ਡੈਮੋਕ੍ਰੇਟਿਕ ਪਾਰਟੀ ਨਾਲ ਸਬੰਧਤ ਮਮਦਾਨੀ ਅਮਰੀਕਾ ਦੇ ਸਭ ਤੋਂ ਵੱਡੇ ਸ਼ਹਿਰ ਦੇ ਪਹਿਲੇ ਮੁਸਲਿਮ ਆਗੂ ਬਣੇ ਹਨ, ਜਿਨ੍ਹਾਂ ਨੇ ਕੁਰਾਨ 'ਤੇ ਹੱਥ ਰੱਖ ਕੇ ਸਹੁੰ ਚੁੱਕੀ।

ਮਮਦਾਨੀ ਨੇ ਕਿਹਾ, "ਇਹ ਸੱਚਮੁੱਚ ਜੀਵਨ ਭਰ ਦਾ ਸਨਮਾਨ ਅਤੇ ਸੁਭਾਗ ਹੈ।" ਸਹੁੰ ਚੁੱਕ ਸਮਾਗਮ ਨਿਊਯਾਰਕ ਦੇ ਅਟਾਰਨੀ ਜਨਰਲ ਲੈਟੀਸ਼ੀਆ ਜੇਮਜ਼ ਵੱਲੋਂ ਪੁਰਾਣੇ ਸਿਟੀ ਹਾਲ ਸਟੇਸ਼ਨ 'ਤੇ ਕਰਵਾਇਆ ਗਿਆ। ਉਹ ਅੱਜ ਦੁਪਹਿਰ 1 ਵਜੇ ਸਿਟੀ ਹਾਲ ਵਿਖੇ ਇੱਕ ਜਨਤਕ ਸਮਾਰੋਹ ਵਿੱਚ ਅਮਰੀਕੀ ਸੈਨੇਟਰ ਬਰਨੀ ਸੈਂਡਰਸ ਦੀ ਮੌਜੂਦਗੀ ਵਿੱਚ ਦੁਬਾਰਾ ਸਹੁੰ ਚੁੱਕਣਗੇ, ਜਿਸ ਤੋਂ ਬਾਅਦ "ਕੈਨਿਯਨ ਆਫ ਹੀਰੋਜ਼" ਵਜੋਂ ਜਾਣੇ ਜਾਂਦੇ ਬ੍ਰੌਡਵੇਅ ਦੇ ਹਿੱਸੇ 'ਤੇ ਇੱਕ ਜਨਤਕ ਬਲਾਕ ਪਾਰਟੀ ਕੀਤੀ ਜਾਵੇਗੀ।

34 ਸਾਲ ਦੀ ਉਮਰ ਵਿੱਚ ਮਮਦਾਨੀ ਪੀੜ੍ਹੀਆਂ ਵਿੱਚ ਸ਼ਹਿਰ ਦੇ ਸਭ ਤੋਂ ਘੱਟ ਉਮਰ ਦੇ ਮੇਅਰ ਹਨ ਅਤੇ ਉਹ ਦੱਖਣੀ ਏਸ਼ੀਆਈ ਮੂਲ ਦੇ ਹੋਣ ਦੇ ਨਾਲ-ਨਾਲ ਅਫਰੀਕਾ ਵਿੱਚ ਪੈਦਾ ਹੋਣ ਵਾਲੇ ਪਹਿਲੇ ਮੇਅਰ ਵੀ ਹਨ। ਇੱਕ ਲੋਕਤੰਤਰੀ ਸਮਾਜਵਾਦੀ ਵਜੋਂ ਉਨ੍ਹਾਂ ਨੇ ਮੁਫ਼ਤ ਬਾਲ ਸੰਭਾਲ (child care), ਮੁਫ਼ਤ ਬੱਸਾਂ, ਕਿਰਾਏ ਨੂੰ ਫ੍ਰੀਜ਼ ਕਰਨ ਅਤੇ ਸਰਕਾਰੀ ਕਰਿਆਨੇ ਦੀਆਂ ਦੁਕਾਨਾਂ ਵਰਗੀਆਂ ਨੀਤੀਆਂ ਰਾਹੀਂ ਰਹਿਣ-ਸਹਿਣ ਦੀ ਲਾਗਤ ਘਟਾਉਣ ਦਾ ਵਾਅਦਾ ਕੀਤਾ ਹੈ।

# ਕੈਨੇਡਾ ਦੇ ਨਾਈਟ ਕਲੱਬ 'ਚ ਹਮਲਾ, ਪੰਜਾਬੀ ਨੌਜਵਾਨ ਗ੍ਰਿਫ਼ਤਾਰ

ਵੈਨਕੂਵਰ : ਕੈਨੇਡਾ ਦੇ ਬੀ.ਸੀ. ਵਿਚ ਇਕ ਨਾਈਟ ਕਲੱਬ ਵਿਚ ਮੌਜੂਦ ਸ਼ਖਸ ਦੇ ਚਿਹਰੇ ’ਤੇ ਛੁਰੇ ਨਾਲ ਵਾਰ ਕਰਨ ਦੇ ਮਾਮਲੇ ਵਿਚ ਵੈਨਕੂਵਰ ਪੁਲਿਸ ਵੱਲੋਂ 31 ਸਾਲ ਦੇ ਪਰਮਵੀਰ ਸਿੰਘ ਝੁਟੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਸੋਮਵਾਰ ਵੱਡੇ ਤੜਕੇ ਤਕਰੀਬਨ 3 ਵਜੇ ਯੇਲਟਾਊਨ ਨਾਈਟ ਕਲੱਬ ਵਿਚ ਵਾਰਦਾਤ ਦੀ ਇਤਲਾਹ ਮਿਲੀ। ਪੁਲਿਸ ਦੇ ਪੁੱਜਣ ਤੋਂ ਪਹਿਲਾਂ ਨਾਈਟ ਕਲੱਬ ਵਿਚ ਮੌਜੂਦ ਕੁਝ ਲੋਕਾਂ ਨੇ ਪੀੜਤ ਦਾ ਬਚਾਅ ਕਰਦਿਆਂ ਉਸ ਨੂੰ ਮੁਢਲੀ ਸਹਾਇਤਾ ਮੁਹੱਈਆ ਕਰਵਾਈ।

ਇਸੇ ਦੌਰਾਨ ਮੌਕੇ ’ਤੇ ਪੁੱਜੇ ਅਫ਼ਸਰਾਂ ਨੇ ਸ਼ੱਕੀ ਨੂੰ ਗ੍ਰਿਫ਼ਤਾਰ ਕਰ ਲਿਆ ਜਦਕਿ ਪੀੜਤ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ। ਪੁਲਿਸ ਇਸ ਵਾਰਦਾਤ ਨੂੰ ਜਾਣ-ਬੁੱਝ ਕੇ ਕੀਤੀ ਹਰਕਤ ਨਹੀਂ ਮੰਨ ਅਤੇ ਡੈਲਟਾ ਦੇ ਪਰਮਵੀਰ ਸਿੰਘ ਝੁਟੀ ਵਿਰੁੱਧ ਅਸਾਲਟ ਦੇ ਦੋਸ਼ ਲਾਉਂਦਿਆਂ ਪੁਲਿਸ ਹਿਰਾਸਤ ਵਿਚ ਰੱਖਿਆ ਗਿਆ ਹੈ। ਪੁਲਿਸ ਵੱਲੋਂ ਪੀੜਤ ਦੇ ਪਛਾਣ ਜਨਤਕ ਨਹੀਂ ਕੀਤੀ ਗਈ ਅਤੇ ਵਾਰਦਾਤ ਦੇ ਕਾਰਨਾਂ ਦੀ ਪੜਤਾਲ ਕੀਤੀ ਜਾ ਰਹੀ ਹੈ।









# ਇੰਡੀਗੋ ‘ਤੇ 458 ਕਰੋੜ ਰੁਪਏ ਤੋਂ ਵੱਧ ਦਾ GST ਜੁਰਮਾਨਾ; ਏਅਰਲਾਈਨ ਫ਼ੈਸਲੇ ਨੂੰ ਦੇਵੇਗੀ ਚੁਣੌਤੀ



ਨਵੀ ਦਿੱਲੀ : ਦੇਸ਼ ਦੀ ਸਭ ਤੋਂ ਵੱਡੀ ਏਅਰਲਾਈਨ, ਇੰਡੀਗੋ ਨੂੰ ਲੈ ਕੇ ਮਹੱਤਵਪੂਰਨ ਖ਼ਬਰ ਸਾਹਮਣੇ ਆਈ ਹੈ। ਟੈਕਸ ਵਿਭਾਗ ਨੇ ਕੰਪਨੀ ‘ਤੇ ਸੈਂਕੜੇ ਕਰੋੜ ਰੁਪਏ ਦਾ ਜੀਐਸਟੀ ਜੁਰਮਾਨਾ ਲਗਾਇਆ ਹੈ। ਹਾਲਾਂਕਿ, ਇੰਡੀਗੋ ਨੇ ਸਪੱਸ਼ਟ ਕੀਤਾ ਹੈ ਕਿ ਉਹ ਇਸ ਫ਼ੈਸਲੇ ਨਾਲ ਅਸਹਿਮਤ ਹੈ ਅਤੇ ਇਸਨੂੰ ਕਾਨੂੰਨੀ ਤੌਰ ‘ਤੇ ਚੁਣੌਤੀ ਦੇਵੇਗਾ। ਇੰਡੀਗੋ ਨੂੰ ਦਿੱਲੀ ਦੱਖਣੀ ਕਮਿਸ਼ਨਰੇਟ ਦੇ ਸੀਜੀਐਸਟੀ ਦੇ ਵਧੀਕ ਕਮਿਸ਼ਨਰ ਨੇ 458 ਕਰੋੜ ਤੋਂ ਵੱਧ ਦਾ ਜੁਰਮਾਨਾ ਲਗਾਇਆ ਹੈ। ਇਹ ਜੁਰਮਾਨਾ ਕੇਂਦਰੀ ਵਸਤੂਆਂ ਅਤੇ ਸੇਵਾਵਾਂ ਟੈਕਸ (ਸੀਜੀਐਸਟੀ) ਐਕਟ, 2017 ਦੀ ਧਾਰਾ 74 ਦੇ ਤਹਿਤ ਵਿੱਤੀ ਸਾਲਾਂ 2018-19 ਤੋਂ 2022-23 ਲਈ ਮੁਲਾਂਕਣਾਂ ਨਾਲ ਸਬੰਧਤ ਹੈ। ਏਅਰਲਾਈਨ ਦੇ ਅਨੁਸਾਰ ਕੁੱਲ GST ਮੰਗ 458,26,16,980 ਹੈ। ਕੰਪਨੀ ਨੇ ਕਿਹਾ ਕਿ GST ਵਿਭਾਗ ਨੇ ਇੱਕ ਵਿਦੇਸ਼ੀ ਸਪਲਾਇਰ ਤੋਂ ਪ੍ਰਾਪਤ ਮੁਆਵਜ਼ੇ ‘ਤੇ ਟੈਕਸ ਮੰਗ, ਵਿਆਜ ਅਤੇ ਜੁਰਮਾਨਾ ਲਗਾਇਆ ਹੈ। ਇਨਪੁਟ ਟੈਕਸ ਕ੍ਰੈਡਿਟ ਨੂੰ ਵੀ ਰੱਦ ਕਰ ਦਿੱਤਾ ਗਿਆ ਹੈ। ਇੰਡੀਗੋ ਦਾ ਕਹਿਣਾ ਹੈ ਕਿ ਇਹ ਹੁਕਮ ਕਾਨੂੰਨ ਦੇ ਅਨੁਸਾਰ ਨਹੀਂ ਹੈ ਅਤੇ ਟੈਕਸ ਨਿਯਮਾਂ ਦੀ ਗਲਤ ਵਿਆਖਿਆ ‘ਤੇ ਅਧਾਰਤ ਹੈ। ਇੰਡੀਗੋ ਦਾ ਕਹਿਣਾ ਹੈ ਕਿ ਇਹ ਹੁਕਮ ਕਾਨੂੰਨ ਦੇ ਵਿਰੁੱਧ ਹੈ ਅਤੇ ਉਹ ਇਸਨੂੰ ਅਦਾਲਤ ਵਿੱਚ ਚੁਣੌਤੀ ਦੇਵੇਗੀ। ਕੰਪਨੀ ਨੇ ਕਿਹਾ ਕਿ ਇਸ ਹੁਕਮ ਦਾ ਉਸਦੇ ਵਿੱਤੀ ਨਤੀਜਿਆਂ, ਸੰਚਾਲਨ ਜਾਂ ਹੋਰ ਗਤੀਵਿਧੀਆਂ ‘ਤੇ ਕੋਈ ਮਹੱਤਵਪੂਰਨ ਪ੍ਰਭਾਵ ਨਹੀਂ ਪਵੇਗਾ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਇੰਡੀਗੋ ਨੂੰ ਜੀਐਸਟੀ ਨਾਲ ਸਬੰਧਤ ਟੈਕਸ ਵਿਵਾਦ ਦਾ ਸਾਹਮਣਾ ਕਰਨਾ ਪਿਆ ਹੈ। ਇਸ ਤੋਂ ਪਹਿਲਾਂ, 30 ਮਾਰਚ ਨੂੰ, ਆਮਦਨ ਕਰ ਵਿਭਾਗ ਨੇ ਕੰਪਨੀ ਨੂੰ ਰੁ.944.20 ਕਰੋੜ ਦਾ ਜੁਰਮਾਨਾ ਲਗਾਇਆ ਸੀ। ਕੰਪਨੀ ਨੇ ਕਿਹਾ ਕਿ ਇਹ ਜੁਰਮਾਨਾ ਮੁਲਾਂਕਣ ਸਾਲ 2021-22 ਲਈ ਆਮਦਨ ਕਰ ਐਕਟ ਦੀ ਧਾਰਾ 270A ਦੇ ਤਹਿਤ ਲਗਾਇਆ ਗਿਆ ਸੀ। ਏਅਰਲਾਈਨ ਨੇ ਇਸ ਆਦੇਸ਼ ਨੂੰ “ਗਲਤ ਅਤੇ ਬੇਬੁਨਿਆਦ” ਦੱਸਿਆ ਸੀ। ਇੰਡੀਗੋ ਦੇ ਅਨੁਸਾਰ, ਇਹ ਜੁਰਮਾਨਾ ਆਮਦਨ ਕਰ ਵਿਭਾਗ ਦੀ ਮੁਲਾਂਕਣ ਇਕਾਈ ਦੁਆਰਾ ਲਗਾਇਆ ਗਿਆ ਸੀ।

# ਨਿਸ਼ਾਨ ਸਾਹਿਬ ਦਾ ਚੋਲਾ ਸਾਹਿਬ ਬਦਲਦਿਆਂ ਫਸਿਆ ਨੌਜਵਾਨ, 4 ਘੰਟਿਆਂ ਦੀ ਮੁਸ਼ੱਕਤ ਮਗਰੋਂ ਉਤਾਰਿਆ ਗਿਆ ਹੇਠਾਂ




ਅਬੋਹਰ ਦੇ ਪਿੰਡ ਗਿੱਦੜਾਂਵਾਲੀ ਵਿਖੇ ਗੁਰੂ ਘਰ ‘ਚ ਨਿਸ਼ਾਨ ਸਾਹਿਬ ਦਾ ਚੋਲਾ ਸਾਹਿਬ ਬਦਲਦੇ ਸਮੇਂ ਨੌਜਵਾਨ ਫਸ ਗਿਆ ਤੇ ਇਸ ਮਗਰੋਂ ਫੌਜ ਦੀ ਮਦਦ ਨਾਲ ਨੌਜਵਾਨ ਨੂੰ ਸਹੀ ਸਲਾਮਤ ਹੇਠਾਂ ਉਤਾਰਿਆ ਗਿਆ । ਨੌਜਵਾਨ ਨੂੰ ਹੇਠਾਂ ਉਤਾਰਨ ‘ਚ ਲਗਭਗ 4-5 ਘੰਟੇ ਲੱਗੇ ਤੇ ਇਸ ਤੋਂ ਬਾਅਦ ਨੌਜਵਾਨ ਨੂੰ ਚੈੱਕਅਪ ਲਈ ਹਸਪਤਾਲ ਵੀ ਲਿਜਾਇਆ ਗਿਆ। ਮਿਲੀ ਜਾਣਕਾਰੀ ਮੁਤਾਬਕ ਗੁਰੂ ਘਰ ਵਿਖੇ ਨਵੇਂ ਸਾਲ ਮੌਕੇ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਲਈ ਇਕ ਨੌਜਵਾਨ ਨਿਸ਼ਾਨ ਸਾਹਿਬ ਦੇ ਉਪਰ ਚੜ੍ਹਿਆ ਪਰ ਤਾਰ ਟੁੱਟਣ ਕਾਰਨ ਉਹ ਉਥੇ ਹੀ ਫਸ ਗਿਆ ਤੇ ਉਸ ਨੂੰ ਹੇਠਾਂ ਉਤਾਰਨ ਲਈ ਫੌਜ ਦੀ ਮਦਦ ਲਈ ਗਈ ਤੇ ਆਖਿਰਕਾਰ 3 ਘੰਟਿਆਂ ਦੀ ਮੁਸ਼ੱਕਤ ਮਗਰੋਂ ਨੌਜਵਾਨ ਨੂੰ ਠੀਕ-ਠਾਕ ਹੇਠਾਂ ਉਤਾਰ ਲਿਆ ਗਿਆ। ਚੈਕਅੱਪ ਲਈ ਜਦੋਂ ਨੌਜਵਾਨ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਫਸਟ ਏਡ ਦਿੱਤੀ। ਹਾਲਾਂਕਿ ਡਾਕਟਰਾਂ ਦਾ ਕਹਿਣਾ ਹੈ ਕਿ ਉਹ ਠੀਕ ਹੈ ਤੇ ਥੋੜ੍ਹੀ ਦੇਰ ਬਾਅਦ ਇਸ ਨੂੰ ਛੁੱਟੀ ਦੇ ਦਿੱਤੀ ਜਾਵੇਗੀ। ਸਹੀ-ਸਲਾਮਤ ਹੇਠਾਂ ਉਤਰ ਮਗਰੋਂ ਨੌਜਵਾਨ ਨੇ ਕਿਹਾ ਕਿ ਮੈਂ ਲਗਾਤਾਰ ਵਾਹਿਗੁਰੂ ਦਾ ਸਿਮਰਨ ਕਰ ਰਿਹਾ ਸੀ ਤੇ ਮੈਨੂੰ ਯਕੀਨ ਸੀ ਕਿ ਸੰਗਤ ਮੈਨੂੰ ਥੱਲੇ ਉਤਾਰ ਲਵੇਗੀ। ਦੱਸ ਦੇਈਏ ਕਿ ਗਰਾਰੀ ਤੋਂ ਤਾਰ ਲਹਿ ਜਾਣ ਕਾਰਨ ਨੌਜਵਾਨ ਹਵਾ ‘ਚ ਲਟਕਿਆ ਰਿਹਾ ਤੇ ਨੌਜਵਾਨ ਨੂੰ ਕਰੀਬ 4-5 ਘੰਟੇ ਮਗਰੋਂ ਸੁਰੱਖਿਅਤ ਹੇਠਾਂ ਉਤਾਰਿਆ ਗਿਆ ।

# ਪੰਜਾਬ ‘ਚ ਸਰਦੀਆਂ ਦੀਆਂ ਛੁੱਟੀਆਂ ਵਧੀਆਂ; ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਕੀਤਾ ਐਲਾਨ

ਚੰਡੀਗੜ੍ਹ: ਪੰਜਾਬ ‘ਚ ਵੱਧ ਰਹੀ ਠੰਢ ਦੇ ਕਾਰਨ, ਸਾਰੇ ਸਕੂਲਾਂ ਦੀਆਂ ਛੁੱਟੀਆਂ ਵਧਾ ਦਿੱਤੀਆਂ ਗਈਆਂ ਹਨ। ਸਾਰੇ ਨਿੱਜੀ ਅਤੇ ਸਰਕਾਰੀ, ਮਾਨਤਾ ਪ੍ਰਾਪਤ ਸਕੂਲ 8 ਜਨਵਰੀ ਨੂੰ ਦੁਬਾਰਾ ਖੁੱਲ੍ਹਣਗੇ। ਇਹ ਐਲਾਨ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕੀਤਾ ਹੈ। ਸਿੱਖਿਆ ਮੰਤਰੀ ਨੇ ਕਿਹਾ ਕਿ “ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ, ਸੂਬੇ ਵਿਚ ਲਗਾਤਾਰ ਵੱਧ ਰਹੀ ਠੰਡ ਅਤੇ ਧੁੰਦ ਨੂੰ ਦੇਖਦਿਆਂ ਬੱਚਿਆਂ ਅਤੇ ਸਟਾਫ ਦੀ ਸਿਹਤ ਅਤੇ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਸੂਬੇ ਦੇ ਸਾਰੇ ਸਰਕਾਰੀ, ਏਡਿਡ, ਮਾਨਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ ਵਿਚ 7 ਜਨਵਰੀ ਤੱਕ ਛੁੱਟੀਆਂ ਕੀਤੀਆਂ ਜਾਂਦੀਆਂ ਹਨ। ਹੁਣ ਸੂਬੇ ਦੇ ਸਾਰੇ ਸਕੂਲ 8 ਜਨਵਰੀ ਤੋਂ ਆਮ ਦਿਨਾਂ ਵਾਂਗ ਖੁੱਲ੍ਹਣਗੇ।”

# ਜਰਮਨੀ ਦੇ ਬੈਂਕ 'ਚ ਡਾਕਾ, 30 ਮਿਲੀਅਨ ਯੂਰੋ ਲੁੱਟੇ

*** ਵਾਰਦਾਤ ਤੋਂ 2 ਦਿਨ ਬਾਅਦ ਪੁਲਿਸ ਨੂੰ ਲੱਗੀ ਭਿਣਕ**
*** ਲੋਕਾਂ ਦੀ ਜ਼ਿੰਦਗੀ ਭਰ ਦੀ ਕਮਾਈ ਲੈ ਗਏ ਲੁਟੇਰੇ**



ਬਰਲਿਨ : ਜਰਮਨੀ ਵਿਚ ਨਵਾਂ ਸਾਲ ਚੜ੍ਹਨ ਤੋਂ ਪਹਿਲਾਂ ਚੋਰਾਂ ਨੇ ਚੰਨ ਚਾੜ੍ਹ ਦਿਤਾ ਅਤੇ ਸ਼ਪਾਰਕਾਸਾ ਬੈਂਕ ਵਿਚੋਂ 30 ਮਿਲੀਅਨ ਯੂਰੋ ਲੈ ਕੇ ਫ਼ਰਾਰ ਹੋ ਗਏ। ਗੈਲਜ਼ਨਕਰਸ਼ਨ ਸ਼ਹਿਰ ਵਿਚ ਵਾਪਰੀ ਵਾਰਦਾਤ ਦੌਰਾਨ ਚੋਰਾਂ ਨੇ ਬੈਂਕ ਦੀ ਕੰਧ ਵਿਚ ਸੰਨ੍ਹ ਲਾਉਣ ਵਾਸਤੇ ਡ੍ਰਿਲ ਦੀ ਵਰਤੋਂ ਕੀਤੀ ਅਤੇ ਬੈਂਕ ਦੇ ਅੰਦਰ ਮੌਜੂਦ ਗਾਹਕਾਂ ਦੇ ਲੌਕਰ ਤੋੜ ਕੇ ਗਹਿਣੇ ਜਾਂ ਹੋਰ ਕੀਮਤੀ ਸਮਾਨ ਵੀ ਕੱਢ ਲਿਆ। ਪੁਲਿਸ ਮੁਤਬਕ ਵਾਰਦਾਤ ਕ੍ਰਿਸਮਸ ਦੀਆਂ ਛੁੱਟੀਆਂ ਦੌਰਾਨ ਵਾਪਰੀ ਜਦੋਂ ਜ਼ਿਆਦਾਤਰ ਦੁਕਾਨਾਂ ਅਤੇ ਦਫ਼ਤਰ ਬੰਦ ਸਨ। ਚੋਰਾਂ ਨੇ ਇਹ ਸਮਾਂ ਜਾਣ-ਬੁੱਝ ਕੇ ਚੁਣਿਆ ਤਾਂਕਿ ਕਿਸੇ ਨੂੰ ਸ਼ੱਕ ਨਾ ਹੋਵੇ ਅਤੇ ਇਲਾਕੇ ਵਿਚ ਆਵਾਜਾਈ ਵੀ ਘੱਟ ਹੋਵੇ। ਚੋਰੀ ਬਾਰੇ 29 ਦਸੰਬਰ ਦੀ ਸਵੇਰ ਪੱਤਾ ਲੱਗਾ ਜਦੋਂ ਬੈਂਕ ਦਾ ਫ਼ਾਇਰ ਅਲਾਰਮ ਵੱਜਿਆ।

ਮੌਕੇ ’ਤੇ ਪੁੱਜੇ ਪੁਲਿਸ ਅਤੇ ਬੈਂਕ ਅਫ਼ਸਰਾਂ ਨੇ ਦੇਖਿਆ ਕਿ ਪਾਰਕਿੰਗ ਤੋਂ ਬੈਂਕ ਦੀ ਮੁੱਖ ਤਿਜੋਰੀ ਤੱਕ ਪੁੱਜਣ ਲਈ ਚੋਰਾਂ ਨੇ ਕੰਧ ਵਿਚ ਵੱਡਾ ਸੁਰਾਖ ਕਰ ਦਿਤਾ। ਪੁਲਿਸ ਮੁਤਾਬਕ ਬੈਂਕ ਦੇ ਨੇੜਲੇ ਇਲਾਕੇ ਵਿਚ ਰਹਿੰਦੇ ਕੁਝ ਲੋਕਾਂ ਨੇ ਸ਼ਨਿੱਚਰਵਾਰ ਰਾਤ ਤੋਂ ਐਤਵਾਰ ਸਵੇਰ ਤੱਕ ਕਈ ਨਕਾਬਪੋਸ਼ ਲੋਕਾਂ ਨੂੰ ਵੱਡੇ ਵੱਡੇ ਬੈਗ ਲਿਜਾਂਦੇ ਦੇਖਿਆ। ਸੀ.ਸੀ.ਟੀ.ਵੀ. ਕੈਮਰਿਆਂ ਵਿਚ ਕਾਲੇ ਰੰਗ ਦੀ ਔਡੀ ਆਰ.ਐਸ. 6 ਕਾਰ ਵੀ ਨਜ਼ਰ ਆਈ ਜਿਸ ਦੀ ਵਰਤੋਂ ਚੋਰਾਂ ਵੱਲੋਂ ਕੀਤੀ ਗਈ। ਪੁਲਿਸ ਵੱਲੋਂ ਇਸ ਵੱਡੀ ਵਾਰਦਾਤ ਨੂੰ ਹਾਲੀਵੁੱਡ ਫ਼ਿਲਮ ਓਸ਼ਨ ਇਲੈਵਨ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਕਈ ਦਿਨ ਦੀ ਵਿਉਂਤਬੰਦੀ ਤੋਂ ਬਗੈਰ ਐਨੀ ਵੱਡੀ ਚੋਰੀ ਨਹੀਂ ਕੀਤੀ ਜਾ ਸਕਦੀ। ਉਧਰ ਸ਼ਪਾਰਕਾਸਾ ਬੈਂਕ ਨੇ ਕਿਹਾ ਕਿ ਗਾਹਕਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ।

ਬੈਂਕ ਨੇ ਉਮੀਦ ਜ਼ਾਹਰ ਕੀਤੀ ਕਿ ਪੁਲਿਸ ਜਲਦ ਹੀ ਚੋਰਾਂ ਨੂੰ ਫੜ ਲਵੇਗੀ ਅਤੇ ਲੋਕਾਂ ਦਾ ਪੈਸਾ ਅਤੇ ਗਹਿਣੇ ਉਨ੍ਹਾਂ ਤੱਕ ਪੁੱਜਦੇ ਕੀਤੇ ਜਾ ਸਕਣਗੇ। ਦੂਜੇ ਪਾਸੇ ਬੈਂਕ ਦੇ ਗਾਹਕ ਬਰਾਂਚ ਦੇ ਬਾਹਰ ਇਕੱਤਰ ਹੋਣ ਲੱਗੇ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੀ ਸਾਰੀ ਕਮਾਈ ਬੈਂਕ ਵਿਚ ਜਮ੍ਹਾਂ ਕਰਵਾਈ ਹੋਈ ਸੀ। ਭੀੜ ਵਿਚ ਸ਼ਾਮਲ ਇਕ ਸ਼ਖਸ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਬੈਂਕ ਵਿਚ ਡਾਕੇ ਬਾਰੇ ਪਤਾ ਲੱਗਣ ਮਗਰੋਂ ਉਹ ਸੌਂ ਨਹੀਂ ਸਕਿਆ। ਗਾਹਕਾਂ ਦੇ 95 ਫ਼ੀ ਸਦੀ ਬਕਸੇ ਚੋਰਾਂ ਨੇ ਤੋੜ ਦਿਤੇ ਅਤੇ ਨੁਕਸਾਨ ਜ਼ਿਆਦਾ ਹੋਣ ਦਾ ਖਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ।

# ਪੇਰੂ ‘ਚ 2 ਰੇਲਗੱਡੀਆਂ ਦੀ ਆਹਮੋ ਸਾਹਮਣੇ ਟੱਕਰ; 1 ਦੀ ਮੌਤ, 30 ਤੋਂ ਵੱਧ ਯਾਤਰੀ ਜ਼ਖਮੀ



ਪੇਰੂ : ਦੱਖਣੀ ਅਮਰੀਕਾ ਦੇ ਇੱਕ ਦੇਸ਼ ਪੇਰੂ ਵਿੱਚ ਮਸ਼ਹੂਰ ਇੰਕਾ ਸਥਾਨ, ਮਾਚੂ ਪਿਚੂ ਵੱਲ ਜਾਣ ਵਾਲੇ ਰੇਲਵੇ ਟਰੈਕ ‘ਤੇ ਦੋ ਰੇਲਗੱਡੀਆਂ ਆਹਮੋ-ਸਾਹਮਣੇ ਟਕਰਾ ਗਈਆਂ। ਇਸ ਹਾਦਸੇ ਵਿੱਚ ਘੱਟੋ-ਘੱਟ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ 30 ਤੋਂ ਵੱਧ ਯਾਤਰੀ ਜ਼ਖਮੀ ਹੋ ਗਏ। ਇੰਕਾ ਰੇਲ ਅਤੇ ਪੇਰੂ ਰੇਲ ਦੁਆਰਾ ਸੰਚਾਲਿਤ ਇਹ ਰੇਲਗੱਡੀਆਂ ਮੁੱਖ ਤੌਰ ‘ਤੇ ਸੈਲਾਨੀਆਂ ਨੂੰ ਇਤਿਹਾਸਕ ਸਥਾਨ ‘ਤੇ ਲੈ ਜਾ ਰਹੀਆਂ ਸਨ।ਕੁਸਕੋ ਪੁਲਿਸ ਵਿਭਾਗ ਦੇ ਕੈਪਟਨ ਜੋਨਾਥਨ ਕੈਸਟੀਲੋ ਗੋਂਜ਼ਾਲੇਜ਼ ਨੇ ਕਿਹਾ ਕਿ ਮ੍ਰਿਤਕ ਇੱਕ ਰੇਲਵੇ ਕਰਮਚਾਰੀ ਸੀ। ਉਨ੍ਹਾਂ ਕਿਹਾ ਕਿ ਹਾਦਸੇ ਤੋਂ ਬਾਅਦ ਮਾਚੂ ਪਿਚੂ ਅਤੇ ਨੇੜਲੇ ਸ਼ਹਿਰ ਕੁਸਕੋ ਨੂੰ ਜੋੜਨ ਵਾਲੀ ਰੇਲਵੇ ਲਾਈਨ ‘ਤੇ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ। ਘਟਨਾ ਦੀਆਂ ਤਸਵੀਰਾਂ ਵੀ ਸਾਹਮਣੇ ਆਈਆਂ ਹਨ ਜਿਸ ਵਿੱਚ ਰੇਲਗੱਡੀਆਂ ਜੰਗਲ ਵਿੱਚ ਟਕਰਾਉਂਦੀਆਂ ਦਿਖਾਈ ਦੇ ਰਹੀਆਂ ਹਨ। ਪੁਲਿਸ ਇਸ ਗੰਭੀਰ ਘਟਨਾ ਦੀ ਜਾਂਚ ਕਰ ਰਹੀ ਹੈ ਤਾਂ ਜੋ ਹਾਦਸੇ ਦੇ ਪਿੱਛੇ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ। ਸਿਹਤ ਅਧਿਕਾਰੀਆਂ ਦੇ ਅਨੁਸਾਰ, ਜ਼ਖਮੀਆਂ ਵਿੱਚੋਂ 20 ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।

ਜਾਣਕਾਰੀ ਦਿੰਦਿਆਂ ਰੇਲਵੇ ਕੰਪਨੀ ਦੇ ਦੱਸਿਆ ਮਾਚੂ ਪਿਚੂ ਤੋਂ ਆ ਰਹੀ ਇੱਕ ਰੇਲਗੱਡੀ ਅਤੇ ਉੱਥੇ ਜਾ ਰਹੀ ਇੱਕ ਹੋਰ ਰੇਲਗੱਡੀ ਦੁਪਹਿਰ ਦੇ ਕਰੀਬ ਕੋਰੀਵਿਰਾਚੀਨਾ ਦੇ ਨੇੜੇ ਟਕਰਾ ਗਈ। ਕੋਰੀਵਿਰਾਚੀਨਾ ਵੀ ਇੱਕ ਪੁਰਾਤੱਤਵ ਸਥਾਨ ਹੈ। ਹਾਦਸੇ ਦਾ ਕਾਰਨ ਅਜੇ ਪਤਾ ਨਹੀਂ ਹੈ। ਸਥਾਨਕ ਮੀਡੀਆ ‘ਤੇ ਵੀਡੀਓਜ਼ ਵਿੱਚ ਟੁੱਟੀਆਂ ਖਿੜਕੀਆਂ ਅਤੇ ਡੈਂਟ ਵਾਲੇ ਪਾਸਿਆਂ ਨਾਲ ਹਾਦਸਾਗ੍ਰਸਤ ਰੇਲਗੱਡੀਆਂ ਨਜ਼ਰ ਆ ਰਹੀਆਂ ਹਨ। ਦੱਸ ਦਈਏ ਕਿ ਮਾਚੂ ਪਿਚੂ ਇੱਕ ਪ੍ਰਸਿੱਧ ਸੈਰ-ਸਪਾਟਾ ਸਥਾਨ ਹੈ, ਜੋ ਹਰ ਸਾਲ ਲਗਭਗ 1.5 ਮਿਲੀਅਨ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੈ। ਮਾਚੂ ਪਿਚੂ ਜਾਣ ਵਾਲੇ ਜ਼ਿਆਦਾਤਰ ਸੈਲਾਨੀ ਨੇੜਲੇ ਸ਼ਹਿਰ ਆਗੁਆਸ ਕੈਲੀਐਂਟੇਸ ਵਿੱਚ ਰੇਲਗੱਡੀ ਰਾਹੀਂ ਪਹੁੰਚਦੇ ਹਨ। ਇੰਕਾ ਸੱਭਿਅਤਾ ਦੌਰਾਨ ਵਧਿਆ-ਫੁੱਲਿਆ ਮਾਚੂ ਪਿਚੂ 15ਵੀਂ ਸਦੀ ਵਿੱਚ ਵਸਾਇਆ ਗਿਆ ਸੀ। ਸੈਲਾਨੀ ਉਸ ਸਮੇਂ ਦੀ ਆਰਕੀਟੈਕਚਰ ਕਲਾ ਤੋਂ ਬਹੁਤ ਪ੍ਰਭਾਵਿਤ ਹੁੰਦੇ ਹਨ। ਪਿਛਲੇ 10 ਸਾਲਾਂ ਵਿੱਚ ਮਾਚੂ ਪਿਚੂ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਵਿੱਚ ਲਗਭਗ 25 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ।

# ਪੰਜਾਬੀ ਨੌਜਵਾਨ ਦੀ ਕੈਨੇਡਾ 'ਚ ਦਿਲ ਦਾ ਦੌਰਾ ਪੈਣ ਨਾਲ ਮੌਤ

## ਮਾਪਿਆਂ ਦਾ ਸੀ ਇਕਲੌਤਾ ਪੁੱਤ



ਬਰਨਾਲਾ: ਵਿਦੇਸ਼ ਦੀ ਧਰਤੀ ਤੋਂ ਇਕ ਹੋਰ ਮੰਦਭਾਗੀ ਖਬਰ ਸਾਹਮਣੇ ਆਈ ਹੈ। ਬਰਨਾਲਾ ਜ਼ਿਲ੍ਹੇ ਦੇ ਪਿੰਡ ਛੀਨੀਵਾਲ ਕਲਾਂ ਦੇ ਵਸਨੀਕ ਦੀ ਕੈਨੇਡਾ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਹ ਦਸੰਬਰ 2023 ਵਿੱਚ ਸਟੱਡੀ ਵੀਜ਼ੇ ‘ਤੇ ਕੈਨੇਡਾ ਗਿਆ ਸੀ। ਮ੍ਰਿਤਕ ਨੌਜਵਾਨ ਦੀ ਪਹਿਚਾਣ ਬਲਤੇਜ ਸਿੰਘ (24) ਪੁੱਤਰ ਜਗਤਾਰ ਸਿੰਘ ਵਾਸੀ ਪਿੰਡ ਛੀਨੀਵਾਲ ਕਲਾਂ ਵਜੋਂ ਹੋਈ ਹੈ। ਬਲਤੇਜ ਸਿੰਘ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਸ ਦੀ ਮੌਤ ਦੀ ਖ਼ਬਰ ਨਾਲ ਪਿੰਡ ਅਤੇ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।

ਬਲਤੇਜ ਦੀ ਮੌਤ ਦੀ ਜਾਣਕਾਰੀ ਉਸਦੇ ਕੈਨੇਡਾ ਵਿੱਚ ਰਹਿੰਦੇ ਚਚੇਰੇ ਭਰਾ ਨੇ ਦਿੱਤੀ। ਬਲਤੇਜ ਇੱਕ ਸਧਾਰਨ ਕਿਸਾਨ ਪਰਿਵਾਰ ਤੋਂ ਸੀ। ਉਸਦੇ ਪਿਤਾ ਇੱਕ ਨਿੱਜੀ ਬੱਸ ਕੰਡਕਟਰ ਸਨ। ਉਸਨੇ ਆਪਣੇ ਪੁੱਤਰ ਨੂੰ ਬਿਹਤਰ ਭਵਿੱਖ ਲਈ ਵਿਦੇਸ਼ ਭੇਜਿਆ ਸੀ। ਪਰਿਵਾਰ ਦਾ ਕਹਿਣਾ ਹੈ ਕਿ ਲੱਖਾਂ ਰੁਪਏ ਕਰਜ਼ਾ ਚੁੱਕ ਕੇ ਉਸਨੂੰ ਵਿਦੇਸ਼ ਭੇਜਿਆ ਸੀ। ਉਨ੍ਹਾਂ ਕਿਹਾ ਕਿ 25 ਦਸੰਬਰ ਦੀ ਸਵੇਰ ਫ਼ੋਨ ਰਾਹੀਂ ਬਲਤੇਜ ਸਿੰਘ ਦੀ ਮੌਤ ਦੀ ਜਾਣਕਾਰੀ ਮਿਲੀ।

ਪਰਿਵਾਰ ਅਤੇ ਪਿੰਡ ਵਾਸੀਆਂ ਵੱਲੋਂ ਸਰਕਾਰ ਨੂੰ ਬਲਤੇਜ ਦੀ ਲਾਸ਼ ਨੂੰ ਪਿੰਡ ਵਾਪਸ ਲਿਆਉਣ ਦੀ ਅਪੀਲ ਕੀਤੀ ਜਾ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਦੇਹ ਨੂੰ ਭਾਰਤ ਵਾਪਸ ਲਿਆਉਣ ਦੀ ਕਾਗਜ਼ੀ ਕਾਰਵਾਈ ਅਤੇ ਵਾਪਸੀ ‘ਤੇ ਲਗਭਗ 25-27 ਲੱਖ ਰੁਪਏ ਖਰਚ ਆਵੇਗਾ। ਜ਼ਿਲ੍ਹੇ ਭਰ ਦੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਨੇ ਵੀ ਲੋਕਾਂ ਨੂੰ ਵਿੱਤੀ ਮਦਦ ਦੀ ਅਪੀਲ ਕੀਤੀ ਹੈ। ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਅਤੇ ਹਲਕਾ ਇੰਚਾਰਜ ਹਰਿੰਦਰ ਧਾਲੀਵਾਲ ਨੇ ਮ੍ਰਿਤਕ ਦੀ ਲਾਸ਼ ਲਿਆਉਣ ਵਿੱਚ ਮਦਦ ਦਾ ਭਰੋਸਾ ਦਿੱਤਾ ਹੈ।

# ਅਮਰੀਕਾ ਦੇ ਟੋਲਾਂ 'ਤੇ ਠੱਗੀਆਂ ਮਾਰਨ ਵਾਲੇ ਡਰਾਈਵਰ ਕਾਬੂ

*** 170 ਟਰੱਕ ਅਤੇ ਕਾਰਾਂ ਕੀਤੀਆਂ ਜ਼ਬਤ, ਇਕ ਹਜ਼ਾਰ ਤੋਂ ਵੱਧ ਨੂੰ ਜੁਰਮਾਨੇ**
*** ਨਿਊ ਯਾਰਕ ਸੂਬੇ ਵਿਚ ਵੱਖ-ਵੱਖ ਥਾਵਾਂ ’ਤੇ ਕੀਤੀ ਗਈ ਕਾਰਵਾਈ**



ਨਿਊਯਾਰਕ : ਅਮਰੀਕਾ ਵਿਚ ਜਾਅਲੀ ਲਾਇਸੰਸ ਪਲੇਟਾਂ ਲਾ ਕੇ ਟੋਲ ਪਾਰ ਕਰਨ ਵਾਲੇ ਟਰੱਕ ਡਰਾਈਵਰਾਂ ਵਿਰੁੱਧ ਕੀਤੀ ਵੱਡੀ ਕਾਰਵਾਈ ਦੌਰਾਨ ਨਿਊ ਯਾਰਕ ਸੂਬੇ ਵਿਚ 1 ਹਜ਼ਾਰ ਜੁਰਮਾਨੇ ਕੀਤੇ ਗਏ ਜਦਕਿ 170 ਟਰੱਕ ਅਤੇ ਗੱਡੀਆਂ ਨਿਊ ਯਾਰਕ ਸਟੇਟ ਥਰੂਵੇਅ ਅਥਾਰਟੀ ਨੇ ਜ਼ਬਤ ਕਰ ਲਈਆਂ ਜਿਨ੍ਹਾਂ ਵਿਚੋਂ ਘੱਟੋ ਘੱਟ 9 ਭਾਰਤੀਆਂ ਡਰਾਈਵਰਾਂ ਨਾਲ ਸਬੰਧਤ ਦੱਸੀਆਂ ਜਾ ਰਹੀਆਂ ਹਨ। ਗਵਰਨਰ ਕੈਥੀ ਹੋਚਲ ਨੇ ਦੱਸਿਆ ਕਿ ਐਲਬਨੀ, ਹਡਸਨ ਵੈਲੀ ਅਤੇ ਸਿਰਾਕਿਊਜ਼ ਵਿਖੇ ਨਿਊ ਯਾਰਕ ਸਟੇਟ ਥਰੂਵੇਅ ਅਥਾਰਟੀ ਅਤੇ ਨਿਊ ਯਾਰਕ ਸਟੇਟ ਪੁਲਿਸ ਵੱਲੋਂ ਸਾਂਝੇ ਤੌਰ ’ਤੇ ਕੀਤੀ ਕਾਰਵਾਈ ਦੌਰਾਨ ਸਾਹਮਣੇ ਆਇਆ ਕਿ ਟੋਲ ਤੋਂ ਬਚਣ ਲਈ ਕਈ ਟਰੱਕਾਂ ਦੀਆਂ ਲਾਇਸੰਸ ਪਲੇਟਸ ਹੀ ਉਤਾਰ ਦਿਤੀਆਂ ਗਈਆਂ।

ਜਾਅਲੀ ਲਾਇਸੰਸ ਪਲੇਟਸ ਤੋਂ ਇਲਾਵਾ ਡਰਾਈਵਿੰਗ ਦੌਰਾਨ ਸੀਟ ਬੈਲਟ ਨਾ ਲਾਉਣ, ਸੈੱਲ ਫੋਨ ਦੀ ਵਰਤੋਂ ਕਰਨ, ਐਕਸਪਾਇਰਡ ਡਰਾਈਵਰਜ਼ ਲਾਇਸੰਸ ਜਾਂ ਐਕਸਪਾਇਰਡ ਰਜਿਸਟ੍ਰੇਸ਼ਨ ਦੇ ਆਧਾਰ ’ਤੇ ਡਰਾਈਵਿੰਗ ਕਰਨ ਸਣੇ ਵੱਖ ਵੱਖ ਨਿਯਮਾਂ ਦੀ ਉਲੰਘਣਾ ਦੇ ਦੋਸ਼ ਹੇਠ ਜੁਰਮਾਨੇ ਕੀਤੇ ਜਾਣ ਦੀ ਰਿਪੋਰਟ ਹੈ। ਕੈਥੀ ਹੋਚਲ ਦਾ ਕਹਿਣਾ ਸੀ ਕਿ ਕੁਝ ਡਰਾਈਵਰਾਂ ਨੂੰ ਲਗਾਤਾਰ ਟੋਲ ਅਦਾ ਕੀਤੇ ਬਗੈਰ ਲੰਘਣ ਦੀ ਆਦਤ ਪੈ ਚੁੱਕੀ ਸੀ ਜਦਕਿ ਇਨਫ਼ਰਾਸਟ੍ਰਕਚਰ ਵਿਚ ਸੁਧਾਰ ਵਾਸਤੇ ਪੈਸੇ ਦੀ ਬੇਹੱਦ ਜ਼ਰੂਰਤ ਹੁੰਦੀ ਹੈ। ਟਰੱਕ ਡਰਾਈਵਰਾਂ ਤੋਂ ਇਲਾਵਾ ਕਾਰ ਸਵਾਰਾਂ ਨੂੰ ਵੀ ਜੁਰਮਾਨੇ ਕੀਤੇ ਗਏ ਜਿਨ੍ਹਾਂ ਦੀ ਗਿਣਤੀ 711 ਦੱਸੀ ਜਾ ਰਹੀ ਹੈ ਅਤੇ ਜੁਰਮਾਨੇ ਦੀ ਰਕਮ 2 ਲੱਖ ਡਾਲਰ ਤੋਂ ਵੱਧ ਬਣਦੀ ਹੈ। ਦੂਜੇ ਪਾਸੇ 30 ਨਿਊ ਯਾਰਕ ਸਟੇਟ ਪੁਲਿਸ ਵੱਲੋਂ ਜ਼ਬਤ 30 ਕਾਰਾਂ ਅਜਿਹੀਆਂ ਸਨ ਜਿਨ੍ਹਾਂ ਦੇ ਮਾਲਕਾਂ ਵੱਲ 82 ਹਜ਼ਾਰ ਡਾਲਰ ਦਾ ਟੋਲ ਬਕਾਇਆ ਖੜ੍ਹਾ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਟੋਲਜ਼ ਤੋਂ ਲਾਂਘੇ ਦੌਰਾਨ 92 ਹਜ਼ਾਰ ਮੌਕਿਆਂ ’ਤੇ ਰਕਮ ਹਾਸਲ ਨਾ ਹੋ ਸਕੀ ਕਿਉਂਕਿ ਗੱਡੀਆਂ ਦੀਆਂ ਲਾਇਸੰਸ ਪਲੇਟਸ ਪੜ੍ਹੀਆਂ ਨਹੀਂ ਸਨ ਜਾ ਸਕਦੀਆਂ। ਇਸ ਤੋਂ ਇਲਾਵਾ 36 ਹਜ਼ਾਰ ਮੌਕਿਆਂ ’ਤੇ ਗਲਤ ਟੋਲ ਵਸੂਲ ਕੀਤੇ ਗਏ। ਇਸੇ ਦੌਰਾਨ ਟਰੰਪ ਸਰਕਾਰ ਵੱਲੋਂ ਡਰਾਈਵਰਾਂ ਦੀ ਕਿੱਲਤ ਦੂਰ ਕਰਨ ਲਈ ਸਾਬਕਾ ਫੌਜੀਆਂ ਨੂੰ ਟ੍ਰਾਂਸਪੋਰਟ ਸੈਕਟਰ ਵੱਲ ਲਿਆਂਦਾ ਜਾ ਰਿਹਾ ਹੈ ਅਤੇ ਟ੍ਰਾਂਸਪੋਰਟ ਮੰਤਰਾਲੇ ਵੱਲੋਂ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਦੇ ਮਿਆਰਾਂ ਵਿਚ ਸੁਧਾਰ ਲਈ 118 ਮਿਲੀਅਨ ਡਾਲਰ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ। ਦੱਸ ਦੇਈਏ ਕਿ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਦਾ ਮਸਲਾ ਅਮਰੀਕਾ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਅਤੇ ਇਸ ਦਾ ਸਭ ਤੋਂ ਵੱਧ ਖਮਿਆਜ਼ਾ ਪੰਜਾਬੀ ਡਰਾਈਵਰਾਂ ਨੂੰ ਭੁਗਤਣਾ ਪੈ ਰਿਹਾ ਹੈ। ਮਾਮੂਲੀ ਕੋਤਾਹੀਆਂ ਕਰਨ ਵਾਲੇ ਵੀ ਹਿਰਾਸਤ ਵਿਚ ਲਏ ਜਾ ਰਹੇ ਹਨ ਅਤੇ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਵਾਲਿਆਂ ਦੀ ਕਾਰਵਾਈ ਵੱਖਰੇ ਤੌਰ ’ਤੇ ਚੱਲ ਰਹੀ ਹੈ।



# ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਦੇ 'ਕ੍ਰਿਸਮਸ ਗਾਲਾ-ਡਿਨਰ' ਮੌਕੇ ਬਣਿਆਂ ਖੁਸ਼ੀਆਂ-ਖੇੜਿਆਂ, ਨੇੜਤਾ ਤੇ 'ਸੈਂਟਾ ਬਾਬਾ' ਨੂੰ ਮਿਲਣ ਦਾ ਮਨੋਰੰਜਕ ਮਾਹੌਲ





ਬਰੈਂਪਟਨ, (ਡਾ. ਝੰਡ): ਕ੍ਰਿਸਮਸ ਪ੍ਰੇਮ-ਪਿਆਰ, ਖੁਸ਼ੀਆਂ-ਚਾਵਾਂ ਤੇ ਨਵੀਆਂ ਆਸਾਂ-ਉਮੀਦਾਂ ਦਾ ਸਾਂਝਾ ਤਿਓਹਾਰ ਹੈ। ਇਸ ਨੂੰ ਮਨਾਉਣ ਲਈ ਲੰਘੇ ਐਤਵਾਰ 28 ਦਸੰਬਰ ਨੂੰ ਬਰੈਂਪਟਨ ਦੀ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ' ਵੱਲੋਂ ਸਥਾਨਕ ਪਾਲ ਪਲੈਸ਼ੀ ਕਮਿਊਨਿਟੀ ਸੈਂਟਰ ਵਿਖੇ 'ਕ੍ਰਿਸਮਸ ਗਾਲਾ-ਡਿਨਰ' ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਇਸ ਕਲੱਬ ਦੇ 100 ਤੋਂ ਵਧੇਰੇ ਮੈਂਬਰ ਸ਼ਾਮਲ ਹੋਏ। ਸੀਨੀਅਰਜ਼ ਦੇ ਲਈ ਇਹ ਇਕੱਠੇ ਬੈਠਣ, ਗੱਲਾਂ-ਬਾਤਾਂ ਅਤੇ ਖੁਸ਼ੀਆਂ ਸਾਂਝੀਆਂ ਕਰਨ ਦਾ ਸੁਨਹਿਰੀ ਮੌਕਾ ਸੀ। ਇਸ ਮੌਕੇ ਹੋਏ ਡਾਂਸ, ਗੀਤ-ਸੰਗੀਤ, ਗੇਮਾਂ ਤੇ ਸੁਆਦਲੇ ਖਾਣ-ਪੀਣ ਨੇ ਇਸ ਵਿੱਚ ਹੋਰ ਵੀ ਵਧੀਆ ਰੰਗ ਭਰ ਦਿੱਤਾ। ਸਮਾਗਮ ਦੀ ਸ਼ੁਰੂਆਤ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਵੱਲੋਂ ਆਏ ਮਹਿਮਾਨਾਂ ਤੇ ਮੈਂਬਰਾਂ ਨੂੰ ਕਹੇ ਭਾਵਪੂਰਤ ਸੁਆਗ਼ਤੀ ਸ਼ਬਦਾਂ ਨਾਲ ਹੋਈ। ਉਨ੍ਹਾਂ ਦੱਸਿਆ ਕਿ ਕਲੱਬ ਵੱਲੋਂ ਇਸ ਸਾਲ 2025 ਦੌਰਾਨ 11 ਵੱਖ-ਵੱਖ ਈਵੈਂਟ ਆਯੋਜਿਤ ਕੀਤੇ ਗਏ ਹਨ। ਜਿਨ੍ਹਾਂ ਸਦਕਾ ਮੈਂਬਰਾਂ ਵਿਚਕਾਰ ਆਪਸੀ ਮੇਲ਼-ਜੋਲ਼ ਵਿੱਚ ਕਾਫ਼ੀ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਕ੍ਰਿਸਮਸ ਇੱਕ-ਦੂਸਰੇ ਨੂੰ ਮਿਲਣ ਅਤੇ ਖੁਸ਼ੀਆਂ ਸਾਂਝੀਆਂ ਕਰਨ ਦਾ ਤਿਓਹਾਰ ਹੈ ਅਤੇ ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਕੋਈ ਵੀ ਆਪਣੇ ਆਪ ਨੂੰ ਇਕੱਲਾ ਮਹਿਸੂਸ ਨਾ ਕਰੇ। ਇਸ ਦੌਰਾਨ 'ਲੀਜੈਂਡ ਟਾਇਰਜ਼' ਦੇ ਮਾਲਕ ਤੇ ਸੰਚਾਲਕ ਰੌਜਰ ਸ਼ਰਮਾ ਵੱਲੋਂ ਸਪਾਂਸਰ ਕੀਤੇ ਗਏ ਤੋਹਫ਼ੇ ਮੈਂਬਰਾਂ ਨੂੰ ਦਿੱਤੇ ਗਏ।

ਸਮਾਗਮ ਵਿੱਚ ਬਰੈਂਪਟਨ ਸੈਂਟਰ ਦੀ ਐੱਮ.ਪੀ. ਅਮਨਜੀਤ ਸੋਢੀ ਅਤੇ ਬਰੈਂਪਟਨ ਨੌਰਥ-ਕੈਲਾਡਨ ਦੀ ਐੱਮ.ਪੀ. ਰੂਬੀ ਸਹੋਤਾ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ। ਦੋਹਾਂ ਵੱਲੋਂ ਕਲੱਬ ਦੇ ਮੈਂਬਰਾਂ ਨੂੰ ਕ੍ਰਿਸਮਸ ਦੀਆਂ ਮੁਬਾਰਕਾਂ ਸਾਂਝੀਆਂ ਕੀਤੀਆਂ ਗਈਆਂ ਅਤੇ ਕਲੱਬ ਵੱਲੋਂ ਸੀਨੀਅਰਾਂ ਦੇ ਲਈ ਸਾਰਾ ਸਾਲ ਕੀਤੇ ਜਾਂਦੇ ਸਾਰਥਿਕ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਦੇ ਨਾਲ ਹੀ ਦੋਹਾਂ ਵੱਲੋਂ ਕਲੱਬ ਦਾ ਸਲਾਨਾ ਮੈਗ਼ਜ਼ੀਨ ਵੀ ਰੀਲੀਜ਼ ਕੀਤਾ ਗਿਆ ਜਿਸ ਵਿੱਚ ਕਲੱਬ ਦੀਆਂ ਸਾਰੇ ਸਾਲ ਦੀਆਂ ਸਰਗਰਮੀਆਂ ਦਾ ਤਸਵੀਰਾਂ ਸਮੇਤ ਵਿਸਥਾਰ ਪੂਰਵਕ ਜ਼ਿਕਰ ਕੀਤਾ ਗਿਆ ਹੈ। ਇਸ ਮੈਗ਼ਜ਼ੀਨ ਵਿੱਚ ਪ੍ਰਧਾਨ ਮੰਤਰੀ ਮਾਰਕ ਕਾਰਨੀ, ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਅਤੇ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਵੱਲੋਂ ਭੇਜੇ ਗਏ ਸੰਦੇਸ਼ ਵੀ ਸ਼ਾਮਲ ਕੀਤੇ ਗਏ ਹਨ। ਇਸ ਦੌਰਾਨ ਸਮੁੱਚੇ ਪ੍ਰੋਗਰਾਮ ਨੂੰ ਮੰਚ-ਸੰਚਾਲਕ ਅਨੁਜਾ ਕਾਬੁਲੀ ਵੱਲੋਂ ਬੜੇ ਵਧੀਆ ਤਰੀਕੇ ਅਤੇ ਸਲੀਕੇ ਨਾਲ ਤਰਤੀਬ ਦਿੰਦਿਆਂ ਹੋਇਆ ਪੇਸ਼ ਕੀਤਾ ਗਿਆ। ਮਨੋਰੰਜਨ ਦੀਆਂ ਆਈਟਮਾਂ ਵਿੱਚ ਡਾਂਸ, ਗਿੱਧਾ, ਦਿਲਚਸਪ ਗੇਮਾਂ, ਤੰਬੋਲਾ, ਆਦਿ ਸ਼ਾਮਲ ਸਨ ਜਿਨ੍ਹਾਂ ਵਿੱਚ ਮੈਂਬਰਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਸਮਾਗਮ ਦਾ ਸੱਭ ਤੋਂ ਰੌਚਕ ਭਾਗ 'ਸੈਂਟਾ ਬਾਬਾ' ਦੀ ਇਸ ਵਿੱਚ 'ਸਪੈਸ਼ਲ ਐਂਟਰੀ' ਸੀ ਜਿਸ ਨੇ ਸਾਰਿਆਂ ਨੂੰ ਬਹੁਤ ਪ੍ਰਭਾਵਿਤ ਕੀਤਾ। ਸੈਂਟਾ ਵੱਲੋਂ ਮੈਂਬਰਾਂ ਨੂੰ ਤੋਹਫ਼ੇ ਵੰਡਣ ਦੌਰਾਨ ਕਾਫ਼ੀ ਹਾਸੇ-ਠੱਠੇ ਤੇ ਹਲਕੇ ਮਜ਼ਾਕ ਦਾ ਖੁਸ਼ੀਆਂ ਭਰਪੂਰ ਮਾਹੌਲ ਬਣਿਆਂ। ਕਲੱਬ ਦੀ ਡਾਇਰੈੱਕਟਰ ਕਮਲ ਬਾਬਰਾ ਨੇ ਸਮਾਗ਼ਮ ਨੂੰ ਸੰਖੇਪ ਰੂਪ 'ਚ ਸੰਕੋਚਦਿਆਂ ਕਿਹਾ, "ਇਹ ਸ਼ਾਮ ਦਰਸਾਉਂਦੀ ਹੈ ਕਿ ਇਕੱਠੇ ਹੋ ਕੇ ਅਸੀਂ ਕੀ ਕੁਝ ਪ੍ਰਾਪਤ ਕਰ ਸਕਦੇ ਹਾਂ।" ਸਮਾਗਮ ਵਿੱਵ ਪਹੁੰਚੇ ਸਮੂਹ ਮਹਿਮਾਨਾਂ ਤੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਹੋਇਆਂ ਕਲੱਬ ਦੀ ਪ੍ਰਧਾਨ ਜਸਵਿੰਦਰ ਦੈਂਦ ਦਾ ਕਹਿਣਾ ਸੀ, "ਸੀਨੀਅਰਾਂ ਨੂੰ ਇਸ ਤਰ੍ਹਾਂ ਖੁਸ਼ ਅਤੇ ਇਕੱਠੇ ਵੇਖਣਾ ਸਾਡੀ ਕਲੱਬ ਦਾ ਮਿਸ਼ਨ ਹੈ, ਜਿਸ ਵਿੱਚ ਅਸੀਂ ਸਫ਼ਲ ਹੋਏ ਹਾਂ।" ਸਮਾਗਮ ਦੀ ਸਮਾਪਤੀ 'ਤੇ ਅਖ਼ੀਰ 'ਚ ਕਲੱਬ ਦੇ ਚੇਅਰਪਰਸਨ ਵੱਲੋਂ ਸਾਰੇ ਮੈਂਬਰਾਂ ਤੇ ਮਹਿਮਾਨਾਂ ਦਾ ਇਸ ਸਮਾਗਮ ਨੂੰ ਸਫ਼ਲ ਬਨਾਉਣ ਲਈ ਇੱਜ ਵਾਰ ਫਿਰ ਧੰਨਵਾਦ ਕੀਤਾ ਗਿਆ। ਅਗਲੇ ਸਾਲ 2026 ਲਈ ਸਮੂਹ ਮੈਂਬਰਾਂ ਨੂੰ ਸ਼ੁਭ-ਇੱਛਾਵਾਂ ਦਿੰਦਿਆਂ ਉਨ੍ਹਾਂ ਕਿਹਾ ਕਿ ਅਸੀਂ ਇੰਜ ਹੀ ਇਕੱਠੇ ਹੋ ਕੇ ਸਾਰੇ ਤਿਓਹਾਰ ਮਨਾਏ ਜਾਣਗੇ ਅਤੇ ਕਲੱਬ ਵੱਲੋਂ ਪਿਕਨਿਕਾਂ ਉੱਪਰ ਵੱਖ-ਵੱਖ ਥਾਵਾਂ ਦੇ ਮਨੋਰੰਜਕ ਟੂਰਾਂ 'ਤੇ ਜਾਣ ਦਾ ਪ੍ਰੋਗਰਾਮ ਉਲੀਕਿਆ ਜਾਏਗਾ।

# ਪੰਜਾਬ ਪੈਂਥਰਜ਼ ਫੀਲਡ ਹਾਕੀ ਕਲੱਬ ਨੇ 13ਵਾਂ ਸਲਾਨਾ ਟੂਰਨਾਮੈਂਟ ਕਰਵਾਇਆ






ਸਟਾਰ ਨਿਊਜ਼ (ਅਬਨਾਸ਼ ਨਿੱਜਰ): ਪੰਜਾਬ ਪੈਂਥਰਜ਼ ਫੀਲਡ ਹਾਕੀ ਕਲੱਬ ਫਲਿਡ ਹਾਕੀ ਵਿੱਚ ਇੱਕ ਜਾਣਿਆ ਪਛਾਣਿਆ ਨਾਂ ਹੈ। ਪਿਛਲੇ ਲੰਬੇ ਸਮੇਂ ਤੋਂ ਪੰਜਾਬ ਪੈਂਥਰਜ਼ ਫੀਲਡ ਹਾਕੀ ਕਲੱਬ ਵਲੋਂ ਸਲਾਨਾ ਹਾਕੀ ਟੂਰਨਾਮੈਂਟ ਕਰਵਾਇਆ ਜਾਂਦਾ ਹੈ। ਇਸ ਤਰ੍ਹਾਂ ਇਸ ਸਾਲ ਦਾ ਟੂਰਨਾਮੈਂਟ ਪਿਛਲੇ ਹਫਤੇ 27 ਦਸੰਬਰ ਨੂੰ ਪੰਜਾਬ ਪੈਂਥਰਜ਼ ਫੀਲਡ ਹਾਕੀ ਕਲੱਬ ਵੱਲੋਂ 45 ਸਾਲਾਂ ਤੋਂ ਵੱਧ ਦਾ 13ਵਾਂ ਸਾਲਾਨਾ ਸਫਲ ਹਾਕੀ ਟੂਰਨਾਮੈਂਟ ਕਰਵਾਇਆ ਗਿਆ। ਇਸ ਵਿੱਚ ਛੇ ਟੀਮਾਂ ਨੇ ਭਾਗ ਲਿਆ। ਫਾਈਨਲ ਮੈਚ ਵਿੱਚ ਟੋਰਾਂਟੋ ਲਾਇਨਜ਼ ਨੇ ਪੀਪੀਸੀ ਗਲੋਸਟਰ ਨੂੰ ਹਰਾਇਆ। ਪੰਜਾਬ ਪੈਂਥਰਜ਼ ਫੀਲਡ ਹਾਕੀ ਕਲੱਬ ਦੀਆਂ 2 ਟੀਮਾਂ ਨੇ ਹਿੱਸਾ ਲਿਆ ਅਤੇ ਦੋਵਾਂ ਨੇ ਸੈਮੀਫਾਈਨਲ ਲਈ ਕੁਆਲੀਫਾਈ ਕੀਤਾ। ਇਸ ਟੂਰਨਾਮੈਂਟ ਨੂੰ ਸਫਲਤਾਪੂਰਵਕ ਚਲਾਉਣ ਲਈ ਉਹ ਸਾਰੇ ਸਪਾਂਸਰਾਂ ਅਬਨਾਸ਼ ਨਿੱਜਰ, ਸੁਖਮਿੰਦਰ ਧਾਮੀ, ਹਰਮੀਤ ਸਿੰਘ, ਅਮਰ ਬਾਜਵਾ ਅਤੇ ਅੰਪਾਇਰ ਗਗਨਦੀਪ ਭੱਲਾ, ਬਲਜੀਤ ਰੰਧਾਵਾ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ। ਆਖਰੀ ਵਿੱਚ ਇਸ ਟੂਰਨਾਮੈਂਟ ਨੂੰ ਸਫ਼ਲ ਬਨਾਉਣ ਵਿੱਚ ਟੈਕਨੀਕਲ ਟੇਬਲ ਲਈ ਤਰਨਦੀਪ ਸਿੰਘ, ਅਧਿਕਾਰਤ ਫੋਟੋਗ੍ਰਾਫਰ ਵਜੋਂ ਗਗਨਦੀਪ ਸਿੰਘ ਅਤੇ ਸਾਰੇ ਵਲੰਟੀਅਰ ਦਾ ਵੀ ਧੰਨਵਾਦ ਕੀਤਾ ਗਿਆ।

# ਨਵੇਂ ਸਾਲ ਦੇ ਜਸ਼ਨਾਂ ਤੋਂ ਪਹਿਲਾਂ ਹਥਿਆਰਾਂ ਸਣੇ 6 ਗ੍ਰਿਫ਼ਤਾਰ



ਸਿਡਨੀ ਵਿੱਚ ਨਵੇਂ ਸਾਲ ਦੀ ਆਮਦ ਮੌਕੇ ਹੋਣ ਵਾਲੀ ਆਤਿਸ਼ਬਾਜ਼ੀ ਦੌਰਾਨ ਕੋਈ ਵੀ ਅਣਸੁਖਾਵੀਂ ਘਟਨਾ ਰੋਕਣ ਲਈ ਸਰਕਾਰ ਨੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਹਨ। ਪੁਲੀਸ ਤੇ ਅਤਿਵਾਦ ਨਾਲ ਟਾਕਰੇ ਬਾਰੇ ਮੰਤਰੀ ਯਾਸਮੀਨ ਕੈਟਲੀ ਨੇ ਦੱਸਿਆ ਕਿ ਸਿਡਨੀ ਵਿੱਚ ਦੇਸ਼-ਵਿਦੇਸ਼ ਤੋਂ ਕਰੀਬ 11 ਲੱਖ ਲੋਕਾਂ ਦੇ ਜੁੜਨ ਦੀ ਸੰਭਾਵਨਾ ਹੈ ਅਤੇ ਬੌਂਡੀ ਬੀਚ ਦੀ ਘਟਨਾ ਦੇ ਮੱਦੇਨਜ਼ਰ ਸੁਰੱਖਿਆ ਏਜੰਸੀਆਂ ਵਧੇਰੇ ਚੌਕਸ ਹਨ। ਇਸੇ ਦੌਰਾਨ ਪੁਲੀਸ ਨੇ ' 6 ਮੁਲਜ਼ਮਾਂ ਨੂੰ ਭਾਰੀ ਅਸਲੇ ਸਣੇ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਮੁਲਜ਼ਮਾਂ ਵਿੱਚ ਦੋ ਨਾਬਾਲਗ ਵੀ ਹਨ। ਪੁਲੀਸ ਨੂੰ ਸ਼ੱਕ ਹੈ ਕਿ ਇਹ ਸੰਭਾਵੀ ਤੌਰ 'ਤੇ 'ਭਾੜੇ ਦੇ ਕਾਤਲ' ਸਨ। ਡਿਟੈਕਟਿਵ ਐਕਟਿੰਗ ਸੁਪਰਡੈਂਟ ਆਫ ਪੁਲੀਸ ਬ੍ਰੈਡ ਐਬਡੀ ਅਨੁਸਾਰ ਪੁਲੀਸ ਨੇ ਪੱਛਮੀ ਸਿਡਨੀ ਦੇ ਟੂੰਗਾਬੀ ਵਿੱਚ ਵਿੰਡਸਰ ਰੋਡ 'ਤੇ ਇੱਕ ਟੈਕਸੀ ਰੋਕੀ; ਇਸ ਦੌਰਾਨ ਦੋ ਜਣਿਆਂ ਨੇ ਭੱਜਣ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਨੂੰ ਦਬੋਚ ਲਿਆ ਗਿਆ। ਗੱਡੀ 'ਚੋਂ ਭਰੀਆਂ ਹੋਈਆਂ ਬੰਦੂਕਾਂ ਮਿਲੀਆਂ।

ਇਸੇ ਤਰ੍ਹਾਂ ਸਵੇਰੇ ਜਦੋਂ ਪੁਲੀਸ ਰਾਊਸ ਹਿੱਲ ਸਥਿਤ ਇੱਕ ਘਰ ਵਿੱਚ ਪਹੁੰਚੀ ਤਾਂ ਉੱਥੋਂ ਤਿੰਨ ਨੌਜਵਾਨਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਨੂੰ ਪਿੱਛਾ ਕਰ ਕੇ ਫੜ ਲਿਆ ਗਿਆ। ਛਾਪੇ ਦੌਰਾਨ ਘਰ 'ਚੋਂ ਵਾਹਨਾਂ ਦੀਆਂ ਚੋਰੀ ਕੀਤੀਆਂ ਨੰਬਰ ਪਲੇਟਾਂ, ਚੋਰੀ ਦੀਆਂ 4 ਕਾਰਾਂ, ਸੈਮੀ-ਆਟੋਮੈਟਿਕ ਬੰਦੂਕਾਂ, 1000 ਤੋਂ ਵੱਧ ਕਾਰਤੂਸ ਅਤੇ ਹੋਰ ਗ਼ੈਰ-ਕਾਨੂੰਨੀ ਸਮੱਗਰੀ ਬਰਾਮਦ ਹੋਈ ਹੈ। ਪੁਲੀਸ ਸੁਪਰਡੈਂਟ ਅਨੁਸਾਰ ਇਹ ਗੋਲਾ-ਬਾਰੂਦ ਕਿਸੇ ਵਾਰਦਾਤ ਲਈ ਵਰਤਿਆ ਜਾਣਾ ਸੀ। ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਗਰੁੱਪ ਅਪਰਾਧਿਕ ਸੰਗਠਨਾਂ ਨੇ ਤਿਆਰ ਕੀਤਾ ਸੀ।

# ਸਾਊਦੀ ਅਰਬ ਵੱਲੋਂ ਯਮਨ 'ਤੇ ਬੰਬਾਰੀ

## ਸੰਯੁਕਤ ਅਰਬ ਅਮੀਰਾਤ ਤੋਂ ਵੱਖਵਾਦੀਆਂ ਲਈ ਲਿਆਂਦੀ ਹਥਿਆਰਾਂ ਦੀ ਖੇਪ ਨੂੰ ਲੈ ਕੇ ਕਾਰਵਾਈ



ਸਾਊਦੀ ਅਰਬ ਨੇ ਯਮਨ ਦੇ ਬੰਦਰਗਾਹ ਸ਼ਹਿਰ ਮੁਕਾਲਾ 'ਤੇ ਇਕ ਵੱਖਵਾਦੀ ਜਥੇਬੰਦੀ ਲਈ ਸੰਯੁਕਤ ਅਰਬ ਅਮੀਰਾਤ (ਯੂ ਏ ਈ) ਤੋਂ ਆਈ ਹਥਿਆਰਾਂ ਦੀ ਖੇਪ ਨੂੰ ਨਿਸ਼ਾਨਾ ਬਣਾ ਕੇ ਬੰਬਾਰੀ ਕੀਤੀ। ਬਾਅਦ ਵਿੱਚ ਇਸ ਰਿਆਸਤ ਨੇ ਯਮਨ ਵਿੱਚ ਵੱਖਵਾਦੀਆਂ ਦੀਆਂ ਹਾਲੀਆ ਪ੍ਰਾਪਤੀਆਂ ਲਈ ਸਿੱਧੇ ਤੌਰ 'ਤੇ ਯੂ ਏ ਈ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਆਬੂ ਧਾਬੀ ਨੂੰ ਚਿਤਾਵਨੀ ਦਿੱਤੀ ਕਿ ਉਸ ਦੀਆਂ ਕਾਰਵਾਈਆਂ ਬੇਹੱਦ ਖ਼ਤਰਨਾਕ ਹਨ।

ਇਹ ਹਮਲਾ ਸਾਊਦੀ ਅਰਬ ਅਤੇ ਯੂ ਏ ਈ ਸਮਰਥਿਤ 'ਸਦਰਨ ਟਰਾਂਜ਼ੀਸ਼ਨਲ ਕੌਂਸਲ' (ਐੱਸ ਟੀ ਸੀ) ਦਰਮਿਆਨ ਤਣਾਅ ਹੋਰ ਵਧਣ ਦਾ ਸੰਕੇਤ ਦਿੰਦਾ ਹੈ। ਇਸ ਨਾਲ ਰਿਆਦ ਅਤੇ ਆਬੂ ਧਾਬੀ ਦੇ ਰਿਸ਼ਤਿਆਂ ਵਿੱਚ ਵੀ ਤਣਾਅ ਵਧਣ ਦਾ ਸੰਕੇਤ ਮਿਲਦਾ ਹੈ। ਦੋਵੇਂ ਦੇਸ਼, ਹਾਲਾਂਕਿ ਵਿਆਪਕ ਮੱਧ-ਪੂਰਬ ਦੇ ਕਈ ਮੁੱਦਿਆਂ 'ਤੇ ਇੱਕ-ਦੂਜੇ ਦੇ ਕਰੀਬੀ ਸਾਥੀ ਹਨ, ਪਰ ਆਰਥਿਕ ਮੁੱਦਿਆਂ ਅਤੇ ਖੇਤਰ ਦੀ ਰਾਜਨੀਤੀ ਨੂੰ ਲੈ ਕੇ ਉਨ੍ਹਾਂ ਵਿਚਾਲੇ ਮੁਕਾਬਲਾ ਲਗਾਤਾਰ ਵਧ ਰਿਹਾ ਹੈ। ਸਾਊਦੀ ਅਰਬ ਦੇ ਹਵਾਈ ਹਮਲਿਆਂ ਤੋਂ ਬਾਅਦ ਯਮਨ ਵਿੱਚ ਹੂਤੀ ਵਿਰੋਧੀ ਬਲਾਂ ਨੇ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ ਬਲਾਂ ਨੇ ਆਪਣੇ ਕੰਟਰੋਲ ਵਾਲੇ ਇਲਾਕਿਆਂ ਵਿੱਚ ਸਾਰੀਆਂ ਸਰਹੱਦੀ ਚੌਕੀਆਂ ਨੂੰ 72 ਘੰਟੇ ਲਈ ਬੰਦ ਕਰਨ ਦਾ ਐਲਾਨ ਕੀਤਾ ਅਤੇ ਹਵਾਈ ਅੱਡਿਆਂ ਤੇ ਬੰਦਰਗਾਹਾਂ ਵਿੱਚ ਦਾਖ਼ਲੇ 'ਤੇ ਵੀ ਰੋਕ ਲਗਾ ਦਿੱਤੀ। ਹੈ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS




100% NATURAL PRODUCT
PRODUCT OF CANADA

ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।

ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿਚ ਹੁੰਦਾ ਹੈ, ਐਂਟੀ ਇਨਫਲਮੇਟਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।

ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਲਿਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।

ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr. Brampton
Indian Food Land, 45 Dusk Drive, Brampton

ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।

NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim

- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.



Guaranteed Issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind

RAJPAL BRAR
Your Insurance Specialist
Call for Consultation
416-917-1456

Consolidate your insurance under one policy to save the high cost rather wasting too much money on just policy fees

Trusted Name in the community from the last 12 years for our professional, honest, dedicated & committed service

PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ




Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
Tel: (416) 746-6699
Fax: (416) 746-6667
2662 Drew Road, Mississauga

ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE



- Save Money ...with one application you get access to many lenders, from major banks to private lenders; so we can find you the mortgage with the best rate and terms that fit your needs.
- Get Pre-Approved ...find out how much you qualify for and get pre-approved so you can choose your dream home with peace of mind.
- Expert Advice ...with many years of experience in the financial industry, you'll get the Right counsel.
- No Cost ...all my services are at no cost to you. OAC. Some restrictions apply.

- PURCHASES
- REFINANCES
- RENEWALS
- DEBT CONSOLIDATION
- SELF-EMPLOYED
- NEW TO CANADA
- HOME RENOVATIONS
- PRIVATE MORTGAGE
- INVESTMENTS

NOW HIRING
Start your career as a Mortgage Professional.
20 Maritime Blvd, Unit #11, Brampton, ON L6S0C2

MORTGAGE ALLIANCE
THE RIGHT BROKER™
THE RIGHT MORTGAGE®



CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjer
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

# ਕਿਤਾਬ ਤੇ ਕੰਪਿਊਟਰ – ਇਨ੍ਹਾਂ ਦਾ ਇਤਿਹਾਸ ਤੇ ਵਰਤੋਂ



ਕਿਤਾਬ ਦਾ ਇਤਿਹਾਸ ਲਿਖਾਈ ਅਤੇ ਕਾਗਜ਼ ਦੀਆਂ ਖੋਜਾਂ ਜਿੰਨਾਂ ਹੀ ਪੁਰਾਣਾ ਹੈ। ਅਜੋਕੀ ਪੀੜ੍ਹੀ ਜੋ ਕੰਪਿਊਟਰਾਂ ਅਤੇ ਸੈੱਲਫ਼ੋਨਾਂ ਉੱਪਰ ਉਂਗਲਾਂ ਮਾਰ-ਮਾਰ ਕੇ ਉਨ੍ਹਾਂ ਵਿੱਚੋਂ ਹਰੇਕ ਤਰ੍ਹਾਂ ਦੀ ਜਾਣਕਾਰੀ ਪ੍ਰਾਪਤ ਦੇ ਆਹਰ ਵਿੱਚ ਲੱਗੀ ਹੋਈ ਹੈ, ਉਸ ਨੂੰ ਕਿੱਥੋਂ ਪਤਾ ਹੋਣਾ ਹੈ ਕਿ ਅਜੋਕੀਆਂ ਰੰਗ–ਬਰੰਗੀਆਂ ਜਿਲਦਾਂ ਦੇ ਅੰਦਰ ਸੁੰਦਰ ਫ਼ੌਂਟਾਂ 'ਚ ਛਪੀਆਂ ਕਿਤਾਬਾਂ ਸ਼ੁਰੂ–ਸ਼ੁਰੂ ਵਿੱਚ ਕਿਹੋ ਜਿਹੀਆਂ ਹੁੰਦੀਆਂ ਸਨ। ਉਨ੍ਹਾਂ ਨੂੰ ਕੀ ਪਤਾ ਹੋਵੇਗਾ ਕਿ ਹਜ਼ਾਰਾਂ ਸਾਲ ਪਹਿਲਾਂ ਕਿਤਾਬਾਂ ਮਿੱਟੀ ਦੀਆਂ ਪਕਾਈਆਂ ਹੋਈਆਂ 'ਪੱਟੀਆਂ' (Clay Tablets), ਉਪਲੱਭਧ ਰੁੱਖਾਂ ਦੀ 'ਛਿੱਲਾਂ'(Barks), ਪਾਮ ਦੇ ਪੱਤਿਆਂ (Palm Leaves) ਅਤੇ 'ਪੇਪੀਰਸ' (Papyrus) ਰੁੱਖ ਦੇ ਗੁੱਦੇ ਦੀਆਂ ਬਣੀਆਂ ਵੀ ਹੁੰਦੀਆਂ ਸਨ। ਕਾਗਜ਼ ਤੇ ਸਿਆਹੀ ਦੀ ਖੋਜ ਤੋਂ ਬਾਅਦ ਮਨੁੱਖ ਵੱਲੋਂ ਹੱਥਾਂ ਨਾਲ ਬਣਾਏ ਗਏ ਕਾਗਜ਼ ਉੱਪਰ ਖ਼ੁਸ਼ਖ਼ਤ ਲਿਖਾਈ ਵਿੱਚ ਲਿਖੇ ਗਏ 'ਹੱਥ–ਖਰੜੇ' (Manuscripts) ਤਿਆਰ ਹੋਏ, ਜਿਹੜੇ ਹੁਣ ਵੀ ਕਈ ਲਾਇਬ੍ਰੇਰੀਆਂ ਦੇ 'ਦੁਰਲੱਭ ਪੁਸਤਕਾਂ ਤੇ ਖਰੜਿਆਂ ਦੇ ਵਿਭਾਗਾਂ' (Rare Books and Manuscripts Sections) ਅਤੇ 'ਆਰਕਾਈਵਜ਼' (Archives) ਵਿੱਚ ਵੇਖੇ ਭਾਲ਼ੇ ਜਾ ਸਕਦੇ ਹਨ।

ਅਜੋਕੀ ਪੀੜ੍ਹੀ ਤੇ ਆਮ ਪਾਠਕਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ 'ਪੱਟੀਆਂ' ਉੱਪਰ ਲਿਖੀਆਂ ਗਈਆਂ ਇਹ 'ਕਿਤਾਬਾਂ' (Clay Tablets) ਮੈਸੋਪੋਟੇਮੀਆ ਵਿੱਚ ਲੱਗਭੱਗ ਸਾਢੇ ਪੰਜ ਹਜ਼ਾਰ ਸਾਲ ਪਹਿਲਾਂ ਉਪਲੱਭਧ ਸਨ ਅਤੇ ਇਨ੍ਹਾਂ ਦੀ ਗਿਣਤੀ ਉਦੋਂ ਲੱਖਾਂ ਵਿੱਚ ਸੀ। ਇੰਟਰਨੈੱਟ ਤੋਂ ਪ੍ਰਾਪਤ ਇੱਕ ਜਾਣਕਾਰੀ ਅਨੁਸਾਰ ਉਸ ਸਮੇਂ ਪੰਜ ਲੱਖ ਤੋਂ ਵਧੇਰੇ ਅਜਿਹੀਆਂ 'ਕਿਤਾਬਾਂ' ਮੌਜੂਦ ਸਨ। ਅਮਰੀਕਾ ਵੱਲੋਂ 2003 ਵਿੱਚ ਈਰਾਕ ਉੱਪਰ ਕੀਤੇ ਗਏ ਹਮਲੇ ਦੌਰਾਨ ਅਮਰੀਕੀ ਫ਼ੌਜੀਆਂ ਵੱਲੋਂ ਉੱਥੋਂ ਜਿਹੜੀਆਂ ਕੀਮਤੀ ਚੀਜ਼ਾਂ ਲੁੱਟੀਆਂ ਗਈਆਂ, ਉਨ੍ਹਾਂ ਵਿੱਚ ਅਜਿਹੀਆਂ ਪੌਣੇ ਦੋ ਲੱਖ 'ਪੱਟੀਆਂ'(Clay Tablets) ਵੀ ਸ਼ਾਮਲ ਸਨ। ਇਹ ਅਜੇ ਵੀ ਉੱਥੋਂ ਕਈ ਪੁਰਾਣੀਆਂ ਲਾਇਬ੍ਰੇਰੀਆਂ ਵਿੱਚ ਮੌਜੂਦ ਹਨ। ਇਨ੍ਹਾਂ 'ਪੱਟੀਆਂ' ਨੂੰ ਤਿਆਰ ਕਰਨ ਲਈ ਮਿੱਟੀ ਨੂੰ ਚੰਗੀ ਤਰ੍ਹਾਂ ਗੁੰਨ੍ਹ ਕੇ ਇਸ ਨੂੰ ਨਿੱਕੀ ਜਿਹੀ 'ਸਿਲ਼' ਦਾ ਰੂਪ ਦਿੱਤਾ ਜਾਂਦਾ ਸੀ ਅਤੇ ਇਸ ਇਸ 'ਗਿੱਲੀ ਸਿਲ਼' ਉੱਪਰ ਤਿੱਖੀ ਨੋਕ ਵਾਲੀ ਖ਼ਾਸ ਕਿਸਮ ਦੀ ਖ਼ਾਸ 'ਚੀਜ਼'(Cunei) ਨਾਲ ਅੱਖਰ ਉਕਰੇ ਜਾਂਦੇ ਸਨ। ਫਿਰ ਇਨ੍ਹਾਂ 'ਪੱਟੀਆਂ' (ਛੋਟੀਆਂ–ਛੋਟੀਆਂ ਸਿਲ਼ਾਂ) ਨੂੰ ਅੱਗ ਵਿੱਚ ਪਕਾ ਲਿਆ ਜਾਂਦਾ ਸੀ। ਇਸ ਤੋਂ ਅਗਲੇ ਸਮੇਂ ਦੀ ਗੱਲ ਕਰੀਏ ਤਾਂ ਉਦੋਂ ਲਿਖਾਈ ਰੁੱਖਾਂ ਦੀਆਂ 'ਛਿੱਲਾਂ' ਉੱਪਰ ਵੀ ਕੀਤੀ ਜਾਂਦੀ ਸੀ। ਕਈ ਰੁੱਖਾਂ ਦੀਆਂ ਛਿੱਲਾਂ (Barks) ਅੰਦਰੋਂ ਬੜੀਆਂ ਸਾਫ਼ ਤੇ ਮੁਲਾਇਮ ਹੁੰਦੀਆਂ ਹਨ। ਇਨ੍ਹਾਂ ਨੂੰ ਤਣੇ ਤੋਂ ਲੰਮੇਂ ਰੁਖ਼ ਉਤਾਰ ਕੇ ਸੁਕਾ ਲਿਆ ਜਾਂਦਾ ਸੀ ਅਤੇ ਇਨ੍ਹਾਂ ਉੱਪਰ ਖ਼ੁਸ਼ਖ਼ਤ ਲਿਖਾਈ ਕੀਤੀ ਜਾਂਦੀ ਸੀ। ਉਸ ਤੋਂ ਬਾਅਦ ਲਿਖਣ ਲਈ ਫਿਰ 'ਪੇਪੀਰਸ' ਨਾਂ ਦੇ ਰੁੱਖ ਦੇ ਤਣੇ ਤੇ ਟਾਹਣੀਆਂ ਦਾ 'ਗੁੱਦਾ' ਤਿਆਰ ਕਰਕੇ, ਇਸ ਦੀ ਪਤਲੀ ਜਿਹੀ ਤਹਿ ਬਣਾ ਕੇ ਮੁੱਢਲੇ 'ਕਾਗਜ਼' ਦੇ ਰੂਪ ਵਿੱਚ ਵਰਤਿਆ ਜਾਣ ਲੱਗਾ, ਜਿਸ ਉੱਪਰ ਹੱਥ ਨਾਲ ਖ਼ੁਸ਼ਖ਼ਤ ਲਿਖਾਈ ਕੀਤੀ ਜਾਂਦੀ ਸੀ। ਸਿਆਹੀ ਸੁੱਕਣ ਤੋਂ ਬਾਅਦ ਇਨ੍ਹਾਂ ਨੂੰ ਵਲ੍ਹੇਟ ਕੇ ਇਨ੍ਹਾਂ ਦੇ 'ਸਕਰੋਲ' (Scroll) ਬਣਾ ਲਏ ਜਾਂਦੇ ਸਨ। ਕਾਗਜ਼ ਬਨਾਉਣ ਲਈ ਇਹ 'ਪੇਪੀਰਸ' ਮਿਸਰ ਵਿੱਚ ਲੱਗਭੱਗ ਪੰਜ ਹਜ਼ਾਰ ਸਾਲ ਪਹਿਲਾਂ ਵਰਤਿਆ ਗਿਆ, ਕਿਉਂਕਿ ਨੀਲ ਦਰਿਆ ਦੇ ਕਿਨਾਰੇ ਇਸ ਦੇ ਰੁੱਖ ਉਸ ਸਮੇਂ ਵੱਡੀ ਗਿਣਤੀ ਵਿੱਚ ਮੌਜੂਦ ਸਨ। ਹੱਥ–ਲਿਖਤ ਖਰੜਿਆਂ ਦਾ ਇਹ ਸਿਲਸਿਲਾ ਕਈ ਹਜ਼ਾਰ ਸਾਲ ਚੱਲਦਾ ਰਿਹਾ ਅਤੇ ਬਹੁਤ ਸਾਰੇ ਧਾਰਮਿਕ ਤੇ ਇਤਿਹਾਸਕ ਗ੍ਰੰਥ ਇਸ ਰੂਪ ਵਿੱਚ ਲਿਖੇ ਗਏ ਜੋ ਅੱਜ ਵੀ ਕਈ ਪੁਰਾਣੀਆਂ ਲਾਇਬ੍ਰੇਰੀਆਂ ਤੇ ਆਰਕਾਈਵਜ਼ ਵਿੱਚ ਮੌਜੂਦ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਕਿਤਾਬ ਨੂੰ ਅਜੋਕੇ ਰੂਪ ਵਿੱਚ ਆਉਣ ਲਈ ਹਜ਼ਾਰਾਂ ਸਾਲ ਲੱਗ ਗਏ।

ਪੁਸਤਕਾਂ ਦੀ ਛਪਾਈ (Printing) ਦੇ ਅਜੋਕੇ ਇਤਿਹਾਸ ਦਾ ਪੰਨਾ ਜਰਮਨੀ ਦੇ ਖੋਜੀ ਬਿਰਤੀ ਦੇ ਮਾਲਕ ਕਿੱਤੇ ਵਜੋਂ 'ਲੋਹਾਰ' ਜੌਹਨਜ਼ ਗਟਨਬਰਗ ਵੱਲੋਂ 1450 ਈਸਵੀ ਵਿੱਚ ਈਜਾਦ ਕੀਤੀ ਗਈ 'ਮੂਵੇਬਲ ਟਾਈਪ ਪ੍ਰਿੰਟਿੰਗ ਪ੍ਰੈੱਸ' (Movable Type Printing ) ਨਾਲ ਆਰੰਭ ਹੁੰਦਾ ਹੈ, ਭਾਵੇਂ ਪ੍ਰਿੰਟਿੰਗ ਇਸ ਤੋਂ ਪਹਿਲਾਂ ਵੀ ਕੀਤੀ ਜਾਂਦੀ ਸੀ, ਪਰ ਉਦੋਂ ਕਿਤਾਬਾਂ ਬਹੁਤ ਘੱਟ ਗਿਣਤੀ ਵਿੱਚ ਛਪਦੀਆਂ ਸਨ। ਇਸ ਪ੍ਰਿੰਟਿੰਗ ਦੇ ਆਉਣ ਨਾਲ ਕਿਤਾਬਾਂ ਵੱਡੀ ਗਿਣਤੀ ਵਿੱਚ ਛਪਣ ਲੱਗੀਆਂ। ਪ੍ਰਿੰਟਿੰਗ ਦੇ ਇਤਿਹਾਸ ਵਿੱਚ 'ਲਾਈਨੋਟਾਈਪ ਪ੍ਰਿੰਟਿੰਗ' (Linotype Printing) 1876 'ਚ, 'ਪੱਥਰ–ਛਾਪ ਪ੍ਰਿੰਟਿੰਗ' (Lithographic Limestone Printing) 1897 'ਚ, ਅਤੇ 'ਆਫ਼ਸੈੱਟ ਪ੍ਰਿੰਟਿੰਗ' (Offset Printing) 1904 ਵਿੱਚ ਸ਼ੁਰੂ ਹੋਣ ਦਾ ਜ਼ਿਕਰ ਆਉਂਦਾ ਹੈ। ਪੰਜਾਬ ਵਿੱਚ ਸੱਭ ਤੋਂ ਪਹਿਲੀ ਪ੍ਰਿੰਟਿੰਗ ਪ੍ਰੈੱਸ 'ਲੁਧਿਆਣਾ ਮਿਸ਼ਨ ਪ੍ਰੈੱਸ' ਦੇ ਅਮਰੀਕਨ ਮਿਸ਼ਨਰੀਆਂ ਵੱਲੋਂ 1835 ਵਿੱਚ ਲਗਾਈ ਗਈ, ਜਿੱਥੇ ਉਨ੍ਹਾਂ ਨੇ ਸੱਭ ਤੋਂ ਪਹਿਲਾਂ 'ਬਾਈਬਲ' ਪੰਜਾਬੀ ਵਿੱਚ ਛਾਪੀ ਅਤੇ ਫਿਰ ਈਸਾਈ ਮੱਤ ਦੇ ਪ੍ਰਚਾਰ ਲਈ ਹੋਰ ਸਾਹਿਤ ਛਾਪਿਆ।

ਅਜੋਕੇ ਸਮੇਂ ਵਿੱਚ ਪ੍ਰਿੰਟਿੰਗ ਦੀ ਜੇਕਰ ਗੱਲ ਕਰੀਏ ਤਾਂ ਹੁਣ ਪੁਸਤਕਾਂ ਦੀ ਛਪਾਈ ਵਿੱਚ ਕੰਪਿਊਟਰ ਦੀ ਭਰਪੂਰ ਵਰਤੋਂ ਹੋ ਰਹੀ ਹੈ। ਪਹਿਲੀ ਗੱਲ ਤਾਂ ਕਿਤਾਬ ਦਾ ਸਮੁੱਚਾ 'ਟੈੱਕਸਟ' (ਠੲਣਟ) ਹੀ ਕੰਪਿਊਟਰ ਉੱਪਰ ਟਾਈਪ ਕੀਤਾ ਜਾਂਦਾ ਹੈ ਅਤੇ ਕਿਤਾਬ ਦਾ ਸਮੁੱਚਾ 'ਖਰੜਾ' ਤਿਆਰ ਕੀਤਾ ਜਾਂਦਾ ਹੈ। ਫਿਰ ਇਸ ਦੀ ਸੀ.ਡੀ. (C D) ਬਣਾ ਕੇ ਪ੍ਰਿੰਟਰ ਨੂੰ ਭੇਜੀ ਜਾਂਦੀ ਹੈ ਜੋ ਇਸ ਨੂੰ ਪ੍ਰਿੰਟਿੰਗ ਮਸ਼ੀਨ ਨਾਲ ਜੋੜ ਕੇ ਇਸ ਨੂੰ ਲੋੜੀਂਦੀਆਂ 'ਹਦਾਇਤਾਂ' (Programming) ਦੇ ਕੇ ਸੰਬੰਧਿਤ ਕਿਤਾਬ ਦੀਆਂ ਲੋੜ ਅਨੁਸਾਰ ਕਾਪੀਆਂ ਛਾਪਦਾ ਹੈ। ਇਸ ਦੇ ਨਾਲ ਹੀ ਹੁਣ ਤਾਂ 'ਈ–ਬੁੱਕਸ', 'ਈ–ਜਰਨਲਜ਼' ਅਤੇ 'ਈ–ਮੈਗ਼ਜੀਨ' ਵੀ ਆ ਗਏ ਹਨ ਜੋ ਕੰਪਿਊਟਰ 'ਤੇ ਉਪਲੱਭਧ ਹਨ। ਅਸੀਂ ਵੇਖਦੇ ਹਾਂ ਕਿ ਅੱਜਕੱਲ੍ਹ ਡਿਜੀਟਲ ਮੀਡੀਆ ਜ਼ੋਰ ਫੜ੍ਹਦਾ ਜਾ ਰਿਹਾ ਹੈ ਅਤੇ ਕਾਗਜ਼ ਉੱਪਰ ਛਪਣ ਵਾਲੀਆਂ ਕਿਤਾਬਾਂ ਦੀ ਗਿਣਤੀ ਘੱਟਦੀ ਜਾ ਰਹੀ ਹੈ।

ਹੁਣ ਜੇਕਰ ਕੰਪਿਊਟਰ ਦੀ ਗੱਲ ਕਰੀਏ ਤਾਂ ਕਿਤਾਬ ਦੇ ਮੁਕਾਬਲੇ ਕੰਪਿਊਟਰ ਦਾ ਇਤਿਹਾਸ ਵੀਹਵੀਂ ਸਦੀ ਦੇ ਦੂਸਰੇ ਦਹਾਕੇ ਤੋਂ ਸ਼ੁਰੂ ਹੁੰਦਾ ਹੈ, ਜਦੋਂ 1920'ਵਿਆਂ ਵਿੱਚ 'ਟਰਮ' (ਵਾਕਅੰਸ਼) 'ਕੰਪਿਊਟਿੰਗ ਮਸ਼ੀਨ' ਹੋਂਦ ਵਿੱਚ ਆਈ। 1940'ਵਿਆਂ ਤੇ 1950'ਵਿਆਂ ਵਿੱਚ ਕਈ ਕਿਸਮ ਦੀਆਂ ਇਲੈੱਕਟਰੌਨਿਕ ਮਸ਼ੀਨਾਂ ਦੇ ਆਉਣ 'ਤੇ ਇਹ ਟਰਮ ਹੌਲ਼ੀ ਹੌਲ਼ੀ 'ਕੰਪਿਊਟਰ' 'ਚ ਬਦਲ ਗਈ। ਕੰਪਿਊਟਰਾਂ ਦੀ ਸ਼੍ਰੇਣੀ 'ਚ ਪਹਿਲਾਂ 'ਐਨਾਲਾਗ' (ANALOG) ਕੰਪਿਊਟਰ' ਆਏ ਤੇ ਫਿਰ ਉਸ ਤੋਂ ਬਾਅਦ ਹੌਲ਼ੀ–ਹੌਲ਼ੀ 'ਐਨੀਏਕ' (ENVAC), 'ਐਡਵਾਕ' (EDVAC) , 'ਐਡਸੈਕ' (EDSAC) ਤੇ 'ਬਾਈਨੈਕ' (BINAC) ਕੰਪਿਊਟਰਾਂ ਦੀ ਵਾਰੀ ਆਈ।

ਅਸੀਂ ਇਨ੍ਹਾਂ ਦੇ ਵਿਸਥਾਰ 'ਚ ਨਹੀਂ ਜਾਂਦੇ, ਕਿਉਂਕਿ ਇਹ ਆਪਣੇ ਆਪ ਵਿੱਚ ਲੰਮੀ ਕਹਾਣੀ ਹੈ ਤੇ ਇਹ ਇੱਥੇ ਬਿਆਨ ਕਰਨ ਦੀ ਲੋੜ ਨਹੀਂ ਹੈ। ਅਸੀਂ ਸਿੱਧੇ 1980'ਵਿਆਂ ਤੇ 1990'ਵਿਆਂ ਵੱਲ ਆਉਂਦੇ ਹਾਂ ਜਦੋਂ ਕੰਪਿਊਟਰ ਦੀ ਵਰਤੋਂ 'ਸ਼ਬਦ–ਬਣਤਰ' (ਵਰਡ–ਪ੍ਰਾਸੈੱਸਿੰਗ) ਲਈ ਹੋਣ ਲੱਗੀ। 1989 ਵਿੱਚ 'ਐਪਲ' ਨਾਂ ਦੀ ਕੰਪਨੀ ਨੇ 'ਪੋਰਟੇਬਲ ਲੈਪਟਾਪ' ਤਿਆਰ ਕੀਤਾ ਜਿਸ ਦਾ ਭਾਰ 7.2 ਕਿਲੋਗਰਾਮ (16 ਪੌਂਡ) ਅਤੇ ਇਸ ਦੀ ਕੀਮਤ 7,300 ਅਮਰੀਕੀ ਡਾਲਰ ਸੀ, ਜਦਕਿ 1980–1990 ਦੇ ਦਹਾਕੇ ਦੌਰਾਨ ਆਈ.ਬੀ.ਐੱਮ. ਕੰਪਨੀ ਦੇ 'ਬਿਜ਼ਨੈੱਸ ਸਿਸਟਮ ਸੈਂਟਰ' ਵੱਲੋਂ ਬਿਜ਼ਨੈੱਸ ਦੇ ਮੰਤਵ ਲਈ ਤਿਆਰ ਕੀਤੇ ਗਏ 'ਮਾਈਕਰੋਪ੍ਰੋਸੈੱਸਰ ਕੰਪਿਊਟਰਾਂ' ਦੀ ਕੀਮਤ ਲੱਗਭੱਗ 14,000 ਡਾਲਰ ਸੀ। ਇਸ ਤੋਂ ਭਲੀ–ਭਾਂਤ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਤੋਂ ਪਹਿਲੇ ਮੁੱਢਲੇ ਵੱਡੇ ਕੰਪਿਊਟਰ ਜੋ ਇੱਕ ਕਮਰੇ ਵਿੱਚ ਮਸਾਂ ਇੱਕ–ਇੱਕ ਹੀ ਸਮਾਏ ਜਾਂਦੇ ਸਨ, ਕਿਸ ਕਿਸਮ ਦੇ ਹੋਣਗੇ ਤੇ ਇਨ੍ਹਾਂ ਦੀ ਕੀਮਤ ਕਿੰਨੀ ਹੁੰਦੀ ਹੋਵੇਗੀ। ਉੱਪਰੋਂ ਇਨ੍ਹਾਂ ਵਿੱਚ ਪਏ ਨੁਕਸਾਂ ਦਾ ਵੀ ਜਲਦੀ ਪਤਾ ਨਹੀਂ ਸੀ ਲੱਗਦਾ। ਕਹਿੰਦੇ ਹਨ ਕਿ ਇਕ ਵਾਰ ਅਜਿਹੇ ਕੰਪਿਊਟਰ ਵਿੱਚ ਕੋਈ ਨੁਕਸ ਪੈ ਗਿਆ ਅਤੇ ਕੰਪਿਊਟਰ ਵਿਗਿਆਨੀਆਂ ਨੂੰ ਇਸ ਦੀ ਸਮਝ ਨਾ ਲੱਗੇ, ਪਈ ਨੁਕਸ ਕੀ ਹੈ ਤੇ ਇਹ ਕਿੱਥੇ ਹੈ? ਹਾਰ–ਹੰਭ ਕੇ ਬੈਠ ਕੇ ਉਹ ਆਰਾਮ ਕਰਨ ਲੱਗ ਪਏ। ਫਿਰ ਅਚਾਨਕ ਇੱਕ ਵਿਗਿਆਨੀ ਦਾ ਧਿਆਨ ਜਦੋਂ ਕਮਰੇ ਵਿੱਚ ਵਿਛੀਆਂ ਕੰਪਿਊਟਰ ਦੀਆਂ ਤਾਰਾਂ ਉੱਪਰ ਪਿਆ ਤਾਂ ਉਸ ਨੂੰ ਉਨ੍ਹਾਂ ਦੇ ਨੇੜੇ ਇੱਕ ਮਰਿਆ ਹੋਇਆ ਚੂਹਾ ਦਿਸਿਆ ਅਤੇ ਨਾਲ ਹੀ ਕੁਝ ਤਾਰਾਂ ਵੀ ਟੁੱਕੀਆਂ ਹੋਈਆਂ ਨਜ਼ਰੀਂ ਪਈਆਂ ਜੋ ਉਸ ਚੂਹੇ ਨੇ ਟੁੱਕ ਛੱਡੀਆਂ ਸਨ। ਇਸ ਤੋਂ ਬਾਅਦ ਕੰਪਿਊਟਰ ਦੇ ਕਈ ਸੁਧਰੇ ਹੋਏ ਰੂਪ ਮਾਰਕੀਟ 'ਚ ਆਏ। ਵੱਖ–ਵੱਖ ਕੰਪਨੀਆਂ ਵਿਚਕਾਰ ਚੱਲ ਰਹੀ ਮੁਕਾਬਲੇਬਾਜ਼ੀ ਅਤੇ ਇਨ੍ਹਾਂ ਕੰਪਿਊਟਰਾਂ ਵਿੱਚ ਵਰਤੀ ਜਾਣ ਵਾਲੀ ਤਕਨਾਲੌਜੀ ਵਿੱਚ ਹੋਈ ਨਵੀਂ ਖੋਜ ਕਾਰਨ ਕਾਰਨ ਇਨ੍ਹਾਂ ਕੰਪਿਊਟਰਾਂ ਦੀਆਂ ਕੀਮਤਾਂ ਘੱਟਣੀਆਂ ਸ਼ੁਰੂ ਹੋ ਗਈਆ। ਖ਼ੈਰ, ਆਪਾਂ ਇਹਦੇ ਵਿੱਚੋਂ ਕੀ ਕੱਢਣਾ/ਪਾਉਣਾ ਹੈ ਅਤੇ ਅਸੀਂ ਪੜ੍ਹਾਈ–ਲਿਖਾਈ ਲਈ ਕੰਪਿਊਟਰ ਦੀ ਵਰਤੋਂ ਦੀ ਗੱਲ ਕਰਦੇ ਹਾਂ।

ਅੱਜਕੱਲ੍ਹ ਪੁਸਤਕਾਂ ਕਾਗਜ਼ ਉੱਪਰ ਨਹੀਂ, ਸਗੋਂ ਸਿੱਧੀਆਂ ਕੰਪਿਊਟਰਾਂ 'ਤੇ ਹੀ ਲਿਖੀਆਂ ਜਾ ਰਹੀਆਂ ਹਨ ਅਤੇ ਇਸ ਦੇ ਲਈ ਕਈ 'ਸਾਫ਼ਟਵੇਅਰ' ਵੀ ਹੋਂਦ ਵਿੱਚ ਆ ਗਏ ਹਨ। ਪਹਿਲਾਂ ਇਹ ਕੰਪਿਊਟਰ ਦੇ 'ਵਰਡ–ਪੈਡ' ਉੱਪਰ ਕੇਵਲ ਟਾਈਪ ਹੀ ਕੀਤੀਆਂ ਜਾਂਦੀਆਂ ਸਨ, ਪਰ ਹੁਣ ਇਹ ਸਾਫ਼ਟਵੇਅਰ ਕਿਤਾਬਾਂ ਲਿਖਣ ਵਿੱਚ ਵੀ ਸਹਾਇਤਾ ਕਰ ਰਹੇ ਹਨ ਅਤੇ ਏ.ਆਈ. ਇਸ ਕੰਮ ਵਿੱਚ ਮੋਹਰਲੀ ਭੂਮਿਕਾ ਨਿਭਾ ਰਹੀ ਹੈ। ਉਹ ਲੇਖਕਾਂ ਵੱਲੋਂ ਆਏ ਵਿਚਾਰਾਂ ਨੂੰ ਇੱਕ ਲੜੀ ਵਿੱਚ ਪਰੋ ਕੇ ਪੇਸ਼ ਕਰ ਰਹੀ ਹੈ ਅਤੇ ਇਸ ਦੇ ਹੀ ਨਾਲ ਮਿਲ਼ਦੇ–ਜੁਲ਼ਦੇ ਕਈ ਹੋਰ ਵਿਚਾਰ ਵੀ ਉਸ ਵਿੱਚ ਲਿਆ ਧਰਦੀ ਹੈ। ਉਹ ਲੇਖਕਾਂ ਦੀ ਇੱਛਾਵਾਂ ਅਨੁਸਾਰ ਕਵਿਤਾਵਾਂ, ਕਹਾਣੀਆਂ ਅਤੇ ਵੱਖ–ਵੱਖ ਵਿਸ਼ਿਆਂ ਨਾਲ ਸਬੰਧਿਤ ਆਰਟੀਕਲ (ਲੇਖ) ਉਨ੍ਹਾਂ ਅੱਗੇ ਪੇਸ਼ ਕਰ ਰਹੀ ਹੈ। ਇਸ ਤਰ੍ਹਾਂ ਕਿਤਾਬ ਲਿਖਣ ਤੇ ਛਾਪਣ ਦਾ ਕੰਮ ਬਹੁਤ ਆਸਾਨ ਹੋ ਗਿਆ ਹੈ ਅਤੇ ਹੁਣ ਹਜ਼ਾਰਾਂ ਨਹੀਂ, ਸਗੋਂ ਲੱਖਾਂ ਦੀ ਗਿਣਤੀ ਵਿੱਚ 'ਈ–ਬੁੱਕਸ' ਛਾਪੀਆਂ ਜਾ ਰਹੀਆਂ ਹਨ। ਇਹ ਈ–ਬੁੱਕਸ ਇੰਟਰਨੈੱਟ ਦੀ ਸਹਾਇਤਾ ਨਾਲ ਲੈਪਟੌਪਾਂ ਅਤੇ ਸਮਾਰਟ ਫ਼ੋਨਾਂ ਵਿੱਚ ਵੇਖੀਆਂ ਤੇ ਪੜ੍ਹੀਆਂ ਜਾ ਸਕਦੀਆਂ ਹਨ। ਹੁਣ ਤਾਂ ਬੋਲਣ ਵਾਲੀਆਂ ਕਿਤਾਬਾਂ ਵੀ ਆ ਗਈਆਂ ਹਨ ਜੋ ਬੈੱਡ 'ਤੇ ਲੰਮੇਂ ਪੈ ਕੇ ਬੜੇ ਆਰਾਮ ਨਾਲ ਸੁਣੀਆਂ ਜਾ ਸਕਦੀਆਂ ਹਨ।

ਜੇਕਰ ਕਾਗ਼ਜ਼ ਅਤੇ ਕੰਪਿਊਟਰ ਉੱਪਰ ਉਪਲੱਭਧ ਕਿਤਾਬਾਂ ਦੇ ਪੜ੍ਹਨ ਬਾਰੇ ਗੱਲ ਕਰੀਏ ਤਾਂ ਮੇਰਾ ਤਾਂ ਇਹ ਖ਼ਿਆਲ ਹੈ ਕਿ ਜੋ ਮਜ਼ਾ ਕਾਗ਼ਜ਼ਾਂ ਉੱਪਰ ਛਪੀ ਹੋਈ ਜਿਲਦਬੰਦੀ ਵਾਲੀ ਕਿਤਾਬ ਨੂੰ ਪੜ੍ਹਨ ਵਿੱਚ ਆਉਂਦਾ ਹੈ, ਉਹ ਕੰਪਿਊਟਰ ਉੱਪਰ ਉਪਲੱਭਧ 'ਈ–ਬੁੱਕ' ਜਾਂ ਕਿਸੇ ਛਪੀ ਹੋਈ ਕਿਤਾਬ ਦੇ ਪੀ.ਡੀ.ਐੱਫ. ਨੂੰ ਪੜ੍ਹਨ 'ਚ ਨਹੀਂ ਹੈ। ਜਿਲਦਬੰਦੀ ਵਾਲੀ ਕਿਤਾਬ ਨੂੰ ਅਸੀਂ ਸੋਫ਼ੇ ਜਾਂ ਕੁਰਸੀ 'ਤੇ ਬੈਠ ਕੇ, ਮੇਜ਼ ਉੱਪਰ ਟਿਕਾ ਕੇ ਪੜ੍ਹ ਸਕਦੇ ਹਾਂ ਅਤੇ ਜਦੋਂ ਬੈਠੇ–ਬੈਠੇ ਥੱਕ ਜਾਈਏ ਤਾਂ ਬੈੱਡ 'ਤੇ ਲੇਟ ਕੇ ਸਿਰ ਹੇਠ ਵੱਡਾ ਸਿਰਹਾਣਾ ਰੱਖ ਕੇ ਬੜੇ ਆਰਾਮ ਨਾਲ ਪੜ੍ਹ ਸਕਦੇ ਹਾਂ। ਹੋਰ ਵੀ 'ਆਰਾਮਦਾਇਕ ਪੋਜ਼ੀਸ਼ਨ' ਲਈ ਇਹ ਸਿਰਹਾਣੇ ਇੱਕ ਦੀ ਬਜਾਇ ਦੋ ਵੀ ਰੱਖੇ ਜਾ ਸਕਦੇ ਹਨ। ਫਿਰ ਜਦੋਂ ਜੀਅ ਕਰੇ, ਲੱਤਾਂ ਪਿਛਾਂਹ ਖਿੱਚ ਕੇ ਅਤੇ ਗੋਡਿਆਂ ਨੂੰ ਥੋੜ੍ਹਾ ਜਿਹਾ ਉੱਪਰ ਕਰਕੇ ਕਿਤਾਬ ਨੂੰ ਗੋਡਿਆਂ ਉੱਪਰ ਟਿਕਾਅ ਕੇ ਇਹ ਹੋਰ ਵੀ ਆਰਾਮ ਨਾਲ ਪੜ੍ਹੀ ਜਾ ਸਕਦੇ ਹਾਂ। ਲੰਮੇਂ ਪਿਆਂ–ਪਿਆਂ ਹੀ ਜਦੋਂ ਮਰਜ਼ੀ ਸਰੀਰ ਨੂੰ ਖੱਬੇ ਜਾਂ ਸੱਜੇ ਪਾਸੇ ਥੋੜ੍ਹਾ ਜਿਹਾ ਘੁੰਮਾ ਕੇ ਕਿਤਾਬ ਨੂੰ ਹੱਥ ਵਿੱਚ ਫੜ੍ਹ ਕੇ ਪੜ੍ਹਨ ਦਾ ਆਪਣਾ ਹੀ ਮਜ਼ਾ ਹੈ। 'ਡੈੱਸਕਟੌਪ', 'ਲੈਪਟੌਪ' ਜਾਂ 'ਆਈਪੈਡ' ਤੋਂ ਇਸ ਤਰ੍ਹਾਂ ਵੱਖ–ਵੱਖ ਪੋਜ਼ੀਸ਼ਨਾਂ ਤੋਂ ਪੜ੍ਹ ਸਕਣਾ ਆਸਾਨ ਨਹੀਂ ਹੈ। ਏਸੇ ਲਈ ਮੇਰੇ ਵਰਗੇ ਬਹੁਤੇ ਪਾਠਕ ਕਿਤਾਬ ਬੈੱਡ 'ਤੇ ਲੇਟ ਕੇ ਕਿਤਾਬ ਪੜ੍ਹਨ ਨੂੰ ਵਧੇਰੇ ਤਰਜੀਹ ਦਿੰਦੇ ਹਨ। ਇਸ ਤੋਂ ਇਲਾਵਾ ਸੈੱਲਫ਼ੋਨ ਉੱਪਰ ਕਿਤਾਬ ਦੇ ਅੱਖਰ ਹੱਥ ਦੀਆਂ ਉਂਗਲ਼ਾਂ ਨਾਲ ਵੱਡੇ–ਛੋਟੇ ਕਰਨੇ ਪੈਂਦੇ ਹਨ। ਇਸ ਤਰ੍ਹਾਂ ਕਰਦਿਆਂ ਉਹ ਕਿਤਾਬ ਕਈ ਵਾਰੀ ਸੈੱਲਫ਼ੋਨ ਦੀ ਸਕਰੀਨ ਤੋਂ ਗਾਇਬ ਹੋ ਜਾਂਦੀ ਹੈ ਅਤੇ ਉਸ ਨੂੰ ਮੁੜ ਲੱਭਣਾ ਪੈਂਦਾ ਹੈ। ਇੰਜ, 'ਲੱਭਣ– ਲਭਾਉਣ' ਦੇ ਚੱਕਰ 'ਚ ਅਤੇ ਉਸਨੂੰ ਮੁੜ ਕੇ 'ਸੈੱਟ' ਕਰਨ ਵਿੱਚ ਕਾਫ਼ੀ ਸਮਾਂ ਖ਼ਰਾਬ ਹੋ ਜਾਂਦਾ ਹੈ ਅਤੇ ਸਾਡੇ ਚੰਚਲ ਦਿਮਾਗ਼ ਨੂੰ ਖਿਝ ਵੀ ਚੜ੍ਹਦੀ ਹੈ। ਵੈਸੇ ਵੀ, ਲੈਪਟੌਪ ਜਾਂ ਸੈੱਲਫ਼ੋਨ ਦੀ ਸਕਰੀਨ ਉੱਪਰ ਕਿਤਾਬ ਪੜ੍ਹਦੇ ਸਮੇਂ ਅੱਖਾਂ ਨੂੰ ਕਾਫ਼ੀ 'ਦਬਾਅ' (ਸਟਰੈੱਸ) ਦਾ ਸਾਹਮਣਾ ਕਰਨਾ ਪੈਂਦਾ ਹੈ। ਹੋਰ ਕਿਸੇ ਬਾਰੇ ਤਾਂ ਮੈਂ ਕੁਝ ਨਹੀਂ ਕਹਿ ਸਕਦਾ, ਪਰ ਮੇਰੇ ਲਈ ਇਹ ਬੜਾ ਜੋਖ਼ਮ ਭਰਿਆ ਹੁੰਦਾ ਹੈ। ਕਈ ਦੋਸਤਾਂ ਵੱਲੋਂ ਭੇਜੇ ਗਏ ਉਨ੍ਹਾਂ ਦੀਆਂ ਆਪਣੀਆਂ ਜਾਂ ਹੋਰ ਕਿਸੇ ਦੀਆਂ ਕਿਤਾਬਾਂ ਦੇ ਪੀ.ਡੀ.ਐੱਫ਼. ਮੇਰੇ ਕੋਲੋਂ ਪੜ੍ਹਨ ਖੁਣੋਂ ਰਹਿ ਜਾਂਦੇ ਹਨ ਅਤੇ ਮੈਂ ਉਨ੍ਹਾਂ ਨੂੰ ਕਿਤਾਬਾਂ ਦੀਆਂ 'ਹਾਰਡ ਕਾਪੀਆਂ' ਡਾਕ ਰਾਹੀਂ ਭੇਜਣ ਲਈ ਬੇਨਤੀ ਕਰਦਿਆਂ ਕਹਿੰਦਾ ਹਾਂ, "ਬਈ, ਆਪਾਂ ਡਾਕ–ਖ਼ਰਚਾ ਅੱਧਾ–ਅੱਧਾ ਕਰ ਲਵਾਂਗੇ ਜਾਂ ਭਾਵੇਂ ਇਹ ਸਾਰਾ ਹੀ ਮੇਰੇ ਖ਼ਾਤੇ ਪਾ ਦਿਓ, ਪਰ ਆਪਣੀ ਕਿਤਾਬ ਕਿਰਪਾ ਕਰਕੇ ਮੈਨੂੰ ਡਾਕ ਰਾਹੀਂ ਭੇਜਿਆ ਕਰੋ।"

ਕਿਤਾਬਾਂ ਬਾਰੇ ਇੱਕ ਰੌਚਕ ਗੱਲ ਹੋਰ ਵੀ ਹੈ। ਲਾਇਬ੍ਰੇਰੀ ਵਿੱਚ ਕਿਤਾਬਾਂ ਪੜ੍ਹਦਿਆਂ ਵਿਦਿਆਰਥੀ 'ਮੁੰਡੇ–ਕੁੜੀਆਂ' ਦੀਆਂ ਨਵੀਆਂ 'ਦੋਸਤੀਆਂ' ਬਣਦੀਆਂ ਹਨ ਜੋ ਕਈ ਵਾਰੀ ਅੱਗੋਂ 'ਪ੍ਰੇਮ–ਕਹਾਣੀਆਂ' ਵਿੱਚ ਬਦਲ ਜਾਂਦੀਆਂ ਹਨ। ਕਈ ਵਾਰ ਨਿੱਜੀ ਕਿਤਾਬਾਂ ਦੇ ਆਦਾਨ–ਪ੍ਰਦਾਨ ਸਮੇਂ ਉਨ੍ਹਾਂ ਵਿੱਚ 'ਸੁਕਾਏ ਹੋਏ ਫੁੱਲ' ਅਤੇ ਪ੍ਰੇਮ–ਪਿਆਰ ਦੇ ਸੁਨੇਹਿਆ ਵਾਲੇ 'ਰੁੱਕੇ' ਵੀ ਛੁਪਾ ਕੇ ਉਨ੍ਹਾਂ ਵੱਲੋਂ ਇਕ ਦੂਸਰੇ ਨੂੰ ਦਿੱਤੇ ਜਾਂਦੇ ਹਨ। ਅਜਿਹਾ ਫ਼ਿਲਮਾਂ ਵਿੱਚ ਵੀ ਕਈ ਵਾਰ ਵਿਖਾਇਆ ਜਾਂਦਾ ਹੈ। ਪ੍ਰਸਿੱਧ ਹਿੰਦੀ ਫ਼ਿਲਮੀ ਗੀਤਕਾਰ ਗੁਲਜ਼ਾਰ ਵੱਲੋਂ ਆਪਣੀ ਇਸ ਉਰਦੂ ਕਵਿਤਾ ਵਿੱਚ ਇਸ ਸਥਿਤੀ ਨੂੰ ਬਾਖ਼ੂਬੀ ਦਰਸਾਇਆ ਗਿਆ ਹੈ, ਜਦੋਂ ਉਹ ਕਹਿੰਦੇ ਹਨ:

"ਵੋ ਸਾਰਾ ਆਲਮ ਤੋਂ ਮਿਲਤਾ ਰਹੇਗਾ ਆਇੰਦਾ ਭੀ
ਮਗਰ ਵੋ ਕਿਤਾਬੋਂ ਮੇਂ ਮਿਲਾ ਕਰਤੇ ਥੇ ਜੋ ਸੂਕੇ ਫੂਲ
ਔਰ ਮਹਿਕੇ ਹੁਏ ਰੁੱਕੇ
ਕਿਤਾਬ ਮਾਂਗਨੇ, ਗਿਰਾਨੇ, ਉਠਾਨੇ ਕੇ ਬਹਾਨੇ
ਜੋ ਬਨਤੇ ਥੇ ਰਿਸ਼ਤੇ
ਉਨ ਰਿਸ਼ਤੋਂ ਕਾ ਅਬ ਕਿਆ ਹੋਗਾ?"

ਗੁਲਜ਼ਾਰ ਸਾਹਿਬ ਦੀ ਇਹ ਚਿੰਤਾ ਬੜੀ ਵਾਜਬ ਲੱਗਦੀ ਹੈ। ਲੈਪਟੌਪ ਜਾਂ ਸੈੱਲਫ਼ੋਨ ਨਾਲ ਹੋਰ ਤਾਂ ਬੜਾ ਕੁਝ ਸੰਭਵ ਹੈ, ਪਰ ਇਹ ਕਿਵੇਂ ਸੰਭਵ ਹੋ ਸਕਦਾ ਹੈ ਜੋ ਕੇਵਲ ਕਿਤਾਬਾਂ ਹੀ ਕਰ ਸਕਦੀਆਂ ਹਨ।ਅਸੀਂ ਵੇਖਦੇ ਹਾਂ ਕਿ ਅਜੋਕੇ ਸਮੇਂ ਵਿੱਚ ਪੜ੍ਹਨ–ਲਿਖਣ ਲਈ ਭਾਵੇਂ ਕੰਪਿਊਟਰਾਂ ਤੇ ਸੈੱਲਫ਼ੋਨਾਂ ਦੀ ਵਰਤੋਂ ਵੱਧ ਗਈ ਹੈ ਅਤੇ ਆਉਂਦੇ ਸਮੇਂ ਵਿੱਚ ਇਹ ਹੋਰ ਵੀ ਵਧੇਰੇ ਹੋਣ ਦੀ ਸੰਭਾਵਨਾ ਹੈ, ਪਰ ਫਿਰ ਵੀ ਸੋਸ਼ਲ–ਮੀਡੀਆ ਦੇ ਇਸ ਯੁਗ ਵਿੱਚ ਕਿਤਾਬਾਂ ਦੀ ਭਰੋਸੇ– ਯੋਗਤਾ ਪਹਿਲਾਂ ਵਾਂਗ ਬਰਕਰਾਰ ਹੈ। ਇਸ ਦੇ ਕਈ ਕਾਰਨ ਹਨ। ਅਜੋਕੇ ਲੇਖਕ ਆਪਣੀ ਕਿਤਾਬ ਦਾ ਵਿਸ਼ਾ–ਵਸਤੂ ਬੜੀ ਗੰਭੀਰਤਾ ਨਾਲ਼ ਸੋਚ–ਵਿਚਾਰ ਕੇ ਚੁਣਦੇ ਹਨ। ਇਸ ਦੇ ਨਾਲ ਉਹ ਹੋਰ ਵਿਦਵਾਨਾਂ ਨਾਲ਼ ਇਸ ਦੇ ਬਾਰੇ ਸਲਾਹ–ਮਸ਼ਵਰਾ ਕਰਦੇ ਹਨ ਅਤੇ ਉਨ੍ਹਾਂ ਕੋਲੋਂ ਆਪਣੇ ਖਰੜਿਆਂ ਦੀ ਸੋਧ–ਸੁਧਾਈ ਤੇ ਦਰੁਸਤੀ ਵੀ ਕਰਵਾਉਂਦੇ ਹਨ ਤੇ ਫਿਰ ਗੰਭੀਰਤਾ ਨਾ਼ਲ ਉਸਨੂੰ ਛਪਵਾਉਣ ਦਾ ਕੰਮ ਕਰਦੇ ਹਨ। ਇਹ ਸਾਰੀਆਂ ਕਿਰਿਆਵਾਂ ਕਿਤਾਬ ਨੂੰ ਮਿਆਰੀ ਤੇ ਪਾਠਕਾਂ ਲਈ ਲਾਭਕਾਰੀ ਬਣਾਉਣ ਵਿੱਚ ਸਹਾਈ ਹੁੰਦੀਆਂ ਹਨ। ਪਰ ਦੂਸਰੇ ਪਾਸੇ ਡਿਜੀਟਲ ਮੀਡੀਆ ਇਨ੍ਹਾਂ ਵਿੱਚੋਂ ਕਿਸੇ ਵੀ ਗੱਲ 'ਤੇ ਪੂਰਾ ਨਹੀਂ ਉਤਰ ਸਕਦਾ। ਇਸ ਲਈ ਕਿਤਾਬਾਂ ਦੀ ਮਹੱਤਤਾ ਨੂੰ ਕਿਸੇ ਵੀ ਤਰ੍ਹਾਂ ਘਟਾ ਕੇ ਨਹੀਂ ਵੇਖਿਆ ਜਾ ਸਕਦਾ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਬਹੁਤ ਸਾਰੇ ਪੁਰਾਣੇ ਪੁਰਾਤਨ ਗ੍ਰੰਥ ਅੱਜ ਵੀ ਓਨੇ ਹੀ ਮਹੱਤਵਪੂਰਨ ਹਨ ਅਤੇ ਭਵਿੱਖ ਵਿੱਚ ਵੀ ਇਨ੍ਹਾਂ ਦੀ ਮਹੱਤਤਾ ਇੰਜ ਹੀ ਬਣੀ ਰਹੇਗੀ।



**ਡਾ. ਸੁਖਦੇਵ ਸਿੰਘ ਝੰਡ**
ਫ਼ੋਨ : +1 647-567-9128






CANADIAN TRUCK TRAINING CENTRE
ਤਸੱਲੀਬਖ਼ਸ਼ ਸੇਵਾਵਾਂ ਲਈ
ਹਰਪਾਲ ਸਿੰਘ ਮਾਨ
* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ
Approved private career college,
Training Classes for Air Brakes,
Dangerous Goods & Log Book
7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

## ਬੁੱਧ ਚਿੰਤਨ

# ਢੱਕੀ ਰਿੱਝਣ ਦਿਓ... !

ਸਿਆਣੇ ਆਖਦੇ ਹਨ ਜਦੋਂ ਮੱਝ ਦੇ ਮੱਖ ਲੜਦੀ ਹੈ ਤਾਂ ਉਹ ਕੀਲੇ ਦੁਆਲੇ ਬਹੁਤ ਤੀਂਗੜਦੀ ਹੈ। ਸਮਾਜ ਵਿੱਚ ਕੁੱਝ ਅਜਿਹੀਆਂ ਮੱਝਾਂ ਗਾਵਾਂ, ਸਾਨ੍ਹ ਤੇ ਝੋਟੇ ਹਨ। ਜਿਹਨਾਂ ਨੇ ਆਪਣੀ ਕੁਰਸੀ ਦਾ ਨਜਾਇਜ਼ ਫਾਇਦਾ ਚੁੱਕਿਆ। ਹੁਣ ਉਹ ਲੋਕਾਂ ਨੂੰ ਪ੍ਰਵਚਨ ਦੇਣ ਲੱਗੇ ਹੋਏ ਹਨ। ਉਹਨਾਂ ਵਿਦੇਸ਼ੀ ਦਾਰਸ਼ਨਿਕਾਂ ਦੇ ਵਿਚਾਰਾਂ ਨੂੰ ਸੁਣਾ ਕੇ ਮੋਟੀ ਕਮਾਈ ਕੀਤੀ। ਹੁਣ ਪੱਲੇ ਵਿੱਚ ਦਾਣੇ ਨਹੀਂ, ਉਹ ਜਿਵੇਂ ਡੰਗਰ ਡੰਡਾ ਥੋਹਰ ਨਾਲ ਖਹਿੰਦੇ ਹਨ। ਇਸ ਤਰ੍ਹਾਂ ਖਹਿੰਦੇ ਹਨ। ਉਹਨਾਂ ਨੇ ਆਪਣੇ ਜੀਵਨ ਵਿੱਚ ਕਿੰਨਿਆਂ ਦੀਆਂ ਜ਼ਿੰਦਗੀਆਂ ਤਬਾਹ ਕੀਤੀਆਂ ਹਨ, ਉਹ ਯਾਦ ਨਹੀਂ, ਜਦੋਂ ਕੋਈ ਉਹਨਾਂ ਨੂੰ ਸ਼ੀਸ਼ਾ ਵਿਖਾਉਣ ਦਾ ਯਤਨ ਕਰਦਾ, ਫੇਰ ਦੋਵੇਂ ਹੱਥੀਂ ਪਿੱਟਦੇ ਹਨ।

ਮਿੱਤਰੋ ! ਜਦੋਂ ਦੇ ਚੌਕੀਦਾਰ ਬਣੇ ਆਂ, ਓਦੋਂ ਦੇ ਮਿੱਤਰਾਂ ਦੇ ਬੋਲ ਪਿਆਰੇ ਹੀ ਨਹੀਂ ਲਗਦੇ, ਸਗੋਂ 'ਮਿੱਠਾ ਸ਼ਰਬਤ ਵਰਗਾ ਪਾਣੀ' ਬਣ ਗਏ ਹਨ। ਉਸ ਵੇਲੇ ਤੋਂ ਅਸਾਂ ਪੁਲਿਸ ਵਾਂਙੂ 'ਨੋਟ ਅਤੇ ਮਾਲ' ਦੀ ਬਰਾਮਦਗੀ ਤਾਂ ਨਹੀਂ ਕੀਤੀ ਪਰ ਆਲ਼ੇ ਦੁਆਲ਼ੇ 'ਵੱਟਿਆਂ' ਦਾ 'ਬੋਹ਼ਲ' ਜ਼ਰੂਰ ਬਣਾ ਲਿਆ ਹੈ। ਚਾਰੇ ਪਾਸੇ ਮਿੱਤਰਾਂ ਦੀ ਨਹੀਂ, ਦੁਸ਼ਮਣਾਂ ਦੀ ਭੀੜ 'ਕੱਠੀ ਕਰ ਲਈ ਹੈ।

ਹੁਣ ਹਰ ਵੇਲ਼ੇ ਇਹੀ ਡਰ ਬਣਿਆ ਰਹਿੰਦਾ ਹੈ ਕਿ ਜਦੋਂ 'ਪੁਰੇ ਦੀ ਵਾਅ' ਚੱਲੀ ਤਾਂ ਹੱਡਾਂ 'ਚ ਕਿਤੇ ਵਾਈ ਬਾਦੀ ਦੀ ਪੀੜ ਈ ਨਾ ਸ਼ੁਰੂ ਹੋ ਜਾਵੇ। ਲੇਖਕ ਭਾਈਚਾਰੇ ਨੂੰ ਇਹ ਝੋਰਾ ਵੱਢ–ਵੱਢ ਖਾਈ ਜਾਂਦਾ ਹੈ ਕਿ ਇਹ ਦਾਦੇ ਮਗ੍ਹਾਉਣਾ 'ਬੁੱਕਲ਼' 'ਚ ਬੈਠ ਕੇ ਸਾਡੀ ਦਾਹੜੀ ਪੁੱਟੀ ਜਾਂਦਾ ਹੈ। ਮਿੱਤਰੋ, ਕਰੀਏ ਕੀ?

ਜਦੋਂ ਆਪਣੇ ਹੀ ਪਰਾਏ ਹੋ ਜਾਣ ਤਾਂ ਫਿਰ ਤੇਹ ਮੋਹ ਦੀ ਭੁੱਖ ਦਾ ਮਾਰਿਆ ਬੰਦਾ ਕੀ ਕੀ ਨਹੀਂ ਕਰਦਾ? ਉਹ ਜਿਉਂਦੇ ਰਹਿਣ ਲਈ ਕਈ ਤਰ੍ਹਾਂ ਦੇ ਪਾਪੜ ਵੇਲਦਾ ਹੈ। ਹੁਣ ਸਾਨੂੰ ਥੁੱਕ ਨਾ਼ਲ ਵੜੇ ਪਕਾਉਣੇ ਤਾਂ ਆਉਂਦੇ ਨਹੀਂ। ਅਸੀਂ ਤਾਂ 'ਨੰਗੇ ਧੜ' ਲੜ ਰਹੇ ਹਾਂ, ਤੇ ਨਿੱਤ 'ਭੁੱਖ–ਨੰਗ' ਨਾ਼ਲ ਘੁ਼ਲ ਰਹੇ ਹਾਂ। ਹੁਣ ਤੁਸੀਂ ਆਖੋਗੇ ਕਿ ਇਹ ਕੀ 'ਨਘੋਚਾਂ' ਜਿਹੀਆਂ ਕੱਢੀ ਜਾਂਦਾ ਐ? ਵਿਚਲੀ ਗੱਲ ਨਹੀਂ ਦੱਸਦਾ ਜਿਵੇਂ ਮਰਾਸੀ ਦੱਸਦੇ ਹੁੰਦੇ ਬੰਦੇ ਦਾ ਕੁਰਸੀਨਾਮਾ!

ਮਿੱਤਰੋ ! ਅਸਲ ਗੱਲ ਇਹ ਹੈ ਕਿ ਆਪਾਂ ਕੁੱਕੜੀ ਵਾਂਙੂ ਨਿੱਤ ਆਂਡਾ ਨਹੀਂ ਦੇਂਦੇ, ਨਾ ਹੀ ਕਦੇ ਆਪਣੀ 'ਜਿੱਤ ਦੇ ਝੰਡੇ ਗੱਡੇ' ਹਨ। ਪਰ ਜਦੋਂ ਆਲ਼ੇ–ਦੁਆਲ਼ੇ ਚੋਰੀ ਕੀਤੇ ਸ਼ਬਦਾਂ ਦੀਆਂ ਉਲ਼ਟੀਆਂ ਦਾ ਮੁਸ਼ਕ ਸਿਰ ਨੂੰ ਚੜ੍ਹਦਾ ਹੈ ਤਾਂ ਉਸਦੀ ਕਾਟ ਲਈ ਸੁਰਤ ਵਿੱਚ ਸੰਭਾਲ ਕੇ ਰੱਖੇ ਸ਼ਬਦ ਬਾਣ ਚਲਾਉਣੇ ਜ਼ਰੂਰੀ ਹੋ ਜਾਂਦੇ ਹਨ।

ਪਰ ਦੁੱਖ ਇਸ ਗੱਲ ਦਾ ਐ ਕਿ ਮੂਹਰੇ ਕੋਈ ਦੁਸ਼ਮਣ ਨਹੀਂ ਸਗੋਂ ਉਹ ਭਰਾ ਹਨ ਜਿਹਨਾਂ ਨਾ਼ਲ ਜੰਗ ਲੜਨੀ ਪੈ ਗਈ। ਹੁਣ ਤਾਂ ਹਾਲਾਤ ਵੀ ਮਹਾਂਭਾਰਤ ਦੀ ਜੰਗ ਵਰਗੇ ਹੋਏ ਪਏ ਆ । ਸਾਡੇ ਕੋ਼ਲ ਤਾਂ ਕ੍ਰਿਸ਼ਨ ਵਰਗਾ ਕੋਈ ਪਾਤਰ ਵੀ ਨਹੀਂ ਹੈਗਾ ਜਿਹੜਾ ਆਪਣਿਆਂ ਨੂੰ ਮਾਰਨ ਲਈ 'ਗੀਤਾ ਵਰਗਾ ਉਪਦੇਸ਼' ਦੇ ਸਕਦਾ ਹੋਵੇ। ਹੁਣ ਤੇ ਵਿਭੀਸ਼ਣ ਵੀ ਨਹੀਂ ਹੈਗਾ ਜੋ ਕੋਈ ਗੁੱਝਾ ਭੇਤ ਬਾਹਰ ਦੱਸ ਦੇਵੇ ਤੇ ਨਿੱਤ ਦਾ਼ਲ ਰੋਟੀ ਮੰਗਣ ਵਾਲਿ਼ਆਂ ਦਾ ਗ਼ਲਾ ਵੱਢਿਆ ਜਾਵੇ।

ਹੁਣ ਇਹ ਹਾਲਾਤ ਮੇਰੇ 'ਕੱਲੇ ਦੇ ਨਹੀਂ ਸਭ ਦੇ ਹੀ ਬਣ ਗਏ ਹਨ। ਹੁਣ ਇੱਥੇ ਤਾਂ ਲੜਾਈ ਵਿਰੋਧੀਆਂ ਨਾ਼ਲ ਲੜਨ ਦੀ ਬਜਾਏ ਬੰਦਾ ਆਪਣੇ ਆਪ ਨਾ਼ਲ ਹੀ ਲੜੀ ਜਾ ਰਿਹਾ ਹੈ।

ਇਸ ਲੜਾਈ ਵਿੱਚ ਕੋਈ ਹੋਰ 'ਮਰੇ ਜਾਂ ਨਾ ਮਰੇ' ਪਰ ਬੰਦਾ ਆਪਣੇ ਆਪ ਨੂੰ ਜਰੂਰ ਮਾਰ ਲੈਂਦਾ ਹੈ। ਨਿੱਤ ਮਰ ਰਿਹਾ, ਕਿਸੇ ਨੂੰ ਕੋਈ ਫਰਕ ਨਹੀਂ ਪਿਆ। ਬੰਦਾ ਕਿਵੇਂ ਮਰਦਾ ਹੈ, ਇਸ ਦੀ ਕਿਧਰੇ ਭਿਣਕ ਵੀ ਨਹੀਂ ਪੈਂਦੀ ਤੇ ਨਾ ਹੀ ਕੰਨੋਂ–ਕੰਨੀਂ ਖ਼ਬਰ ਹੁੰਦੀ ਹੈ। ਕਿੱਧਰੇ ਸੋਗ ਦੇ ਮਤੇ ਵੀ ਨਹੀਂ ਪੈਂਦੇ, ਅਖ਼ਬਾਰਾਂ ਨੂੰ ਬਿਆਨ ਵੀ ਜਾਰੀ ਨਹੀਂ ਹੁੰਦੇ। ਸਮਾਜ ਦੇ ਕਈ ਘੜੰਮ ਚੌਧਰੀ ਸਵੇਰੇ ਉਠ ਕੇ ਪਹਿਲਾਂ ਅਖ਼ਬਾਰਾਂ ਦੀਆਂ ਸੁਰਖੀਆਂ ਪੜ੍ਹਦੇ ਨੇ ਤੇ ਫਿਰ ਫ਼ੈਸਲਾ ਕਰਦੇ ਨੇ ਕਿ ਕਿਹੜਾ ਬਿਆਨ ਜਾਰੀ ਕਰਨਾ ਹੈ।

ਇਹ ਕੰਮ ਸਿਆਸੀ ਆਗੂ ਕਰੇ ਤਾਂ ਪਿਆ ਕਰੇ, ਇਹ ਉਸ ਦੀ ਆਪਣੀ 'ਭੁੱਖ' ਹੋ ਸਕਦੀ ਹੈ, ਪਰ ਜਦੋਂ ਕੋਈ 'ਸਾਹਿਤ ਤੇ ਸਮਾਜ ਸੇਵੀ ਸੰਸਥਾ' ਇਹ ਕਹਿਣ ਲੱਗ ਪਏ ਕਿ "ਘਬਰਾ ਨਾ, ਤੇਰੀ ਮੌਤ 'ਤੇ ਵੀ ਅਸੀਂ ਮਤਾ ਪਾ ਦਿਆਂਗੇ ਤੇ ਅਖ਼ਬਾਰ ਨੂੰ ਬਿਆਨ ਵੀ ਜਾਰੀ ਕਰ ਦਿਆਂਗੇ।"



ਹੱਦ ਹੋ ਗਈ, ਜਿਵੇਂ ਆਪ ਕਦੇ ਮਰਨਾ ਹੀ ਨਹੀਂ ਹੁੰਦਾ । ਬੰਦਾ ਸਰੀਰਕ ਮੌਤ ਤਾਂ ਭਾਂਵੇਂ ਇੱਕ ਵਾਰ ਮਰਦਾ ਹੈ ਪਰ ਮਾਨਸਿਕ ਤੌਰ ਤੇ ਪਲ ਪਲ ਮਰਦਾ ਹੈ। ਘਟਨਾ ਕੋਈ ਵੀ ਹੋਵੇ, ਅੱਜਕੱਲ੍ਹ ਇਹੋ ਕੁਝ ਹੁੰਦਾ ਹੈ। ਸਿਰਫ਼ ਬਿਆਨ ਹੀ ਜਾਰੀ ਹੁੰਦੇ ਹਨ। ਸਥਿਤੀ ਕਾਬੂ ਹੇਠ ਹੈ। ਜਾਂਚ ਕਮਿਸ਼ਨ ਬਣਾ ਦਿੱਤਾ ਹੈ। ਹੁਣ ਤੱਕ ਕਮਿਸ਼ਨ ਦੀ ਰਿਪੋਰਟ ਲਾਗੂ ਨਹੀ ਹੋਈ। ਇਹਨੂੰ ਕਹਿੰਦੇ
"ਟਾਲੋ ਨੀਤੀ ਭੁੱਲ ਜਾਓ ਕੀ ਹੈ ਬੀਤੀ ।"

ਹਕੀਕਤ ਵਿੱਚ ਕੁੱਝ ਵੀ ਨਹੀਂ ਹੁੰਦਾ। ਕਦੋਂ ਤੋਂ ਕਮਿਸ਼ਨ ਤੇ 'ਸਿੱਟਾਂ' ਬਣ ਰਹੀਆਂ ਹਨ। ਦਰਿਆਈ ਪਾਣੀਆਂ ਦੀ ਵੰਡ ਹੋਵੇ, ਬੋਲੀਆਂ ਦੀ ਹੱਦਬੰਦੀ ਹੋਵੇ, ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦਾ ਮਾਮਲਾ ਥਾਣੇ ਪੁੱਜ ਗਿਆ ਹੈ, ਬੇਅਦਬੀਆਂ ਦਾ ਮਾਮਲਾ, ਬਗੈਰਾ ਬਗੈਰਾ ; ਕਿਸੇ ਵੀ ਕਮਿਸ਼ਨ ਨੇ ਪੰਜਾਬੀਆਂ ਨੂੰ ਇਨਸਾਫ਼ ਨਹੀਂ ਦਿੱਤਾ। ਐਨੀ ਬਦਨਾਮੀ ਖੱਟਣ ਤੋਂ ਬਾਅਦ, 'ਕਮਿਸ਼ਨ' ਨੇ ਲਿੰਗ ਬਦਲੀ ਕਰਵਾ ਕੇ ਆਪਣਾ ਨਵਾਂ ਨਾਂ 'ਸਿੱਟ' ਰੱਖ ਲਿਆ ਹੈ:

ਇਹ ਨਵੀਂ ਨਵੇਲੀ ਸਿੱਟ,
ਸਰਕਾਰਾਂ ਦੇ ਬੜੀ ਹੈ ਫਿੱਟ,
ਪੱਲੇ ਕਿਸੇ ਦੇ ਕੁਝ ਨਾ ਪਾਉਂਦੀ
ਤੇ ਲੋਕ ਰਹੇ ਨੇ ਪਿੱਟ,
ਕੀ ਬ਼ਲਾਅ ਇਹ,
ਕਿਸ ਕਿਸ ਦੇ ਨਾ਼ਲ
ਕਰਦੀ ਇਹ ਗਿਟਮਿਟ,
ਚਾਤ੍ਰਿਕ ਵਾਂਙੂ ਅਸੀਂ ਤਿਹਾਏ
ਤੱਕਦੇ ਪਏ ਬਿਟ ਬਿਟ,
ਪਤਾ ਨਹੀਂ ਕਦ ਮਿ਼ਲੂ ਪੀਣ ਨੂੰ
'ਸਵਾਤਿ ਨਛੱਤਰ' ਦੀ ਛਿੱਟ ?

ਜਦੋਂ ਸਾਰੇ ਹੀ 'ਬਾਪੂ ਕੇ ਤੀਨ ਬੰਦਰ' ਬਣ ਜਾਣ, ਅੱਖਾਂ, ਕੰਨ ਤੇ ਮੂੰਹ ਬੰਦ ਕਰ ਲੈਣ... ਸਰ੍ਹਾਣੇ ਹੇਠ ਬਾਂਹ ਦੇ ਕੇ ਸੌਂ ਜਾਣ ਤਾਂ ਕਿਸੇ ਨੂੰ ਤਾਂ ਬੋਲਣਾ ਈ ਪਊ, ਤੇ ਕਿਸੇ ਨੂੰ ਤਾਂ ਲਿਖਣਾ ਈ ਪਊ ?

ਕਈਆਂ ਨੂੰ ਇਹ ਭਰਮ ਹੈ ਕਿ ਅਸੀਂ 'ਚੌਧਰੀ' ਹਾਂ ਤੇ ਸਾਡੀ ਚੌਧਰ ਦਾ 'ਤੁਰ੍ਹਲਾ' ਸਭ ਤੋਂ ਉੱਚਾ ਹੈ। ਉਹ ਹਰ ਥਾਂ ਚੌਧਰ ਘੋਟਦੇ ਹਨ, ਆਪਣੇ ਪ੍ਰਵਚਨ ਸੁਣਾਉਂਦੇ ਹਨ ਤੇ ਕੁਰਸੀ ਦੁਆ਼ਲੇ ਪੂਛ ਫੇਰਦੇ ਹਨ। ਕੁਰਸੀ ਨੂੰ ਜੀਭ ਨਾ਼ਲ ਰਗੜ ਕੇ ਸਾਫ਼ ਕਰਦੇ ਹਨ ਤੇ ਮਾਇਆ ਨਾ਼ਲ ਝੋਲ਼ੀ ਭਰਦੇ ਹਨ। ਕਈ ਵਾਰ ਭਰਮ ਵਿੱਚ ਜਾਂ ਸ਼ਰਮ ਵਿੱਚ ਮੀਸਣਾ ਹਾਸਾ ਹਸਦੇ ਹਨ । ਉਹਨਾਂ ਦੀਆਂ ਝੱਲ ਵਲ਼ੱਲੀਆਂ ਦਾ ਪਤਾ ਨੀ ਲੱਗਦੈ ਕਿ ਹੋ ਕੀ ਰਿਹਾ..? ਉਹ ਆਪਣਿਆਂ ਨੂੰ ਹੀ ਨਹੀਂ ਸਗੋਂ ਬੇਗਾਨਿਆਂ ਨੂੰ ਵੀ ਅਜਿਹੇ ਹੁਕਮ ਜਾਰੀ ਕਰਨ ਲਗਦੇ ਹਨ ਕਿ ਸੁਣਨ ਵਾ਼ਲੇ ਨੂੰ ਸਮਝ ਹੀ ਨਹੀਂ ਪੈਂਦੀ ਕਿ ਇਹ 'ਸੱਜਣ ਪੁਰਸ਼' ਕਹਿ ਕੀ ਰਹੇ ਹਨ ? ਬਹੁਤਿਆਂ ਨੇ ਲਿਖਣਾ ਸ਼ੁਗਲ ਬਣਾ ਲਿਆ ਹੈ। ਉਹਨਾਂ ਉਵੇਂ ਹੀ ਸ਼ੌਕ ਪਾ਼ਲ ਲਿਆ ਹੈ ਜਿਵੇਂ ਕਬੂਤਰ ਪਾ਼ਲੀ ਦੇ ਹਨ। ਹੁਣ ਉਹ ਕਿਸੇ ਸ਼ਰਾਬੀ ਵਾਂਙੂ ਕਿਤਾਬਾਂ ਦੀਆਂ 'ਉ਼ਲਟੀਆਂ' ਕਰਨ ਲੱਗ ਪਏ ਹਨ। ਉਨਾਂ ਦੀਆਂ ਕਿਤਾਬਾਂ ਕਿਸ ਦੀ 'ਜੇਬ੍ਹ' ਭਾਰੀ ਕਰਦੀਆਂ ਹਨ? ਇਹ ਤਾਂ ਓਹੀਓ ਜਾਣਦੇ ਹਨ, ਜਿਹੜੇ ਕਿਤਾਬਾਂ ਛਾਪਦੇ ਹਨ। ਜਿਵੇਂ ਜਿਵੇਂ ਸਮਾਜ ਵਿੱਚ ਇਹਨਾਂ 'ਉਗਲੱਛਣਿਆਂ' ਦਾ ਵਾਧਾ ਹੋਇਆ ਹੈ, ਆਲ਼ੇ ਦੁਆਲ਼ੇ ਦੇ ਪੌਣ ਪਾਣੀ ਦੀ ਗਲਾਜ਼ਤ ਵੀ ਲਗਾਤਾਰ ਵਧਦੀ ਗਈ ਹੈ।

ਜਦੋਂ ਕੋਈ ਇਹੋ ਜਿਹੀਆਂ 'ਉ਼ਲਟਬਾਜੀਆਂ' ਤੇ ਪੋਚਾ ਫੇਰ ਕੇ 'ਉਗਲੱਛਣਿਆਂ' ਨੂੰ 'ਵੱਡਾ' ਬਣਾਕੇ ਪੇਸ਼ ਕਰਨ ਲੱਗ ਪਵੇ ਤਾਂ ਸਮਝ ਨਹੀਂ ਆਉਂਦੀ ਕਿ ਅਸੀਂ ਕਿਹੜੇ ਸਮਿਆਂ 'ਚ, ਕਿਹੜੇ ਕਵੀਆਂ ਦੇ ਘੇਰੇ ਵਿੱਚ ਫਸੇ ਬੈਠੇ ਹਾਂ। ਸ਼ਬਦਾਂ ਦੀ ਜੁਗਾ਼ਲੀ ਕਰਦਿਆਂ ਤੇ ਅਲੋਕਾਰੀ ਸਾਖੀਆਂ ਸੁਣਦਿਆਂ ਹੁਣ ਡਰ ਜਿਹਾ ਲੱਗਣ ਲੱਗ ਪਿਆ ਹੈ ਕਿ ਅਸੀਂ ਕਿਸ ਨੂੰ ਆਖੀਏ ਕਿ 'ਰਾਣੀਏ ਅੱਗਾ ਢੱਕ'।

ਹੁਣ ਤਾਂ ਚਿੱਟੀਆਂ ਮੁੱਛਾਂ ਵਾ਼ਲੇ 'ਰਾਣੀਆਂ' ਨੂੰ 'ਰਾਣੀਹਾਰ' ਪਾਉਣ ਲਈ ਪੱਬਾਂ ਭਾਰ ਹੋਏ ਆਪਣੇ ਕਾਰੋਬਾਰ ਕਰਦੇ ਰਹੇ ਤੇ ਹੁਣ ਦਾਰਸ਼ਨਿਕ ਪ੍ਰਵਚਨ ਕਰੀ ਜਾ ਰਹੇ ਹਨ। ਇਹਨਾਂ 'ਪਾਨ ਦੀਆਂ ਬੇਗ਼ਮਾਂ' ਨੂੰ ਥਾਂ ਥਾਂ ਹੁੰਦੇ ਸ਼ਬਦਾਂ ਦੇ ਮੁਜ਼ਰਿਆਂ ਵਿੱਚ 'ਮਲਿਕਾ ਏ ਅਲਫ਼ਾਜ਼' ਦਾ ਖਿਤਾਬ ਦਿਵਾਉਣ ਲਈ ਜੁਗਾੜਬੰਦੀ ਕਰਦੇ ਹਨ। ਜੇ ਅਗਾਂਹ ਦਾ਼ਲ ਨਾ ਗ਼ਲੇ ਤਾਂ ਪੱਲਿਓਂ ਮਾਇਆ ਵੀ ਭੇਟ ਕਰੀ ਜਾ ਰਹੇ ਹਨ।

ਇਹਨਾਂ 'ਚਿੱਟੀਆਂ ਮੁੱਛਾਂ' ਵਾਲਿ਼ਆਂ ਨੇ ਸਾਹਿਤ ਦੀ ਬੜੀ ਸੇਵਾ ਕੀਤੀ ਹੈ। ਇਹ ਅਸਮਾਨੀਂ ਚੜ੍ਹੀ ਇੱਲ ਵਾਂਙੂ ਹਰ ਵੇ਼ਲੇ 'ਕੱਚੇ ਮਾਸ' 'ਤੇ ਨਿਗਾਹ ਰੱਖਦੇ ਹਨ। ਜਦੋਂ ਕਦੇ ਅਸੀਂ ਇਹਨਾਂ 'ਚਿੱਟੀਆਂ' ਮੁੱਛਾਂ ਦਾਹੜੀਆਂ ਵਾਲਿ਼ਆਂ ਦੇ ਕੁਰਸੀਨਾਮੇ ਵੇਖਦੇ ਹਾਂ ਤਾਂ ਜਾ ਕੇ ਕਿਤੇ ਸਮਝ ਆਉਂਦੀ ਹੈ ਕਿ 'ਜੇਹੇ ਕੁੱਜੇ ਤੇਹੇ ਆ਼ਲੇ' ਹਨ।

ਉਹ ਆਪਣੇ ਆ਼ਲੇ ਦੁਆ਼ਲੇ ਜਿਹੜੇ 'ਗੜਵਈਆਂ' ਦੀ ਭੀੜ ਲਾਈ ਬੈਠੇ ਹਨ, ਜਦੋਂ ਉਹ ਪ੍ਰਵਚਨ ਕਰਦੇ ਹਨ ਕਿ "ਸਾਡੇ ਚੌਗਿਰਦੇ ਸਮਾਜ ਵਿੱਚ ਪ੍ਰਦੂਸ਼ਣ ਵਧਾਉਣ ਵਾ਼ਲੀਆਂ ਸ਼ਕਤੀਆਂ ਪੈਦਾ ਹੋ ਗਈਆਂ ਹਨ, ਜਿਹੜੀਆਂ ਸਮਾਜ ਨੂੰ ਗਧਿਆਂ ਵਾਂਙੂ ਚਰੀ ਜਾ ਰਹੀਆਂ ਹਨ" ਤਾਂ ਹਾਸਾ ਆਉਂਦਾ ਹੈ।

ਇਹ ਹਾਸਾ ਰੋਣੇ ਵਰਗਾ ਹੁੰਦਾ ਹੈ ਪਰ ਇਸ ਰੋਣੇ ਨੂੰ ਕੋਈ ਸੁਣਦਾ ਨਹੀਂ। ਸਗੋਂ ਹਰ ਕਿਸੇ ਨੇ 'ਟਿੰਡ ਵਿੱਚ ਕਾਨਾ' ਪਾਇਆ ਹੋਇਆ ਹੈ ਤੇ ਆਪੋ–ਆਪਣਾ ਰਾਗ ਅਲਾਪ ਰਿਹਾ ਹੈ। ਇਹ ਰਾਗ ਕਿਹੜਾ ਹੈ? ਇਸ ਦੀ ਨਾ ਤਾਂ ਉਹਨਾਂ ਨੂੰ ਖੁਦ ਸਮਝ ਹੈ ਤੇ ਨਾ ਹੀ ਸੁਣਨ ਵਾਲਿਆਂ ਨੂੰ ਸਮਝ ਆਉਂਦੀ ਹੈ।

ਸਮਾਜ ਵਿੱਚ ਵਧ੍ਹ ਰਹੇ ਸ਼ੋਰ ਕਰਕੇ 'ਮੁਰਾਰੀ ਲਾਲ' ਆਪਣੀ ਚੁੱਪ ਦੀ ਗੁਫ਼ਾ ਵਿੱਚ ਬੈਠਾ ਆਖੀ ਜਾ ਰਿਹਾ ਹੈ, 'ਭਾਊ ਤੈਂ ਕੀ ਲੈਣਾ ਐ' ! ਢੱਕੀ ਰਿੱਝਣ ਦੇ।

ਪਰ ਚੌਕੀਦਾਰ ਕੀ ਕਹੇ ? 'ਜਾਗਦੇ ਰਹੋ, ਜਾਗਦੇ ਰਹੋ' ਜਾਂ 'ਚੋਰੋ ਆ ਜਾਓ, ਘਰਾਂ ਵਾਲਿ਼ਓ ਸੌਂ ਜਾਓ' ?

ਜਦੋਂ 'ਅੰਨ੍ਹੀ ਪੀਹਵੇ ਤੇ ਕੁੱਤਾ ਚੱਟੇ, ਕੁੱਤਾ ਰਾਜ ਬਹਾਲੀਐ

ਮੁੜ੍ਹ ਚੱਕੀ ਚੱਟੇ ! ਫਿਰ ਤਾਂ ਏਹੀ ਕਹਿਣ ਦੀ ਲੋੜ ਹੈ।

ਚੌਂਕੀਦਾਰਾਂ ਲੈ ਮਿੱਤਰਾ, ਤੇਰੇ ਲੱਗਦੇ ਨੇ ਬੋਲ ਪਿਆਰੇ। ਅੱਜਕੱਲ੍ਹ ਮਿੱਤਰ ਵੀ ਮੌਸਮ ਵਾਂਙੂ ਬਦਲ ਰਹੇ ਨੇ, ਕੱਚੀ ਟੁੱਟਗੀ ਜੀਹਨਾ ਦੀ ਯਾਰੀ, ਹੁਣ ਤਾਂ ਕੱਚੀ ਯਾਰੀ ਲੱਡੂਆਂ ਦੀ ਬਣ ਗਈ ਹੈ। ਹੁਣ ਬੇਭਰੋਸਗੀ ਵੱਧ ਰਹੀ ਮਹਿੰਗਾਈ ਵਾਂਙੂ, ਮੋਹ ਪਿਆਰ ਜੀਡੀ ਪੀ ਤੇ ਭਾਰਤੀ ਕਰੰਸੀ ਵਾਂਙੂ ਦਿਨੋ ਦਿਨ ਡਿੱਗ ਰਿਹਾ ਹੈ, ਝੂਠ, ਫਰੇਬ ਤੇ ਲੁੱਟਮਾਰ ਡਾਲਰ ਵਾਂਙੂ ਮਜ਼ਬੂਤ ਹੋ ਰਹੀ ਹੈ ।ਹੁਣ ਜਲਦੀ ਸਭ ਭਾਰਤੀ ਬਰਾਬਰ ਹੋ ਜਾਣਗੇ, ਸਾਰੀਆਂ ਸਿਆਸੀ ਪਾਰਟੀਆਂ ਇਕੋ ਹੀ ਵਰਦੀ ਪਾਉਣਗੀਆਂ, ਤੁਸੀਂ ਸੌਂ ਜਾਵੋ ਚੌਕੀਦਾਰ ਜਾਗ ਰਿਹਾ ਹੈ ।



**ਬੁੱਧ ਸਿੰਘ ਨੀਲੋਂ**
94643 70823

# ਮਾਨ ਸਰਕਾਰ ਦਾ ਵੱਡਾ ਐਕਸ਼ਨ

## ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਦੇ 7 ਅਧਿਕਾਰੀ ਸਸਪੈਂਡ



ਪੰਜਾਬ ਸਰਕਾਰ ਨੇ 2025 ਦੇ ਆਖਰੀ ਦਿਨ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਕਰਦੇ ਹੋਏ ਅੰਮ੍ਰਿਤਸਰ ਸੁਧਾਰ ਟਰੱਸਟ ਦੇ ਸੱਤ ਅਧਿਕਾਰੀਆਂ ਨੂੰ ਸਸਪੈਂਡ ਕਰ ਦਿੱਤਾ। ਇਹ ਸਾਰੇ ਅਧਿਕਾਰੀ ਇੰਜੀਨੀਅਰਿੰਗ ਵਿਭਾਗ ਨਾਲ ਜੁੜੇ ਹੋਏ ਹਨ। ਸਥਾਨਕ ਸਰਕਾਰਾਂ ਵਿਭਾਗ ਨੇ ਇਸ ਸਬੰਧ ਵਿੱਚ ਆਦੇਸ਼ ਜਾਰੀ ਕੀਤੇ। ਸੂਤਰਾਂ ਮੁਤਾਬਕ, ਇਹ ਕਾਰਵਾਈ ਟਰੱਸਟ ਦੇ ਅੰਦਰ 52.80 ਕਰੋੜ ਰੁਪਏ ਦੇ ਟੈਂਡਰ ਘਪਲੇ ਦੇ ਸਬੰਧ ਵਿੱਚ ਕੀਤੀ ਗਈ ਸੀ।

ਇਨ੍ਹਾਂ ਮੁਅੱਤਲ ਅਧਿਕਾਰੀਆਂ ਵਿੱਚ ਸੰਤ ਭੂਸ਼ਣ ਸਚਦੇਵਾ, ਸੁਪਰਡੈਂਟ ਇੰਜੀਨੀਅਰ, ਐਕਸੀਅਨ ਰਮਿੰਦਰਪਾਲ ਸਿੰਘ, ਐਕਸੀਅਨ ਬਿਕਰਮ ਸਿੰਘ, ਐਸਡੀਓ ਸੁਖਰਿਪਨ ਪਾਲ ਸਿੰਘ, ਐਸਡੀਓ ਸ਼ੁਭਮ ਸਿੰਘ, ਜੇਈ ਮਨਪ੍ਰੀਤ ਸਿੰਘ ਤੇ ਮਨਦੀਪ ਸਿੰਘ ਸ਼ਾਮਲ ਹਨ। ਜਾਣਕਾਰੀ ਮੁਤਾਬਕ ਸੀਗਲ ਇੰਡੀਆ ਲਿਮਟਿਡ ਨੇ ਇਸ ਬਾਰੇ ਮੁੱਖ ਸਕੱਤਰ ਨੂੰ ਸ਼ਿਕਾਇਤ ਕੀਤੀ ਸੀ। ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਨੇ ਚਾਰ ਮੈਂਬਰੀ ਕਮੇਟੀ ਬਣਾਈ ਅਤੇ ਜਾਂਚ ਸ਼ੁਰੂ ਕਰ ਦਿੱਤੀ। ਸਥਾਨਕ ਸਰਕਾਰਾਂ ਵਿਭਾਗ ਨੇ ਇਹ ਕਾਰਵਾਈ ਮੁੱਖ ਸਕੱਤਰ ਨੂੰ ਜਾਂਚ ਰਿਪੋਰਟ ਸੌਂਪਣ ਤੋਂ ਬਾਅਦ ਸ਼ੁਰੂ ਕੀਤੀ। ਮੁਅੱਤਲੀ ਦੇ ਕਾਰਨ ਹੁਕਮ ਵਿੱਚ ਨਹੀਂ ਦੱਸੇ ਗਏ ਹਨ।

# ਟਰੰਪ ਪ੍ਰਸ਼ਾਸਨ ਵੱਲੋਂ ਸ਼ਰਨ ਨਿਯਮਾਂ ਨੂੰ ਸਖ਼ਤ ਕਰਨ ਦੀ ਤਿਆਰੀ



ਵਾਸ਼ਿੰਗਟਨ : ਅਮਰੀਕੀ ਮੀਡੀਆ ਰਿਪੋਰਟਾਂ ਅਨੁਸਾਰ, ਟਰੰਪ ਪ੍ਰਸ਼ਾਸਨ ਸ਼ਰਣ ਨਾਲ ਸਬੰਧਤ ਨਿਯਮਾਂ ਨੂੰ ਹੋਰ ਸਖ਼ਤ ਕਰਨ ਦੀ ਤਿਆਰੀ ਕਰ ਰਿਹਾ ਹੈ। ਸਰਕਾਰ ਦਾ ਕਹਿਣਾ ਹੈ ਕਿ ਸ਼ਰਣ ਪ੍ਰਣਾਲੀ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ ਅਤੇ ਇਸਨੂੰ "ਕਾਨੂੰਨੀ ਚੋਰ ਮੋਰੀ" ਵਜੋਂ ਵਰਤਿਆ ਜਾ ਰਿਹਾ ਹੈ। ਇਸ ਕਾਰਨ ਕਰਕੇ, ਪ੍ਰਸ਼ਾਸਨ ਉਨ੍ਹਾਂ ਮਾਮਲਿਆਂ ਨੂੰ ਬੰਦ ਕਰਨਾ ਚਾਹੁੰਦਾ ਹੈ, ਜਿਨ੍ਹਾਂ ਵਿਚ ਪੂਰੀ ਸੁਣਵਾਈ ਤੋਂ ਬਿਨਾਂ ਫੈਸਲੇ ਲਏ ਜਾ ਸਕਦੇ ਹਨ।

ਹਾਲ ਹੀ ਦੇ ਸਾਲਾਂ ਵਿਚ ਅਮਰੀਕਾ ਵਿਚ ਸ਼ਰਨ ਮੰਗਣ ਵਾਲੇ ਲੋਕਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਵਿੱਤੀ ਸਾਲ 2024 ਵਿਚ ਇਮੀਗ੍ਰੇਸ਼ਨ ਅਦਾਲਤਾਂ ਵਿਚ ਲਗਭਗ 900,000 ਸ਼ਰਣ ਅਰਜ਼ੀਆਂ ਲੰਬਿਤ ਸਨ, ਜਦੋਂਕਿ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ, ਇਹ ਗਿਣਤੀ ਸਾਲਾਨਾ ਲਗਭਗ 200,000 ਸੀ। ਸਰਕਾਰ ਦਾ ਮੰਨਣਾ ਹੈ ਕਿ ਇਸ ਵਧੇ ਹੋਏ ਬੋਝ ਨੇ ਇਮੀਗ੍ਰੇਸ਼ਨ ਪ੍ਰਣਾਲੀ 'ਤੇ ਗੰਭੀਰ ਦਬਾਅ ਪਾਇਆ ਹੈ।

ਨਵੀਂ ਨੀਤੀ ਦੇ ਤਹਿਤ, ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਇਮੀਗ੍ਰੇਸ਼ਨ ਜੱਜਾਂ ਨੂੰ ਬਿਨਾਂ ਸੁਣਵਾਈ ਦੇ ਬਹੁਤ ਸਾਰੇ ਸ਼ਰਣ ਮਾਮਲਿਆਂ ਨੂੰ ਖਾਰਜ ਕਰਨ ਅਤੇ ਬਿਨੈਕਾਰਾਂ ਨੂੰ ਤੀਜੇ ਦੇਸ਼ ਭੇਜਣ ਲਈ ਕਹਿ ਰਿਹਾ ਹੈ। ਇਨ੍ਹਾਂ ਤੀਜੇ ਦੇਸ਼ਾਂ ਵਿਚ ਯੂਗਾਂਡਾ, ਹੋਂਡੂਰਸ ਅਤੇ ਇਕਵਾਡੋਰ ਵਰਗੇ ਦੇਸ਼ ਸ਼ਾਮਲ ਹਨ, ਜਿੱਥੇ ਸ਼ਰਨਾਰਥੀ ਸੁਰੱਖਿਆ ਦੀ ਮੰਗ ਕਰ ਸਕਦੇ ਹਨ, ਭਾਵੇਂ ਉਨ੍ਹਾਂ ਦਾ ਉੱਥੇ ਪਹਿਲਾਂ ਕੋਈ ਸਬੰਧ ਨਾ ਹੋਵੇ।

ਅਮਰੀਕੀ ਸਰਕਾਰ ਦਾ ਤਰਕ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਕਿਸੇ ਹੋਰ ਸੁਰੱਖਿਅਤ ਦੇਸ਼ ਭੇਜਿਆ ਜਾ ਸਕਦਾ ਹੈ, ਤਾਂ ਉਸਨੂੰ ਅਮਰੀਕਾ ਵਿਚ ਰਹਿਣ ਦੀ ਲੋੜ ਨਹੀਂ ਹੈ। ਇੱਕ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਨੇ ਕਿਹਾ ਕਿ ਸ਼ਰਣ ਦਾ ਉਦੇਸ਼ ਲੋਕਾਂ ਨੂੰ ਆਪਣੀ ਪਸੰਦ ਦੇ ਦੇਸ਼ ਜਾਣ ਦਾ ਮੌਕਾ ਦੇਣਾ ਨਹੀਂ ਹੈ, ਸਗੋਂ ਉਨ੍ਹਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਹੈ।

ਹਾਲਾਂਕਿ, ਇਮੀਗ੍ਰੇਸ਼ਨ ਵਕੀਲਾਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਇਸ ਨੀਤੀ ਦੀ ਆਲੋਚਨਾ ਕੀਤੀ ਹੈ। ਉਸਦਾ ਕਹਿਣਾ ਹੈ ਕਿ ਇਸ ਨਾਲ ਅਮਰੀਕਾ ਦੀ ਮਾਨਵਤਾਵਾਦੀ ਸ਼ਰਣ ਪ੍ਰਣਾਲੀ ਕਮਜ਼ੋਰ ਹੋ ਜਾਵੇਗੀ ਅਤੇ ਲੋੜਵੰਦ ਲੋਕ ਨਿਆਂ ਨਹੀਂ ਪ੍ਰਾਪਤ ਕਰ ਸਕਣਗੇ। ਇਸ ਦੇ ਨਾਲ ਹੀ ਸਰਕਾਰ ਦਾ ਕਹਿਣਾ ਹੈ ਕਿ ਜੇਕਰ ਕਿਸੇ ਨੂੰ ਕਾਨੂੰਨ 'ਤੇ ਕੋਈ ਇਤਰਾਜ਼ ਹੈ, ਤਾਂ ਇਸਨੂੰ ਕਾਂਗਰਸ ਵਿਚ ਉਠਾਇਆ ਜਾਣਾ ਚਾਹੀਦਾ ਹੈ।

ਇਹ ਨੀਤੀ ਭਾਰਤ ਤੋਂ ਆਏ ਕੁਝ ਸ਼ਰਨਾਰਥੀਆਂ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ, ਖਾਸ ਕਰਕੇ ਉਹ ਜਿਹੜੇ ਰਾਜਨੀਤਿਕ ਅੱਤਿਆਚਾਰ ਦਾ ਦਾਅਵਾ ਕਰਦੇ ਹਨ। ਭਾਰਤੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਕੋਈ ਸਰਕਾਰੀ ਪ੍ਰਯੋਜਿਤ ਦਮਨ ਨਹੀਂ ਹੈ ਅਤੇ ਕੁਝ ਲੋਕ ਝੂਠੇ ਦਾਅਵਿਆਂ ਤਹਿਤ ਵਿਦੇਸ਼ਾਂ ਵਿਚ ਸ਼ਰਨ ਲੈਣ ਦੀ ਕੋਸ਼ਿਸ਼ ਕਰ ਰਹੇ ਹਨ।

ਕੁੱਲ ਮਿਲਾ ਕੇ, ਟਰੰਪ ਪ੍ਰਸ਼ਾਸਨ ਦੇ ਇਸ ਕਦਮ ਨੂੰ ਗੈਰ-ਕਾਨੂੰਨੀ ਜਾਂ ਝੂਠੇ ਸ਼ਰਣ ਦੇ ਦਾਅਵਿਆਂ ਨੂੰ ਰੋਕਣ ਅਤੇ ਦੇਸ਼ ਨਿਕਾਲੇ ਨੂੰ ਤੇਜ਼ ਕਰਨ ਵੱਲ ਇੱਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ। ਸਰਕਾਰ ਦਾ ਅੰਦਾਜ਼ਾ ਹੈ ਕਿ ਪਹਿਲੇ ਸਾਲ ਵਿਚ ਹੀ ਲਗਭਗ 6 ਲੱਖ ਲੋਕਾਂ ਨੂੰ ਦੇਸ਼ ਤੋਂ ਬਾਹਰ ਭੇਜਿਆ ਜਾ ਸਕਦਾ ਹੈ।

# ਜਸਬੀਰ ਜੱਸੀ ਦੇ ਕੀਰਤਨ ਕਰਨ 'ਤੇ ਜਥੇਦਾਰ ਗੜਗੱਜ ਨੇ ਜਤਾਇਆ ਇਤਰਾਜ਼



ਚੰਡੀਗੜ੍ਹ : ਪ੍ਰਸਿੱਧ ਪੰਜਾਬੀ ਗਾਇਕ ਜਸਬੀਰ ਜੱਸੀ ਵੱਲੋਂ ਹਾਲ ਹੀ ਵਿੱਚ ਇੱਕ ਧਾਰਮਿਕ ਸਮਾਗਮ ਵਿੱਚ ਸ਼ਬਦ ਗਾਇਨ ਅਤੇ ਕੀਰਤਨ ਗਾਇਨ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜਸਬੀਰ ਜੱਸੀ ਵੱਲੋਂ ਕੀਰਤਨ ਕਰਨ 'ਤੇ ਇਤਰਾਜ਼ ਜਤਾਇਆ ਗਿਆ ਹੈ। ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖ ਪਰੰਪਰਾਵਾਂ ਅਤੇ ਸਿੱਖ ਰੀਤੀ-ਰਿਵਾਜਾਂ ਅਨੁਸਾਰ ਸਿਰਫ਼ ਸਾਬਤ ਸੂਰਤ ਸਿੱਖ ਹੀ ਕੀਰਤਨ ਕਰ ਸਕਦਾ ਹੈ।

ਦੱਸ ਦੇਈਏ ਕਿ ਹਾਲ ਹੀ ਵਿਚ ਸ਼ਹੀਦੀ ਸਮਾਗਮਾਂ ਦੌਰਾਨ ਗਾਇਕ ਜਸਬੀਰ ਜੱਸੀ ਨੇ ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲਿਆਂ ਨਾਲ ਇਕ ਸਮਾਗਮ 'ਚ ਕੀਰਤਨ ਕੀਤਾ ਸੀ, ਜਿਸ ਦੀ ਵੀਡੀਓ ਖ਼ੁਦ ਜੱਸੀ ਵਲੋਂ ਸਾਂਝੀ ਕੀਤੀ ਗਈ ਸੀ। ਇਸ ਤੋਂ ਬਾਅਦ ਜਥੇਦਾਰ ਨੇ ਸਪੱਸ਼ਟ ਕੀਤਾ ਕਿ ਸਿੱਖ ਰਹਿਤ ਮਰਿਆਦਾ ਵਿੱਚ ਇਹ ਸਪੱਸ਼ਟ ਲਿਖਿਆ ਹੈ ਕਿ ਗੁਰੂ ਸਾਹਿਬ ਦੀ ਹਜ਼ੂਰੀ ਅਤੇ ਸੰਗਤ ਵਿੱਚ ਸਿਰਫ਼ ਸਾਬਤ ਸੂਰਤ ਸਿੱਖ ਹੀ ਕੀਰਤਨ ਕਰ ਸਕਦਾ ਹੈ, ਪਤਿਤ ਸਿੱਖ ਨਹੀਂ। ਉਨ੍ਹਾਂ ਇਹ ਵੀ ਕਿਹਾ ਕਿ ਧਾਰਮਿਕ ਸਮਾਗਮਾਂ ਵਿਚ ਪਰੰਪਰਾਵਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ ਅਤੇ ਕਿਸੇ ਵੀ ਉਲੰਘਣਾ ਨੂੰ ਸਿੱਖ ਧਰਮ ਦੀ ਸ਼ਾਨ ਦੇ ਵਿਰੁੱਧ ਮੰਨਿਆ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਧਾਰਮਿਕ ਸਮਾਗਮਾਂ ਵਿੱਚ ਪਰੰਪਰਾਵਾਂ ਦੀ ਪਾਲਣਾ ਕਰਨਾ ਬਹੁਤ ਜ਼ਰੂਰੀ ਹੈ। ਪੋਸਟ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਲੋਕਾਂ ਵਲੋਂ ਅਲਗ ਅਲਗ ਪ੍ਰਤੀਕਿਰਿਆਵਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਕੁਝ ਲੋਕਾਂ ਨੇ ਜੱਸੀ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ ਕਿ ਉਨ੍ਹਾਂ ਧਾਰਮਿਕ ਭਾਵਨਾਵਾਂ ਅਤੇ ਸੱਭਿਆਚਾਰਕ ਸੰਗੀਤ ਨੂੰ ਉਤਸ਼ਾਹਿਤ ਕਰਨ ਵਾਲਾ ਕੰਮ ਕੀਤਾ। ਹਾਲਾਂਕਿ, ਕੁਝ ਧਾਰਮਿਕ ਵਿਦਵਾਨਾਂ ਅਤੇ ਜਥੇਦਾਰਾਂ ਨੇ ਪਰੰਪਰਾ ਅਨੁਸਾਰ ਕੀਰਤਨ ਦੇ ਅਧਿਕਾਰਾਂ ਅਤੇ ਮਰਿਆਦਾ ਨੂੰ ਬਰਕਰਾਰ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

# ਪੰਜਾਬ ਕੈਬਿਨੇਟ ਦੀ ਬੈਠਕ 'ਚ ਲਏ ਗਏ ਵੱਡੇ ਫ਼ੈਸਲੇ

## ਨਵੀਂ ਸਬ-ਤਹਿਸੀਲ ਬਣਾਉਣ ਨੂੰ ਪ੍ਰਵਾਨਗੀ; ਬਨੂੜ ਸਬ ਤਹਿਸੀਲ ਨੂੰ ਕੀਤਾ ਜਾਵੇਗਾ ਅਪਗ੍ਰੇਡ



ਚੰਡੀਗੜ੍ਹ : ਪੰਜਾਬ ਸਰਕਾਰ ਦੀ ਕੈਬਨਿਟ ਮੀਟਿੰਗ ਅੱਜ ਮੁੱਖ ਮੰਤਰੀ ਭਗਵੰਤ ਮਾਨ ਦੇ ਸਰਕਾਰੀ ਨਿਵਾਸ ਸਥਾਨ 'ਤੇ ਹੋਈ। ਮੀਟਿੰਗ ਵਿੱਚ ਬਨੂੜ ਸਬ-ਤਹਿਸੀਲ ਨੂੰ ਅਪਗ੍ਰੇਡ ਕਰਨ ਦਾ ਫੈਸਲਾ ਕੀਤਾ ਗਿਆ, ਜਦਕਿ ਹੁਸ਼ਿਆਰਪੁਰ ਵਿੱਚ ਇੱਕ ਨਵੀਂ ਤਹਿਸੀਲ ਬਣਾਉਣ ਨੂੰ ਪ੍ਰਵਾਨਗੀ ਦਿੱਤੀ ਗਈ। ਇਸ ਦੇ ਨਾਲ ਹੀ "ਮੇਰਾ ਘਰ, ਮੇਰਾ ਨਾਮ" ਯੋਜਨਾ ਨੂੰ ਤੇਜ਼ੀ ਨਾਲ ਲਾਗੂ ਕੀਤਾ ਜਾਵੇਗਾ। ਦੱਸ ਦਈਏ ਇਹ ਜਾਣਕਾਰੀ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਦਿੱਤੀ। ਉਨ੍ਹਾਂ ਦੱਸਿਆ ਕਿ ਬਨੂੜ ਸਬ-ਤਹਿਸੀਲ ਮੋਹਾਲੀ ਦੇ ਅੰਦਰ ਪੈਂਦੀ ਹੈ। ਲੰਬੇ ਸਮੇਂ ਤੋਂ ਲੋਕਾਂ ਦੀ ਮੰਗ ਸੀ ਕਿ ਤਹਿਸੀਲ ਨੂੰ ਇਸਦੇ ਛੋਟੇ ਆਕਾਰ ਕਾਰਨ ਅਪਗ੍ਰੇਡ ਕੀਤਾ ਜਾਵੇ, ਕਿਉਂਕਿ ਲੋਕਾਂ ਨੂੰ ਆਪਣਾ ਕੰਮ ਕਰਵਾਉਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ ਇਸਨੂੰ ਅਪਗ੍ਰੇਡ ਕੀਤਾ ਜਾਵੇਗਾ। ਇਸ ਵਿੱਚ ਦੋ ਕਾਨੂੰਨਗੋ, 14 ਪਟਵਾਰ ਸਰਕਲ ਅਤੇ 40 ਪਿੰਡ ਸ਼ਾਮਲ ਹੋਣਗੇ। ਇਸਤੋਂ ਇਲਾਵਾ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਇੱਕ ਤਹਿਸੀਲ ਹਰਿਆਣਾ ਬਣਾਉਣ ਦਾ ਫੈਸਲਾ ਕੀਤਾ ਗਿਆ। ਇਸ ਵਿੱਚ 12 ਪਟਵਾਰ ਸਰਕਲ, ਦੋ ਕਾਨੂੰਗੋ ਸਰਕਲ ਅਤੇ 50 ਪਿੰਡ ਸ਼ਾਮਲ ਹਨ। 1888 ਦੇ ਭੂਮੀ ਮਾਲੀਆ ਐਕਟ ਵਿੱਚ ਸੋਧ ਕੀਤੀ ਗਈ ਹੈ, ਜਿਸ ਨਾਲ ਰਿਕਾਰਡਾਂ ਨੂੰ ਕੰਪਿਊਟਰਾਂ 'ਤੇ ਸਟੋਰ ਕਰਨ ਦੀ ਆਗਿਆ ਦਿੱਤੀ ਗਈ ਹੈ। "ਮੇਰਾ ਘਰ, ਮੇਰਾ ਨਾਮ" ਪਹਿਲਕਦਮੀ ਨੂੰ ਲਾਗੂ ਕਰਨ ਵਿੱਚ ਤੇਜ਼ੀ ਲਿਆਉਣ ਲਈ ਪ੍ਰਵਾਨਗੀ ਦਿੱਤੀ ਗਈ ਹੈ , ਜਿਸ ਵਿੱਚ ਵੀ ਸੋਧ ਕੀਤੀ ਗਈ ਹੈ। ਜਾਣਕਾਰੀ ਸਾਂਝਾ ਕਰਦਿਆਂ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਮਨਰੇਗਾ ਸਕੀਮ ਦਾ ਨਾਮ ਬਦਲਣ ਅਤੇ ਇਸ 'ਤੇ ਲਗਾਈਆਂ ਗਈਆਂ ਸ਼ਰਤਾਂ ਦੇ ਵਿਰੋਧ ਵਿੱਚ ਕੱਲ੍ਹ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਗਿਆ ਹੈ। ਕੇਂਦਰ ਦੀ ਭਾਜਪਾ ਸਰਕਾਰ ਅਤੇ ਪ੍ਰਧਾਨ ਮੰਤਰੀ ਦੀਆਂ ਨੀਤੀਆਂ ਨੇ ਗਰੀਬ ਲੋਕਾਂ ਨੂੰ ਉਲਝਣ ਵਿੱਚ ਪਾ ਦਿੱਤਾ ਹੈ। ਇਸ ਤੋਂ ਇਲਾਵਾ ਕੱਲ੍ਹ 30 ਤਰੀਕ ਨੂੰ ਵਿਧਾਨ ਸਭਾ ਵਿੱਚ ਮੰਗ ਕਰਾਂਗੇ ਕਿ ਇਹ ਯੋਜਨਾ ਪਹਿਲਾਂ ਵਾਂਗ ਹੀ ਜਾਰੀ ਰਹੇ। ਭਾਜਪਾ ਸਰਕਾਰ ਪੰਜਾਬ ਅਤੇ ਸੂਬੇ ਦੇ ਲੋਕਾਂ ਨਾਲ ਵਿਤਕਰਾ ਕਰਦੀ ਹੈ। ਗਰੀਬ ਲੋਕਾਂ ਦਾ ਰੁਜ਼ਗਾਰ ਖੋਹਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਜੋ ਮਜ਼ਦੂਰੀ ਕਰਕੇ ਆਪਣੇ ਪਰਿਵਾਰਾਂ ਦਾ ਪਾਲਣ-ਪੋਸ਼ਣ ਕਰ ਰਹੇ ਸਨ।

# ਕੈਬਨਿਟ ਮੀਟਿੰਗ 'ਚ ਲਏ ਗਏ ਅਹਿਮ ਫ਼ੈਸਲੇ

## ਬਨੂੜ ਤਹਿਸੀਲ 'ਚ ਸ਼ਾਮਲ ਹੋਣਗੇ 40 ਪਿੰਡ



ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਪੰਜਾਬ ਕੈਬਨਿਟ ਦੀ ਮਹੱਤਵਪੂਰਨ ਮੀਟਿੰਗ ਵਿੱਚ ਵੱਡੇ ਫੈਸਲੇ ਲਏ ਗਏ। ਕੈਬਨਿਟ ਨੇ ਬਨੂੜ ਤਹਿਸੀਲ ਨੂੰ ਅਪਗ੍ਰੇਡ ਕਰਨ ਦਾ ਫੈਸਲਾ ਕੀਤਾ, ਜਿਸ ਵਿੱਚ 40 ਪਿੰਡ ਸ਼ਾਮਲ ਹੋਣਗੇ ਅਤੇ ਪਿੰਡਾਂ ਦੇ ਲੋਕਾਂ ਨੂੰ ਰਾਹਤ ਮਿਲੇਗੀ। ਹੁਸ਼ਿਆਰਪੁਰ ਵਿੱਚ ਹਰਿਆਣਾ ਦੀ ਇੱਕ ਨਵੀਂ ਤਹਿਸੀਲ ਵੀ ਬਣਾਈ ਗਈ। ਇਸ ਤੋਂ ਇਲਾਵਾ, "ਮੇਰਾ ਘਰ ਮੇਰਾ ਨਾਮ" ਯੋਜਨਾ ਨੂੰ ਤੇਜ਼ੀ ਨਾਲ ਲਾਗੂ ਕੀਤਾ ਜਾਵੇਗਾ।

ਇਹ ਜਾਣਕਾਰੀ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਦਿੱਤੀ। ਉਨ੍ਹਾਂ ਦੱਸਿਆ ਕਿ ਬਨੂੜ ਸਬ-ਤਹਿਸੀਲ ਮੋਹਾਲੀ ਦੇ ਅੰਦਰ ਪੈਂਦੀ ਹੈ। ਲੰਬੇ ਸਮੇਂ ਤੋਂ ਲੋਕ ਮੰਗ ਕਰ ਰਹੇ ਸਨ ਕਿ ਤਹਿਸੀਲ ਛੋਟੀ ਹੈ ਤੇ ਇਸ ਨੂੰ ਅਪਗ੍ਰੇਡ ਕੀਤਾ ਜਾਵੇ। ਲੋਕਾਂ ਨੂੰ ਆਪਣਾ ਕੰਮ ਕਰਵਾਉਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ, ਇਸਨੂੰ ਅਪਗ੍ਰੇਡ ਕੀਤਾ ਜਾਵੇਗਾ। ਇਸ ਵਿੱਚ ਦੋ ਕਾਨੂੰਗੋ, 14 ਪਟਵਾਰ ਸਰਕਲ ਅਤੇ 40 ਪਿੰਡ ਸ਼ਾਮਲ ਹੋਣਗੇ।

ਇਸ ਦੇ ਨਾਲ ਹੀ, ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਹਰਿਆਣਾ ਦੀ ਇੱਕ ਤਹਿਸੀਲ ਬਣਾਉਣ ਦਾ ਫੈਸਲਾ ਲਿਆ ਗਿਆ। ਇਸ ਵਿੱਚ 12 ਪਟਵਾਰ ਸਰਕਲ, ਦੋ ਕਾਨੂੰਗੋ ਸਰਕਲ ਅਤੇ 50 ਪਿੰਡ ਸ਼ਾਮਲ ਹਨ। ਭੂਮੀ ਮਾਲੀਆ ਐਕਟ, 1888 ਵਿੱਚ ਸੋਧ ਕੀਤੀ ਗਈ ਹੈ ਅਤੇ ਰਿਕਾਰਡ ਕੰਪਿਊਟਰਾਂ 'ਤੇ ਸਟੋਰ ਕੀਤੇ ਜਾਣਗੇ। "ਮੇਰਾ ਘਰ ਮੇਰਾ ਨਾਮ" ਨੂੰ ਲਾਗੂ ਕਰਨ ਵਿੱਚ ਤੇਜ਼ੀ ਲਿਆਉਣ ਲਈ ਪ੍ਰਵਾਨਗੀ ਦੇ ਦਿੱਤੀ ਗਈ ਹੈ ਅਤੇ ਸੋਧਾਂ ਵੀ ਕੀਤੀਆਂ ਗਈਆਂ ਹਨ।

ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਮਨਰੇਗਾ ਸਕੀਮ ਦਾ ਨਾਮ ਬਦਲਣ ਅਤੇ ਇਸ 'ਤੇ ਲਗਾਈਆਂ ਗਈਆਂ ਸ਼ਰਤਾਂ ਦੇ ਵਿਰੋਧ ਵਿੱਚ ਕੱਲ੍ਹ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਗਿਆ ਹੈ। ਕੱਲ੍ਹ, 30 ਤਰੀਕ ਨੂੰ, ਅਸੀਂ ਵਿਧਾਨ ਸਭਾ ਵਿੱਚ ਮੰਗ ਕਰਾਂਗੇ ਕਿ ਇਹ ਸਕੀਮ ਉਸੇ ਤਰ੍ਹਾਂ ਜਾਰੀ ਰਹੇ। ਦੂਜੇ ਪਾਸੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸਪੀਕਰ ਕੁਲਤਾਰ ਸਿੰਘ ਸੰਧਵਾ ਨੂੰ ਪੱਤਰ ਲਿਖ ਕੇ ਵਿਸ਼ੇਸ਼ ਸੈਸ਼ਨ ਦੇ ਨਾਲ-ਨਾਲ ਰੈਗੂਲਰ ਸਰਦੀਆਂ ਦਾ ਸੈਸ਼ਨ ਮੁੜ ਸ਼ੁਰੂ ਕਰਨ ਦੀ ਅਪੀਲ ਕੀਤੀ ਹੈ।

# 'ਗਾਇਕ ਖਿਲਾਫ਼ ਕੋਈ ਬਿਆਨ...', ਜਸਬੀਰ ਜੱਸੀ ਮਾਮਲੇ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਪੱਸ਼ਟੀਕਰਨ ਜਾਰੀ

ਜਸਬੀਰ ਜੱਸੀ ਦੇ ਧਾਰਮਿਕ ਮਾਮਲੇ ਵਿਚ ਸ੍ਰੀ ਅਕਾਲ ਤਖਤ ਸਾਹਿਬ ਨੇ ਸਪੱਸ਼ਟੀਕਰਨ ਜਾਰੀ ਕੀਤਾ ਹੈ ਕਿ ਗਾਇਕ ਖਿਲਾਫ ਕੋਈ ਵੀ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ। ਜਥੇਦਾਰ ਗੜਗੱਜ ਦੇ ਬਿਆਨ ਦ ਕਿਸੇ ਵਿਅਕਤੀ ਵਿਸ਼ੇਸ਼ ਨਾਲ ਕੋਈ ਸਬੰਧ ਨਹੀਂ ਹੈ ਹੈ। ਜਥੇਦਾਰ ਨੇ ਰਹਿਤ ਮਰਿਆਦਾ ਦ ਹਵਾਲਾ ਦਿੰਦਿਆਂ ਸੰਗਤ 'ਚ ਗੁਰਬਾਣੀ ਦਾ ਪਾਠ ਤੇ ਕੀਰਤਨ ਸਿੱਖ ਵੱਲੋਂ ਹੀ ਕਰਨ ਦੀ ਗੱਲ ਕਹੀ ਸੀ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਮੀਡੀਆ ਕੋਆਰਡੀਨੇਟਰ ਜਸਕਰਨ ਸਿੰਘ ਨੇ ਕਿਹਾ ਕਿ ਜਥੇਦਾਰ ਨੇ ਗਾਇਕ ਜੱਸੀ ਬਾਰੇ ਕੋਈ ਟਿੱਪਣੀ ਨਹੀਂ ਕੀਤੀ। ਧਾਰਮਿਕ ਸਿਧਾਂਤਾਂ ਮੁਤਾਬਕ ਸਿੱਖਾਂ ਵੱਲੋਂ ਕੀਤੇ ਜਾ ਰਹੇ ਕੀਰਤਨ 'ਤੇ ਜਥੇਦਾਰ ਦਾ ਬਿਆਨ ਆਮ ਟਿੱਪਣੀ ਸੀ ਅਤੇ ਕਿਸੇ ਵਿਅਕਤੀ ਵਿਸ਼ੇਸ਼ ਨਾਲ ਸਬੰਧਤ ਨਹੀਂ ਸੀ। ਦੱਸ ਦੇਈਏ ਕਿ ਸ਼ਹੀਦੀ ਸਮਾਗਮਾਂ ਦੌਰਾਨ ਜਸਬੀਰ ਜੱਸੀ ਨੇ ਭਾਈ ਹਰਜਿੰਦਰ ਸਿੰਘ ਜੀ ਸ਼੍ਰੀਨਗਰ ਵਾਲਿਆਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੀਰਤਨ ਕੀਤਾ ਸੀ ਤੇ ਇਸ ਦੀ ਵੀਡੀਓ ਵੀ ਫੇਸਬੁੱਕ 'ਤੇ ਪੋਸਟ ਕੀਤੀ ਸੀ। ਇਸ ਤੋਂ ਬਾਅਦ ਜਥੇਦਾਰ ਗੜਗੱਜ ਨੇ ਇੱਕ ਵੀਡੀਓ ਜਾਰੀ ਕਰਕੇ ਕਿਹਾ ਸੀ ਕਿ ਸੰਗਤ 'ਚ ਗੁਰਬਾਣੀ ਦਾ ਪਾਠ ਤੇ ਕੀਰਤਨ ਇੱਕ ਸਿੱਖ ਹੀ ਕਰ ਸਕਦਾ ਹੈ ਤੇ ਜੇ ਇਸਦੇ ਉਲਟ ਕੋਈ ਕੀਰਤਨ ਕਰਦਾ ਹੈ ਤਾਂ ਉਹ ਗਲਤ ਹੈ।

ਇਸ ਮਗਰੋਂ ਜਸਬੀਰ ਸਿੰਘ ਨੇ ਇਸ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇੱਕ ਸਪੱਸ਼ਟੀਕਰਨ ਪੋਸਟ ਸਾਂਝੀ ਕੀਤੀ ਤੇ ਕਿਹਾ ਮੈਂ ਕਦੇ ਵੀ ਧਾਰਮਿਕ ਜਾਂ ਰਾਜਨੀਤਿਕ ਮਾਮਲਿਆਂ 'ਤੇ ਟਿੱਪਣੀ ਨਹੀਂ ਕਰਦਾ, ਕਿਉਂਕਿ ਹਰ ਵਿਸ਼ੇ 'ਤੇ ਵੱਖੋ-ਵੱਖਰੇ ਵਿਚਾਰ ਹੁੰਦੇ ਹਨ। ਉਨ੍ਹਾਂ ਕਿਹਾ ਕਿ ਜਦੋਂ ਮੈਂ ਭਾਈ ਹਰਜਿੰਦਰ ਸਿੰਘ ਸਾਹਿਬ ਦੀ ਵੀਡੀਓ ਦੇਖੀ, ਤਾਂ ਮੈਨੂੰ ਲੱਗਾ ਕਿ ਮੈਨੂੰ ਬੋਲਣਾ ਚਾਹੀਦਾ ਹੈ। ਮੈਂ ਉਨ੍ਹਾਂ ਦਾ ਇਸ ਮੁੱਦੇ 'ਤੇ ਵਿਚਾਰ ਕਰਨ ਅਤੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਦੀ ਕੋਸ਼ਿਸ਼ ਕਰਨ ਲਈ ਧੰਨਵਾਦ ਕਰਦਾ ਹਾਂ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਥੇਦਾਰ ਸਾਹਿਬ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਸਬੰਧਤ ਮਾਮਲਿਆਂ ਵਿੱਚ ਹਮੇਸ਼ਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਜੋ ਵੀ ਕਿਹਾ, ਮਰਿਆਦਾ ਦੇ ਦਾਇਰੇ ਵਿੱਚ, ਅਸੀਂ ਸਤਿਕਾਰ ਕਰਦੇ ਹਾਂ।

# ਨਵੇਂ ਸਾਲ ਮੌਕੇ ਡੀਸੀ ਲੁਧਿਆਣਾ ਵੱਲੋਂ ਸਖਤ ਹਦਾਇਤਾਂ



ਲੁਧਿਆਣਾ: ਨਵੇਂ ਸਾਲ ਦੇ ਮੌਕੇ ਤੇ ਡਿਪਟੀ ਕਮਿਸ਼ਨਰ ਲੁਧਿਆਣਾ ਵੱਲੋਂ ਢਾਬਿਆਂ, ਰੈਸਟੋਰੈਂਟਾਂ ਅਤੇ ਬਾਰ ਸੰਚਾਲਕਾਂ ਨੂੰ ਸ਼ਰਾਬ ਵੇਚਣ ਨੂੰ ਲੈ ਕੇ ਸਖਤ ਨਿਰਦੇਸ਼ ਜਾਰੀ ਕੀਤੇ ਹਨ। ਇਸ ਦੌਰਾਨ ਨਾਬਾਲਿਗ ਨੂੰ ਸ਼ਰਾਬ ਪਰੋਸਣ ਦੀ ਸਖ਼ਤ ਮਨਾਹੀ ਕੀਤੀ ਗਈ ਹੈ ਅਤੇ ਉਮਰ ਦੀ ਪੁਸ਼ਟੀ ਕਰਨ ਲਈ ਉਸਦਾ ਪਛਾਣ ਪੱਤਰ ਜਾਂਚਿਆ ਜਾ ਸਕਦਾ ਹੈ। ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਤੇ ਕੇਸ ਦਰਜ ਕੀਤਾ ਜਾਵੇਗਾ। ਡੀਸੀ ਹਿਮਾਂਸ਼ੂ ਜੈਨ ਨੇ ਦੱਸਿਆ ਕਿ ਬੀਤੇ ਸਮੇਂ ਦੌਰਾਨ ਵਾਪਰੀਆਂ ਦੁਰਘਟਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਫੈਸਲਾ ਲਿਆ ਗਿਆ ਹੈ। ਇਸ ਦੌਰਾਨ ਅਦੇਸ਼ਾਂ ਦਾ ਉਲੰਘਣ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਸਬੰਧ ਵਿੱਚ ਸੰਬੰਧਿਤ ਐਸਡੀਐਮ ਦੀ ਅਗਵਾਈ ਹੇਠ ਇਸ ਟੀਮ ਦਾ ਗਠਨ ਕੀਤਾ ਗਿਆ ਹੈ, ਜਿਸ ਵਿੱਚ ਪੁਲਿਸ ਤੋਂ ਇਲਾਵਾ ਐਕਸਾਈਜ਼ ਅਤੇ ਫੂਡ ਸੈਕਟਰੀ ਵਿਭਾਗ ਦੇ ਅਫਸਰ ਵੀ ਮੌਜੂਦ ਰਹਿਣਗੇ। ਇਸੇ ਤਰ੍ਹਾਂ, ਕਿਸੇ ਵੀ ਤਰ੍ਹਾਂ ਦੇ ਆਯੋਜਨ ਸਬੰਧੀ ਪਹਿਲਾਂ ਪ੍ਰਸ਼ਾਸਨ ਤੋਂ ਇਜਾਜ਼ਤ ਲੈਣੀ ਜਰੂਰੀ ਹੋਵੇਗੀ।









# ਸਫ਼ਲਤਾ ਅਤੇ ਅਸਫ਼ਲਤਾ ਦਾ ਵਿਗਿਆਨ

ਸਫ਼ਲਤਾ ਅਤੇ ਅਸਫ਼ਲਤਾ ਮਨੁੱਖੀ ਅਨੁਭਵ ਹਨ ਅਤੇ ਅਕਸਰ ਇਹਨਾਂ ਅਹਿਸਾਸਾਂ ਦੀ ਸਮਾਜਿਕ, ਸੱਭਿਆਚਾਰਕ ਅਤੇ ਦਰਸ਼ਨਿਕ ਸਿਧਾਂਤਾਂ ਰਾਹੀਂ ਵਿਆਖਿਆ ਕੀਤੀ ਜਾਂਦੀ ਹਨ। ਆਧੁਨਿਕ ਇਲਾਜ਼ ਪ੍ਰਣਾਲੀ ਦਾ ਵਿਗਿਆਨ, ਨਿਊਰੋਸਾਇੰਸ ਅਤੇ ਮਨੋਵਿਗਿਆਨ ਦਿਖਾਉਂਦੇ ਹਨ ਕਿ ਦੋਹਾਂ ਦੀ ਜੜ੍ਹ ਬਾਇਓਲੋਜੀਕਲ ਪ੍ਰਕਿਰਿਆਵਾਂ ਅਤੇ ਪ੍ਰਭਾਵਾਂ ਵਿੱਚ ਹੈ।

ਇਤਿਹਾਸਕ ਤੌਰ 'ਤੇ, ਸਫ਼ਲਤਾ ਨੂੰ ਪ੍ਰਾਪਤੀ, ਉਤਪਾਦਕਤਾ ਅਤੇ ਸਮਾਜਿਕ ਪਛਾਣ ਨਾਲ ਜੋੜਿਆ ਗਿਆ ਹੈ, ਜਦੋਂ ਕਿ ਅਸਫ਼ਲਤਾ ਨੂੰ ਕਮੀ ਜਾਂ ਅਯੋਗਤਾ ਵਜੋਂ ਦੇਖਿਆ ਗਿਆ ਹੈ। ਆਧੁਨਿਕ ਵਿਗਿਆਨ ਇਸ ਧਾਰਣਾ ਨੂੰ ਚੁਣੌਤੀ ਦਿੰਦਾ ਹੈ, ਦੋਹਾਂ ਨੂੰ ਅਨੁਭਵ, ਲਚਕੀਲੇਪਣ ਅਤੇ ਵਿਕਾਸ ਲਈ ਜਰੂਰੀ ਪ੍ਰਕਿਰਿਆਵਾਂ ਵਜੋਂ ਮਾਨਤਾ ਦਿੰਦਾ ਹੈ। ਨਿਊਰੋਸਾਇੰਸ, ਵਿਉਹਾਰਕ ਇਲਾਜ਼ ਅਤੇ ਮਨੋਵਿਗਿਆਨ ਮਿਲ ਕੇ ਦਰਸਾਉਂਦੇ ਹਨ ਕਿ ਸਫ਼ਲਤਾ ਅਤੇ ਅਸਫ਼ਲਤਾ ਇੱਕੋ ਹੀ ਨਿਊਰੋਬਾਇਓਲੋਜੀਕਲ ਅਤੇ ਸੁਝਾਅ ਸਿਸਟਮਾਂ ਤੋਂ ਉਤਪੰਨ ਹੁੰਦੀਆਂ ਹਨ, ਜੋ ਮੁੱਖ ਤੌਰ 'ਤੇ ਨਿਯੰਤਰਣ, ਧਾਰਣਾ ਅਤੇ ਪ੍ਰਤੀਕ੍ਰਿਆ ਵਿੱਚ ਵੱਖਰੀਆਂ ਹੁੰਦੀਆਂ ਹਨ।

**ਬਾਇਓਲੋਜੀਕਲ ਅਤੇ ਨਿਊਰੋਸਾਈਕੋਲੋਜੀਕਲ ਬੁਨਿਆਦਾਂ**

ਨਿਊਰੋਬਾਇਓਲੋਜੀਕਲ ਪੱਧਰ 'ਤੇ, ਸਫ਼ਲਤਾ ਅਤੇ ਅਸਫ਼ਲਤਾ ਦਿਮਾਗ਼ ਦੇ ਸਰਕਟਾਂ ਦੁਆਰਾ ਮੱਧਵਾਲੀ ਜਾਂਦੀਆਂ ਹਨ ਜਿਨ੍ਹਾਂ ਵਿੱਚ ਪੂਰਕ ਫ੍ਰੰਟਲ ਕੋਰਟੈਕਸ, ਲਿੰਬਿਕ ਸਿਸਟਮ, ਡੋਪਾਮਿਨਰਜਿਕ ਇਨਾਮ ਪਾਥਵੇਜ਼ ਅਤੇ ਹਾਈਪੋਥੈਲਾਮਿਕ-ਪੀਟੀਟੂਟਰੀ-ਐਡ੍ਰੇਨਲ (HPA) ਧਾਰਾ ਸ਼ਾਮਿਲ ਹਨ।

ਸਫ਼ਲਤਾ ਨੂੰ ਉਤਮ ਡੋਪਾਮਾਈਨ ਜਾਰੀ ਕਰਨ ਨਾਲ ਜੋੜਿਆ ਜਾਂਦਾ ਹੈ, ਜੋ ਪ੍ਰੇਰਣਾ, ਚੰਗੇ ਵਿਉਹਾਰ ਅਤੇ ਸਿੱਖਣ ਨੂੰ ਮਜ਼ਬੂਤ ਕਰਦਾ ਹੈ। ਸਕਾਰਾਤਮਕ ਨਤੀਜੇ ਨਿਊਕਲੀਅਸ ਐਕੰਬੈਂਸ ਨੂੰ ਸਰਗਰਮ ਕਰਦੇ ਹਨ ਅਤੇ ਆਤਮਵਿਸ਼ਵਾਸ ਅਤੇ ਸਥਿਰਤਾ ਨਾਲ ਸੰਬੰਧਿਤ ਨਿਊਰਲ ਪਾਥਵੇਜ਼ ਨੂੰ ਮਜ਼ਬੂਤ ਕਰਦੇ ਹਨ।

ਅਸਫ਼ਲਤਾ, ਖਾਸ ਕਰਕੇ ਜਦੋਂ ਇਸਨੂੰ ਖਤਰੇ ਦੇ ਤੌਰ 'ਤੇ ਦੇਖਿਆ ਜਾਂਦਾ ਹੈ, ਅਮੀਗਡਾਲਾ ਅਤੇ ਫਅ ਧਾਰੇ ਨੂੰ ਸਰਗਰਮ ਕਰਦੀ ਹੈ, ਕੋਰਟੀਜ਼ੋਲ ਦੇ ਪੱਧਰ ਨੂੰ ਵੱਧਾਉਂਦੀ ਹੈ। ਤਿੱਖਾ ਤਣਾਅ ਚੇਤਨਾ ਅਤੇ ਸਿੱਖਣ ਨੂੰ ਵਧਾ ਸਕਦਾ ਹੈ, ਪਰ ਲੰਬੇ ਸਮੇਂ ਤੱਕ ਦੇ ਨਿਰੰਤਰ ਸੰਪਰਕ ਯਾਦਦਾਸ਼ਤ, ਰੋਗ ਪ੍ਰਤੀਰੋਧ ਅਤੇ ਭਾਵਨਾਤਮਕ ਨਿਯੰਤਰਣ ਨੂੰ ਖਰਾਬ ਕਰ ਸਕਦਾ ਹੈ। ਇਸ ਤਰ੍ਹਾਂ, ਬਾਇਓਲੋਜੀਕਲੀ ਤੌਰ 'ਤੇ, ਸਫਲਤਾ ਅਤੇ ਅਸਫਲਤਾ ਵਿਰੋਧੀਆਂ ਨਹੀਂ ਹਨ, ਪਰ ਅਡਾਪਟੇਸ਼ਨ ਨੂੰ ਮਾਰਗਦਰਸ਼ਨ ਕਰਨ ਵਾਲੇ ਪੂਰਕ ਸੰਕੇਤ ਹਨ।

**ਮਨੁੱਖੀ ਸੁਭਾਵ ਦੇ ਗੁਣ ਜੋ ਸਫ਼ਲਤਾ ਅਤੇ ਅਸਫ਼ਲਤਾ ਲਈ ਜ਼ਿੰਮੇਵਾਰ ਹਨ**

ਕਈ ਆਧਾਰਭੂਤ ਮਨੁੱਖੀ ਗੁਣ ਨਤੀਜਿਆਂ 'ਤੇ ਪ੍ਰਭਾਵ ਪਾਉਂਦੇ ਹਨ:

**ਸੁਝਾਅ ਗੁਣ:** ਬੁੱਧੀਮਤਾ, ਕਾਰਜਕਾਰੀ ਫੰਕਸ਼ਨਿੰਗ, ਸਮੱਸਿਆ ਹੱਲ ਕਰਨ ਦੀ ਸਮਰਥਾ ਅਤੇ ਮੈਟਾਕੋਗਨੀਸ਼ਨ।

**ਮਨੋਵਿਗਿਆਨਿਕ ਗੁਣ:** ਠਹਿਰਾਅ, ਲਚਕੀਲੇਪਣ, ਭਾਵਨਾਤਮਕ ਬੁੱਧੀਮਤਾ, ਆਸ਼ਾਵਾਦ, ਆਪਣੇ ਆਪ 'ਤੇ ਵਿਸ਼ਵਾਸ ਅਤੇ ਤਣਾਓ ਸਹਿਣ ਕਰਨ ਦੀ ਸਮਰੱਥਾ।

**ਵਿਉਹਾਰਕ ਪੈਟਰਨ:** ਅਨੁਸ਼ਾਸਨ, ਸਥਿਰਤਾ, ਲਚਕੀਲੇਪਣ ਅਤੇ ਸਿੱਖਣ ਦੀ ਦਿਸ਼ਾ।

**ਵਿਅਕਤੀਗਤ ਮਾਪ:** ਗੁਣ ਜਿਵੇਂ ਕਿ ਸੰਵੇਦਨਾ ਅਤੇ ਅਨੁਭਵ ਲਈ ਖੁੱਲ੍ਹਾਪਣ ਲੰਬੇ ਸਮੇਂ ਦੀ ਸਫ਼ਲਤਾ ਨਾਲ ਸਕਾਰਾਤਮਕ ਤੌਰ 'ਤੇ ਸੰਬੰਧਿਤ ਹੁੰਦੇ ਹਨ, ਜਦੋਂ ਕਿ ਜ਼ਬਰਦਸਤੀ ਸਿੱਖਿਆ ਅਤੇ ਦੁਹਰਾਈ ਅਸਫ਼ਲਤਾ ਵੱਲ ਝੁਕਾਉਂਦੀ ਹੈ।

ਇਹ ਮਹੱਤਵਪੂਰਨ ਹੈ ਕਿ ਉਹੀ ਗੁਣ ਸੰਦਰਭ ਦੇ ਆਧਾਰ 'ਤੇ ਸਫ਼ਲਤਾ ਜਾਂ ਅਸਫ਼ਲਤਾ ਦਾ ਕਾਰਨ ਬਣ ਸਕਦੇ ਹਨ। ਉਦਾਹਰਨ ਲਈ, ਜੋਖ਼ਮ ਲੈਣਾ ਨਵੀਨੀਕਰਨ ਜਾਂ ਨੁਕਸਾਨ ਦਾ ਕਾਰਨ ਬਣ ਸਕਦਾ ਹੈ, ਜੋ ਨਿਯੰਤਰਣ ਅਤੇ ਸੁਝਾਅ 'ਤੇ ਨਿਰਭਰ ਕਰਦਾ ਹੈ।

**ਸਰੀਰਕ ਅਤੇ ਮਨੋਵਿਗਿਆਨਿਕ ਪ੍ਰਭਾਵ**

**ਸਫ਼ਲਤਾ ਦਾ ਪ੍ਰਭਾਵ**

ਇਲਾਜ਼ ਪ੍ਰਣਾਲੀ ਦੇ ਤੌਰ 'ਤੇ, ਲੰਬੇ ਸਮੇਂ ਤੱਕ ਦੀ ਸਫ਼ਲਤਾ ਨਾਲ ਜੋੜਿਆ ਗਿਆ ਹੈ:

ਭਾਵਨਾ ਸੰਤੁਲਨ ਦੇ ਨਾਲ ਬਹੁਤ ਘੱਟ ਤਣਾਅ ਬਾਇਓਮਾਰਕਰ।

ਸਕਾਰਾਤਮਕ ਪ੍ਰਭਾਵ ਅਤੇ ਸਮਾਜਿਕ ਪੁਸ਼ਟੀ ਦੇ ਕਾਰਨ ਸੁਧਰੇ ਹੋਏ ਦਿਲ ਦੀ ਸਿਹਤ।

ਉੱਚਿਤ ਨਿਊਰੋਪਲਾਸਟੀਸੀਟੀ ਅਤੇ ਸੋਚਣ ਦੀ ਰਾਖੀ।

ਮਨੋਵਿਗਿਆਨਿਕ ਤੌਰ 'ਤੇ, ਸਫ਼ਲਤਾ ਆਪਣੇ ਆਪ 'ਤੇ ਆਤਮ-ਗੌਰਵ, ਪ੍ਰੇਰਣਾ ਅਤੇ ਉਦੇਸ਼ ਨੂੰ ਵੱਧਾਉਂਦੀ ਹੈ। ਹਾਲਾਂਕਿ, ਬੇਹੱਦ ਸਫ਼ਲਤਾ ਵੀ ਬਰਨਆਊਟ, ਪ੍ਰਦਰਸ਼ਨ ਦੀ ਚਿੰਤਾ ਜਾਂ ਨਕਰਾਤਮਕ ਗੁਣਾਂ ਦੇ ਵਿਕਾਸ ਦਾ ਕਾਰਨ ਬਣ ਸਕਦੀ ਹੈ।

**ਅਸਫ਼ਲਤਾ ਦੇ ਪ੍ਰਭਾਵ**

**ਅਸਫ਼ਲਤਾ ਗਹਿਰੇ ਪ੍ਰਭਾਵ ਪਾਉਂਦੀ ਹੈ:** ਭੌਤਿਕ ਤੌਰ 'ਤੇ, ਲੰਬੇ ਸਮੇਂ ਤੱਕ ਅਸਫ਼ਲਤਾ ਨਾਲ ਸੰਬੰਧਿਤ ਤਣਾਅ, ਚਿੰਤਾ, ਡਰ, ਮੈਟਾਬੋਲਿਕ ਬੀਮਾਰੀਆਂ, ਨੀਂਦ ਵਿੱਚ ਰੁਕਾਵਟਾਂ ਅਤੇ ਇਮੀਯੂਨ ਦਬਾਅ ਦਾ ਕਾਰਨ ਬਣ ਸਕਦਾ ਹੈ।

ਮਨੋਵਿਗਿਆਨਕ ਤੌਰ 'ਤੇ, ਅਸਫ਼ਲਤਾ ਚਿੰਤਾ, ਘੱਟ ਆਤਮ-ਮੁੱਲ ਅਤੇ ਘੱਟ ਆਤਮ ਵਿਸ਼ਵਾਸ਼ ਦਾ ਕਾਰਨ ਬਣ ਸਕਦੀ ਹੈ।



ਉਸ ਦੇ ਵਿਰੋਧ, ਜਦੋਂ ਅਸਫ਼ਲਤਾ ਨੂੰ ਨਵੇਂ ਦ੍ਰਿਸ਼ਟੀਕੋਣ ਨਾਲ ਦੇਖਿਆ ਜਾਂਦਾ ਹੈ, ਤਾਂ ਇਹ ਲਚਕੀਲੇਪਣ, ਭਾਵਨਾਤਮਕ ਸੋਝੀ ਅਤੇ ਲੰਬੇ ਸਮੇਂ ਦੀ ਮਨੋਵਿਗਿਆਨਿਕ ਤਾਕਤ ਨੂੰ ਵਧਾਉਂਦੀ ਹੈ।

**ਸਫ਼ਲਤਾ ਅਤੇ ਅਸਫ਼ਲਤਾ ਵਿਚਕਾਰ ਸੰਬੰਧ**

ਵਿਗਿਆਨਕ ਸਬੂਤ ਦੱਸਦੇ ਹਨ ਕਿ ਸਫ਼ਲਤਾ ਅਤੇ ਅਸਫ਼ਲਤਾ ਲੜੀਵਾਰ ਅਤੇ ਆਪਸੀ ਨਿਰਭਰ ਹੁੰਦੀਆਂ ਹਨ। ਅਸਫ਼ਲਤਾ ਦਿਮਾਗ਼ ਵਿੱਚ ਸਿੱਖਣ ਵਾਲੇ ਸਰਕਟਾਂ ਨੂੰ ਸਰਗਰਮ ਕਰਦੀ ਹੈ, ਜੋ ਗਲਤੀਆਂ ਨੂੰ ਠੀਕ ਕਰਨ ਅਤੇ ਵਿਉਹਾਰ ਵਿੱਚ ਬਦਲਾਅ ਨੂੰ ਉਤਸ਼ਾਹਿਤ ਕਰਦੀ ਹੈ।

ਨਿਊਰੋਪਲਾਸਟੀਸੀਟੀ ਦੇ ਅਧਿਐਨ ਨੇ ਪੁਸ਼ਟੀ ਕੀਤੀ ਹੈ ਕਿ ਪ੍ਰਬੰਧਿਤ ਅਸਫ਼ਲਤਾ ਦੇ ਦੁਹਰਾਅ ਨਾਲ ਅਡਾਪਟਿਵ ਨਿਊਰਲ ਨੈੱਟਵਰਕ ਮਜ਼ਬੂਤ ਹੁੰਦੇ ਹਨ, ਜਿਸ ਨਾਲ ਭਵਿੱਖੀ ਸਫਲਤਾ ਦੇ ਮੌਕੇ ਵੱਧਦੇ ਹਨ। ਇਸ ਲਈ, ਅਸਫ਼ਲਤਾ ਅਕਸਰ ਸਫ਼ਲਤਾ ਲਈ ਇੱਕ ਪੂਰਕ ਵਜੋਂ ਕੰਮ ਕਰਦੀ ਹੈ, ਨਾ ਕਿ ਵਿਰੋਧੀ ਵਜੋਂ।

**ਜਾਗਰੂਕ, ਅਜਾਗਰੂਕ ਅਤੇ ਸੁਪਰ ਜਾਗਰੂਕ ਮਨ ਦੀ ਭੂਮਿਕਾ**

**ਜਾਗਰੂਕ ਮਨ**

ਜਾਗਰੂਕ ਮਨ ਤਰਕਸ਼ੀਲ ਸੋਚ, ਫੈਸਲਾ ਕਰਨ ਅਤੇ ਉਦੇਸ਼ ਸੈੱਟ ਕਰਨ ਦਾ ਕੰਮ ਕਰਦਾ ਹੈ। ਇਹ ਅਨੁਭਵਾਂ ਨੂੰ ਸਮਾਜਿਕ ਨਿਯਮਾਂ ਅਤੇ ਨਿੱਜੀ ਉਮੀਦਾਂ ਦੇ ਆਧਾਰ 'ਤੇ ਸਫ਼ਲਤਾ ਜਾਂ ਅਸਫ਼ਲਤਾ ਵਜੋਂ ਮੁਲਾਂਕਣ ਕਰਦਾ ਹੈ। ਪ੍ਰਭਾਵਸ਼ਾਲੀ ਜਾਗਰੂਕ ਨਿਯੰਤਰਣ ਯੋਜਨਾ ਬਣਾਉਣ, ਵਿਚਾਰ ਕਰਨ ਅਤੇ ਸੁਧਾਰਕ ਕਾਰਵਾਈ ਕਰਨ ਦੀ ਯੋਗਤਾ ਦਿੰਦਾ ਹੈ।

**ਅਜਾਗਰੂਕ ਮਨ**

ਅਜਾਗਰੂਕ ਮਨ ਵਿਸ਼ਵਾਸਾਂ, ਭਾਵਨਾਤਮਕ ਯਾਦਾਂ, ਆਦਤਾਂ ਅਤੇ ਜਿੱਤ ਹਾਰ ਦੀਆਂ ਪ੍ਰਤੀਕਿਰਿਆਵਾਂ ਨੂੰ ਸਟੋਰ ਕਰਦਾ ਹੈ। ਸਫ਼ਲਤਾ ਦੇ ਦੁਹਰਾਅ ਨਾਲ ਆਤਮ-ਵਿਸ਼ਵਾਸ ਨਾਲ ਸੰਬੰਧਿਤ ਨਿਊਰਲ ਸਕੀਮਾਂ ਮਜ਼ਬੂਤ ਹੁੰਦੀਆਂ ਹਨ, ਜਦੋਂ ਕਿ ਅਸਫ਼ਲਤਾ ਦੇ ਦੁਹਰਾਅ ਡਰ, ਆਪਣੇ ਆਪ 'ਤੇ ਸੰਦੇਹ ਜਾਂ ਟਾਲਣ ਵਾਲੇ ਵਿਉਹਾਰਾਂ ਨੂੰ ਜੜ੍ਹ ਕਰ ਸਕਦੇ ਹਨ। ਬਹੁਤ ਸਾਰੀਆਂ ਸੀਮਾਵਾਂ ਸਫ਼ਲਤਾ ਦੀਆਂ ਯੋਗਤਾਵਾਂ ਤੋਂ ਨਹੀਂ ਪਰ ਅਜਾਗਰੂਕ ਸਿੱਖਣ ਤੋਂ ਉੱਪਜਦੀਆਂ ਹਨ।

**ਸੁਪਰ ਜਾਗਰੂਕ ਮਨ**

ਅਕਸਰ ਨਿਊਰੋ-ਦਾਰਸ਼ਨਿਕ ਅਤੇ ਧਿਆਨੀ ਵਿਗਿਆਨਾਂ ਵਿੱਚ ਚਰਚਾ ਕੀਤੀ ਜਾਂਦੀ ਹੈ, ਸੁਪਰ ਜਾਗਰੂਕ ਮਨ ਅਨੁਭਵ, ਰਚਨਾਤਮਕਤਾ, ਨੈਤਿਕ ਸੂਝ ਅਤੇ ਉੱਚ ਆਗਾਹੀ ਨਾਲ ਸੰਬੰਧਿਤ ਹੈ। ਇਹ ਭਾਵਨਾਤਮਕ ਬੁੱਧੀਮਤਾ ਨੂੰ ਨੈਤਿਕ ਉਦੇਸ਼ ਅਤੇ ਲੰਬੇ ਸਮੇਂ ਦੇ ਦ੍ਰਿਸ਼ਟੀਕੋਣ ਨਾਲ ਜੋੜਦਾ ਹੈ। ਜੋ ਵਿਅਕਤੀ ਇਸ ਪੱਧਰ ਤੱਕ ਪਹੁੰਚਦੇ ਹਨ ਉਹ ਸਫ਼ਲਤਾ ਅਤੇ ਅਸਫ਼ਲਤਾ ਦੋਹਾਂ ਵੱਲ ਸੰਤੁਲਨ ਦਿਖਾਉਂਦੇ ਹਨ, ਹਰ ਇੱਕ ਨੂੰ ਵਿਕਾਸ ਦਾ ਇਕ ਸਾਧਨ ਵਜੋਂ ਵਰਤਦੇ ਹਨ।

**ਇਲਾਜ਼ ਪ੍ਰਣਾਲੀ ਅਤੇ ਸਮਾਜਿਕ ਨਤੀਜੇ**

ਸਫ਼ਲਤਾ ਅਤੇ ਅਸਫ਼ਲਤਾ ਨੂੰ ਬਾਇਓਲੋਜੀਕਲ-ਮਨੋਵਿਗਿਆਨਿਕ ਪ੍ਰਕਿਰਿਆਵਾਂ ਵਜੋਂ ਸਮਝਣਾ ਸਿੱਖਿਆ, ਸਿਹਤ ਸੰਭਾਲ ਅਤੇ ਮਨੋਵਿਗਿਆਨਿਕ ਨੀਤੀ ਲਈ ਮਹੱਤਵਪੂਰਣ ਨਤੀਜ਼ੇ ਰੱਖਦਾ ਹੈ। ਭਾਵਨਾਤਮਿਕ ਨਿਯੰਤਰਣ, ਲਚਕੀਲੇਪਣ ਦੀ ਟ੍ਰੇਨਿੰਗ ਅਤੇ ਕੌਗਨੀਟਿਵ ਰੀਫਰੇਮਿੰਗ 'ਤੇ ਧਿਆਨ ਕੇਂਦ੍ਰਿਤ ਕਰਨ ਵਾਲੀਆਂ ਪਹਿਲਾਂ ਅਸਫ਼ਲਤਾ ਨਾਲ ਸੰਬੰਧਿਤ ਮਨੋਵਿਗਿਆਨਿਕ ਬੀਮਾਰੀਆਂ ਨੂੰ ਘਟਾਉਣ ਅਤੇ ਲੋਕਾਂ ਦੀ ਭਲਾਈ ਨੂੰ ਵੱਧਾਉਣ ਵਿੱਚ ਮਦਦ ਕਰ ਸਕਦੀਆਂ ਹਨ। ਰੋਕਥਾਮ ਵਾਲੀਆਂ ਮਨੋਵਿਗਿਆਨਿਕ ਰਣਨੀਤੀਆਂ ਦਾ ਉਦੇਸ਼ ਅਸਫ਼ਲਤਾ ਨੂੰ ਖਤਮ ਕਰਨਾ ਨਹੀਂ, ਪਰ ਇਸ ਨੂੰ ਆਮ ਬਣਾਉਣਾ ਅਤੇ ਇਸ ਦੀ ਵਰਤੋਂ ਕਰਨਾ ਚਾਹੀਦਾ ਹੈ।

ਇਲਾਜ਼ ਅਤੇ ਵਿਗਿਆਨਕ ਦ੍ਰਿਸ਼ਟੀ ਤੋਂ, ਸਫ਼ਲਤਾ ਅਤੇ ਅਸਫ਼ਲਤਾ ਮਨੁੱਖੀ ਨਿਊਰੋਬਾਇਓਲੋਜੀ, ਮਨੋਵਿਗਿਆਨ ਅਤੇ ਚੇਤਨਾ ਵਿੱਚ ਜੁੜੇ ਹੋਏ ਅਡਾਪਟਿਵ ਮੈਕੈਨਿਜ਼ਮ ਹਨ। ਦੋਹਾਂ ਇੱਕੋ ਹੀ ਕੌਗਨੀਟਿਵ ਅਤੇ ਭਾਵਨਾਤਮਿਕ ਪ੍ਰਣਾਲੀਆਂ ਤੋਂ ਉਤਪੰਨ ਹੁੰਦੀਆਂ ਹਨ ਅਤੇ ਗਹਿਰੇ ਭੌਤਿਕ ਅਤੇ ਮਨੋਵਿਗਿਆਨਿਕ ਪ੍ਰਭਾਵ ਪਾਉਂਦੀਆਂ ਹਨ। ਜਾਗਰੂਕ ਤਰਕ, ਅਜਾਗਰੂਕ ਸਿੱਖਿਆ ਅਤੇ ਸੁਪਰ ਜਾਗਰੂਕ ਜਾਣੂ ਵਿੱਚ ਸੰਤੁਲਨ ਇਹ ਫੈਸਲਾ ਕਰਦਾ ਹੈ ਕਿ ਸਫ਼ਲਤਾ ਕਿਵੇਂ ਟਿਕਾਊ ਬਣਦੀ ਹੈ ਅਤੇ ਕਿ ਅਸਫ਼ਲਤਾ ਕਿਵੇਂ ਵਿਨਾਸ਼ਕਾਰੀ ਬਣਦੀ ਹੈ। ਸਫ਼ਲਤਾ ਅਤੇ ਅਸਫ਼ਲਤਾ ਨੂੰ ਫਿਕਸਡ ਐਂਡਪੋਇੰਟਾਂ ਦੀ ਬਜਾਏ ਗਤੀਸ਼ੀਲ ਪ੍ਰਕਿਰਿਆਵਾਂ ਵਜੋਂ ਮੁੜ ਪਰਿਭਾਸ਼ਿਤ ਕਰਨਾ ਵਿਅਕਤੀਗਤ ਸਿਹਤ, ਸਮਾਜਿਕ ਉੱਨਤੀ ਅਤੇ ਮਨੁੱਖੀ ਖੁਸ਼ਹਾਲੀ ਲਈ ਮਹੱਤਵਪੂਰਣ ਹੈ।



ਡਾ.(ਆਨਰੇਰੀ) ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

# ਡਾ.ਅਨਿਲ ਧੀਰ ਦੀ "ਹੈਲਥ ਅਲਰਟ ਸੀਰੀਜ਼"




Anil Dheer
Columnist
anil.dheer@yahoo.com

ਕੈਨੇਡਾ: (ਆਈ. ਐਚ. ਏ. ਪ): ਵਿਸ਼ਵ ਭਰ ਵਿੱਚ ਖਤਰਨਾਕ ਬਿਮਾਰੀਆਂ ਤੇਜ਼ੀ ਨਾਲ ਵੱਧ ਰਹੀਆਂ ਹਨ। ਪੂਰੀ ਦੁਨੀਆ ਅੱਜ ਸੋਸ਼ਲ ਮੀਡੀਆ 'ਤੇ ਵਿਅਸਤ ਹੋ ਚੁੱਕੀ ਹੈ। ਸਾਲ 2026 ਤੋਂ ਪ੍ਰਿੰਟ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਲਈ ਪੰਜਾਬੀ, ਅੰਗਰੇਜ਼ੀ 'ਤੇ ਹਿੰਦੀ ਭਾਸ਼ਾ ਦੇ ਮਸ਼ਹੂਰ ਲੇਖਕ ਡਾ.ਅਨਿਲ ਧੀਰ ਕਾਲਮਨਿਸਟ. ਸੋਸ਼ਲ ਅਕਟੀਵਿਸਟ. ਥੈਰਾਪਿਸਟ. ਹੈਲਥ ਐਜੁਕੇਟਰ ਅਵਾਰਡ ਵਿਜੇਤਾ. ਸਰਟੀਫਾਈਡ ਵਿਸ਼ਵ ਸਿਹਤ ਸੰਸਥਾ, ਯੁਨੀਸੈਫ.ਪੀ.ਐਫ.ਏ ਕੈਨੇਡੀਅਨ ਰੈੱਡ ਕ੍ਰਾਸ, ਹੈਲਥ ਅਤੇ ਸੇਫਟੀ ਅਵੇਅਰਨੈਸ ਲਈ "ਹੈਲਥ ਅਲਰਟ" ਸੀਰੀਜ਼ ਸ਼ੁਰੂ ਕਰ ਰਹੇ ਹਨ। ਜਾਗਰੁਕਤਾ ਲਈ ਨਾਰਥ-ਅਮਰੀਕਾ ਵਿਸ਼ਵ ਸਿਹਤ ਸੰਸਥਾ, ਸੀ.ਡੀ.ਸੀ, ਸੀ. ਐਫ. ਆਈ. ਏ 'ਤੇ ਵਿਸ਼ਵ ਦੀਆਂ ਵੱਖ-ਵੱਖ ਫੂਡ ਅਤੇ ਹੈਲਥ ਕੇਅਰ ਸੰਸਥਾਵਾਂ ਕੰਮ ਕਰ ਰਹੀਆਂ ਹਨ।

ਐਨ. ਏ ਸਰਵੇ ਦੇ ਮੁਤਾਬਿਕ ਹੈਲਥ, ਫੂਡ ਅਤੇ ਮੇਡੀਸਨ ਸੰਬੰਧੀ ਲਿਟਰੇਚਰ ਲਿਖ ਕੇ ਡਾ ਧੀਰ ਨੇ ਆਪਨੀ ਖਾਸ ਪਛਾਣ ਬਣਾ ਲਈ ਹੈ। ਅੱਜ ਕਰੀਬਨ 45 ਸਾਲਾਂ ਤੋਂ ਡਾ. ਅਨਿਲ ਧੀਰ ਅਮਰੀਕਾ, ਕੈਨੇਡਾ, ਇੰਗਲੈਂਡ, ਅਸਟਰੇਲੀਆ, ਭਾਰਤ 'ਤੇ ਹੋਰਨਾਂ ਦੇਸ਼ਾਂ ਦੇ ਮਸ਼ਹੂਰ ਪ੍ਰਿੰਟ ਅਤੇ ਸੋਸ਼ਲ ਮੀਡੀਆ ਅਦਾਰਿਆਂ ਲਈ ਆਪਣੀ ਕਲਮ ਦੁਆਰਾ ਸੇਵਾ ਕਰ ਰਹੇ ਹਨ। ਡਾ.ਧੀਰ ਨੂੰ 1985 ਵਿੱਚ ਦਿੱਲੀ 'ਚ ਯੰਗ ਰਾਈਟਰ ਅਵਾਰਡ, ਅਤੇ ਅਤੇ 1987 'ਚ ਇੰਟਰਨੈਸ਼ਨਲ ਹੈਲਥ ਐਜੂਕੇਟਰ ਅਵਾਰਡ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। 'ਹੈਲਥ ਅਲਰਟ ਸੀਰੀਜ਼' 'ਚ ਦੇਸ਼-ਵਿਦੇਸ਼ ਦੇ ਲੋਕਾਂ ਨੂੰ ਡੇਲੀ ਲਾਈਫ 'ਚ ਫੂਡ, ਹੈਲਥ ਐਂਡ ਮੇਡੀਸਨ ਨਾਲ ਜੁੜੀ ਸਹੀ ਅਤੇ ਸੰਖੇਪ ਜਾਣਕਾਰੀ ਪ੍ਰਿੰਟ 'ਤੇ ਸੋਸ਼ਲ ਮੀਡੀਆ ਪਲੇਟਫਾਰਮ ਦੁਆਰਾ ਦਿੱਤੀ ਜਾਵੇਗੀ। ਜੋ ਕਿ ਵਿਸ਼ਵ ਭਰ 'ਚ ਚਲ ਰਹੇ ਸਟ੍ਰੈੱਸ ਨੂੰ ਘੱਟ ਕਰਨ ਲਈ, ਸਰੀਰ ਅਤੇ ਮਨ ਨੂੰ ਤੰਦਰੁਸਤ ਰੱਖਣ ਲਈ ਜਰੂਰੀ ਹੋ ਗਈ ਹੈ। ਅੰਤਰਰਾਸ਼ਟਰੀ ਪੱਧਰ 'ਤੇ ਹਰ ਉਮਰ ਦਾ ਵਿਅਕਤੀ ਇਸਦਾ ਲਾਭ ਲੈ ਸਕੇਗਾ।

(ਕੇ. ਭਾਰਤੀ)

# ਜ਼ਿਆਦਾ ਚਾਹ ਪੀਣਾ ਹੋ ਸਕਦਾ ਹੈ ਨੁਕਸਾਨਦੇਹ !

## ਜਾਣੋ ਕਿਹੜੀਆਂ - ਕਿਹੜੀਆਂ ਸਿਹਤ ਸਮੱਸਿਆਵਾਂ ਦਾ ਵੱਧ ਸਕਦਾ ਖ਼ਤਰਾ



ਚਾਹ ਪੀਣਾ ਇੱਕ ਆਮ ਆਦਤ ਹੈ, ਪਰ ਇਸਦੀ ਮਾਤਰਾ ਨੂੰ ਕੰਟਰੋਲ ਕਰਨਾ ਵੀ ਮਹੱਤਵਪੂਰਨ ਹੈ। ਪ੍ਰਤੀ ਦਿਨ ਚਾਹ ਦੀ ਸਹੀ ਮਾਤਰਾ ਇੱਕ ਵਿਅਕਤੀ ਦੀ ਉਮਰ, ਸਿਹਤ ਅਤੇ ਜੀਵਨ ਸ਼ੈਲੀ 'ਤੇ ਨਿਰਭਰ ਕਰਦੀ ਹੈ। ਜੇਕਰ ਤੁਸੀਂ ਦਿਨ ਭਰ ਬਹੁਤ ਜ਼ਿਆਦਾ ਚਾਹ ਪੀ ਰਹੇ ਹੋ ਤਾਂ ਤੁਸੀਂ ਨਿਸ਼ਚਤ ਤੌਰ 'ਤੇ ਆਪਣੀ ਸਿਹਤ ਨਾਲ ਸਮਝੌਤਾ ਕਰ ਰਹੇ ਹੋ। ਇਹ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਇੱਕ ਸਿਹਤਮੰਦ ਵਿਅਕਤੀ ਨੂੰ ਇੱਕ ਦਿਨ ਵਿੱਚ ਦੋ ਕੱਪ ਤੋਂ ਵੱਧ ਚਾਹ ਨਹੀਂ ਪੀਣੀ ਚਾਹੀਦੀ। ਬਹੁਤ ਜ਼ਿਆਦਾ ਚਾਹ ਪੀਣਾ ਨੁਕਸਾਨਦੇਹ ਹੋ ਸਕਦਾ ਹੈ, ਜੋ ਕਿ ਹੇਠ ਲਿਖੇ ਹਨ:-

**ਬਹੁਤ ਜ਼ਿਆਦਾ ਕੈਫੀਨ:**

ਚਾਹ ਵਿੱਚ ਕੈਫੀਨ ਹੁੰਦਾ ਹੈ, ਜਿਸਦਾ ਜ਼ਿਆਦਾ ਸੇਵਨ ਕਰਨ ਨਾਲ ਨੀਂਦ ਨਾ ਆਉਣਾ, ਚਿੰਤਾ ਅਤੇ ਤਣਾਅ ਹੋ ਸਕਦਾ ਹੈ। ਬਹੁਤ ਜ਼ਿਆਦਾ ਕੈਫੀਨ ਦਾ ਸੇਵਨ ਤੁਹਾਡੀ ਸਿਹਤ 'ਤੇ ਮਾੜਾ ਪ੍ਰਭਾਵ ਪਾ ਸਕਦਾ ਹੈ। ਇਸ ਲਈ ਬਹੁਤ ਜ਼ਿਆਦਾ ਚਾਹ ਪੀਣ ਤੋਂ ਬਚਣਾ ਮਹੱਤਵਪੂਰਨ ਹੈ।

**ਐਸੀਡਿਟੀ:**

ਬਹੁਤ ਜ਼ਿਆਦਾ ਚਾਹ ਪੀਣ ਨਾਲ ਪਾਚਨ ਸੰਬੰਧੀ ਸਮੱਸਿਆਵਾਂ ਹੋ ਸਕਦੀਆਂ ਹਨ, ਜਿਵੇਂ ਕਿ ਐਸੀਡਿਟੀ, ਗੈਸ ਅਤੇ ਪੇਟ ਦਰਦ। ਬਹੁਤ ਜ਼ਿਆਦਾ ਚਾਹ ਪੀਣ ਨਾਲ ਤੁਹਾਡੇ ਪੇਟ ਵਿੱਚ ਐਸੀਡਿਟੀ ਵਧ ਜਾਂਦੀ ਹੈ। ਖਾਸ ਕਰਕੇ ਜੇਕਰ ਤੁਸੀਂ ਸਵੇਰੇ ਉੱਠਣ ਤੋਂ ਤੁਰੰਤ ਬਾਅਦ ਚਾਹ ਪੀਂਦੇ ਹੋ ਤਾਂ ਇਹ ਤੁਹਾਡੀ ਸਿਹਤ ਲਈ ਬਹੁਤ ਨੁਕਸਾਨਦੇਹ ਹੋ ਸਕਦਾ ਹੈ।

**ਦੰਦਾਂ ਦੀਆਂ ਸਮੱਸਿਆਵਾਂ:**

ਚਾਹ ਵਿੱਚ ਟੈਨਿਨ ਹੁੰਦੇ ਹਨ ਜੋ ਦੰਦਾਂ ਦੇ ਸੜਨ ਅਤੇ ਦੰਦਾਂ ਦੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ। ਬਹੁਤ ਜ਼ਿਆਦਾ ਚਾਹ ਪੀਣ ਨਾਲ ਦੰਦਾਂ ਦਾ ਸੜਨ ਤੇਜ਼ੀ ਨਾਲ ਹੋ ਸਕਦਾ ਹੈ, ਜੋ ਤੁਹਾਡੀ ਸਿਹਤ ਲਈ ਚੰਗਾ ਨਹੀਂ ਹੈ।

**ਦਿਲ ਦੀਆਂ ਸਮੱਸਿਆਵਾਂ:**

ਬਹੁਤ ਜ਼ਿਆਦਾ ਚਾਹ ਪੀਣ ਨਾਲ ਦਿਲ ਦੀਆਂ ਸਮੱਸਿਆਵਾਂ ਹੋ ਸਕਦੀਆਂ ਹਨ, ਜਿਵੇਂ ਕਿ ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੀ ਬਿਮਾਰੀ। ਬਹੁਤ ਜ਼ਿਆਦਾ ਚਾਹ ਪੀਣ ਨਾਲ ਨੀਂਦ ਦੀਆਂ ਸਮੱਸਿਆਵਾਂ ਵੀ ਵਧ ਸਕਦੀਆਂ ਹਨ, ਜਿਵੇਂ ਕਿ ਇਨਸੌਮਨੀਆ ਅਤੇ ਨੀਂਦ ਦੀ ਕਮੀ। ਇਸ ਲਈ, ਆਪਣੀ ਚਾਹ ਦੇ ਸੇਵਨ ਨੂੰ ਕੰਟਰੋਲ ਕਰਨਾ ਮਹੱਤਵਪੂਰਨ ਹੈ।












# ਰਾਸ਼ੀਫਲ

**ਮੇਖ :** ਕਾਨੂੰਨੀ ਮਾਮਲਿਆਂ ਦੀ ਵਜਾਹ ਨਾਲ ਤਨਾਵ ਮੁਮਕਿਨ ਹੈ। ਅੱਜ ਤੁਹਾਨੂੰ ਕਿਸੇ ਅਗਿਆਤ ਸਰੋਤ ਤੋਂ ਪੈਸਾ ਪ੍ਰਾਪਤ ਹੋ ਸਕਦਾ ਹੈ ਜਿਸ ਨਾਲ ਤੁਹਾਡੀਆਂ ਕਈਂ ਆਰਥਿਕ ਮੁਸ਼ਕਿਲਾਂ ਦੂਰ ਹੋ ਜਾਣਗੀਆਂ। ਵਿਵਾਦ, ਮਤਭੇਦ ਅਤੇ ਦੂਜਿਆਂ ਦੀਆਂ ਆਪਸੀ ਕਮੀਆਂ ਕੱਢਣ ਦੀ ਆਦਤ ਨੂੰ ਨਜ਼ਰ ਅੰਦਾਜ਼ ਕਰੋ। ਤੁਸੀ ਪਰਪੋਸ ਕਰਕੇ ਹੈਰਾਨ ਹੋ ਸਕਦੇ ਹੋ ਇਹ ਤੁਹਾਨੂੰ ਅਬੋਜ਼ ਬਣਾਉਂਦਾ ਹੈ। ਇਸ ਤੋਂ ਪਹਿਲਾਂ ਕਿ ਬੋਸ ਨੂੰ ਪਤਾ ਲੱਗੇ ਲੰਬਿਤ ਰੁਕੇ ਕੰਮ ਨਬੇੜ ਲਉ। ਅੱਜ ਤੁਹਾਡੇ ਘਰ ਕੁਝ ਦੋਸਤ ਆ ਸਕਦੇ ਹਨ ਤੁਹਾਡੇ ਨਾਲ ਸਮਾਂ ਬਿਤਾ ਸਕਦੇ ਹਨ ਹਾਲਾਂ ਕਿ ਇਸ ਸਮੇਂ ਤੁਹਾਡੇ ਲਈ ਸ਼ਰਾਬ, ਸਿਗਰੇਟ ਆਦਿ ਦੀ ਵਰਤੋ ਕਰਨਾ ਚੰਗਾ ਨਹੀਂ ਹੈ। ਅੱਜ ਤੁਸੀ ਆਪਣੇ ਜੀਵਨਸਾਥੀ ਨਾਲ ਬਹੁਤ ਖਰਚ ਕਰ ਸਕਦੇ ਹੋ। ਪਰ ਤੁਸੀ ਸਮੇਂ ਦਾ ਪੂਰਾ ਲੁਤਫ ਉਠਾ ਸਕਦੇ ਹੋ।

**ਬ੍ਰਿਸ਼ਭ:** ਅੱਜ ਤੁਹਾਡੇ ਕੋਲ ਆਪਣੀ ਸਿਹਤ ਅਤੇ ਦੇਖਣੀ ਨਾਲ ਜੁੜੀ ਚੀਜਾਂ ਨੂੰ ਸੁਧਾਰਨ ਦੇ ਲਈ ਚੰਗਾ ਸਮਾਂ ਹੋਵੇਗਾ ਜਿਨਾਂ ਲੋਕਾਂ ਦੀ ਹੁਣ ਤੱਕ ਤਨਖਾਹ ਨਹੀਂ ਆਈ ਹੈ ਅੱਜ ਉਹ ਪੈਸਿਆਂ ਦੇ ਲਈ ਪਰੇਸ਼ਾਨ ਹੋ ਸਕਦੇ ਹਨ ਅਤੇ ਆਪਣੇ ਕਿਸੇ ਤੋਂ ਉਧਾਰ ਮੰਗ ਸਕਦੇ ਹਨ। ਇਕ ਬੇਹਤਰੀਨ ਸ਼ਾਮ ਦੇ ਲਈ ਰਿਸ਼ਤੇਦਾਰ ਦੋਸਤ ਘਰ ਆ ਸਕਦੇ ਹਨ। ਆਪਣੇ ਸਾਥੀ ਨਾਲ ਬਾਹਰ ਜਾਂਦੇ ਸਮੇਂ ਠੀਕ ਤਰਾਂ ਨਾਲ ਵਿਵਹਾਰ ਕਰੋ। ਕੰਮ ਵਿਚ ਮਨ ਲਗਾਉ ਅਤੇ ਸਾਫ ਜ਼ਜਬਾਤੀ ਗੱਲਾਂ ਤੋਂ ਬਚੋ। ਅੱਜ ਤੁਹਾਡੇ ਕਰੀਬੀ ਲੋਕ ਤੁਹਾਡੇ ਨੇੜੇ ਆਉਣ ਦੀ ਕੋਸ਼ਿਸ਼ ਕਰੋਂਗੇ ਪਰੰਤੂ ਆਪਣੇ ਮਨ ਨੂੰ ਸ਼ਾਤ ਬਣਾਈ ਰੱਖਣ ਦੇ ਲਈ ਤੁਸੀ ਇਕਾਂਤ ਵਿਚ ਸਮਾਂ ਬਿਤਾਉਣਾ ਪਸੰਦ ਕਰੋਂਗੇ। ਕਿਸੀ ਖੂਬਸੂਰਤ ਯਾਦ ਦੇ ਕਾਰਨ ਤੁਹਾਡੇ ਅਤੇ ਤੁਹਾਡੇ ਜੀਵਨਸਾਥੀ ਵਿਚ ਦੀ ਅਨਬੜ ਰੁਕ ਸਕਦੀ ਹੈ ਇਸ ਲਈ ਵਾਦ ਵਿਵਾਦ ਦੇ ਹਾਲਾਤ ਵਿਚ ਪੁਰਾਣੇ ਦਿਨਾਂ ਦੀ ਯਾਦਾਂ ਨੂੰ ਤਾਜ਼ਾ ਕਰਨਾ ਨਾ ਭੁੱਲੋ।

**ਮਿਥੁਨ:** ਕੋਫੀ ਪੀਣਾ ਛੱਡ ਦਿਉ ਖਾਸ ਤੋਰ ਤੇ ਦਿਲ ਦੇ ਮਰੀਜ਼ਾ ਲਈ । ਅੱਜ ਤੁਹਾਨੂੰ ਉਨਾਂ ਰਿਸ਼ਤੇਦਾਰਾਂ ਨੂੰ ਪੈਸਾ ਨਹੀਂ ਦੇਣਾ ਚਾਹੀਦਾ ਜਿਨਾਂ ਨੇ ਹੁਣ ਤੱਕ ਤੁਹਾਡਾ ਪਿੱਛਲਾ ਪੈਸਾ ਵਾਪਿਸ ਨਹੀਂ ਕੀਤਾ। ਤੁਹਾਡੇ ਪਿਆਰੇ ਖੁਸ਼ ਹਨ ਅਤੇ ਤੁਹਾਨੂੰ ਸ਼ਾਮ ਦੇ ਲਈ ਉਨਾਂ ਦੇ ਨਾਲ ਕੋਈ ਯੋਜਨਾ ਬਣਾਉਣੀ ਚਾਹੀਦੀ ਹੈ। ਅੱਜ ਆਪਣੇ ਪਿਆਰੇ ਨੂੰ ਮਾਫ ਕਰਨਾ ਨਾ ਭੁੱਲੋ। ਜੋ ਲੋਕ ਕੰਪੀਟਿਟਿਵ ਪੇਪਰਾਂ ਦੀ ਤਿਆਰੀ ਕਰ ਰਹੇ ਹਨ ਉਨਾਂ ਨੂੰ ਦਿਮਾਗ ਠੰਡਾ ਰੱਖਣ ਦੀ ਲੋੜ ਹੈ ਪੇਪਰਾਂ ਦੀ ਘਬਰਾਹਟ ਨੂੰ ਹਾਵੀ ਨਾ ਹੋਣ ਦਿਉ ਤੁਹਾਡਾ ਪ੍ਰਯਾਸ ਸਾਕਾਰਤਮਕ ਪਰਿਣਾਮ ਜ਼ਰੂਰ ਦੇਵੇਗਾ। ਜੇਕਰ ਤੁਹਾਨੂੰ ਕਿਸੇ ਦਲੀਲ ਵਿਚ ਪਾਇਆ ਜਾਵੇ ਧਿਆਨ ਰੱਖੋ ਕਿ ਸਖਤ ਟਿਪਣੀਆਂ ਨਾ ਕਰੋ। ਅੱਜ ਚੀਜਾਂ ਤੁਹਾਡੀ ਇੱਛਾ ਦੇ ਮੁਤਾਬਿਕ ਨਹੀਂ ਚੱਲਣਗੀਆਂ, ਪਰੰਤੂ ਤੁਹਾਡੇ ਪਿਆਰੇ ਦੇ ਨਾਲ ਤੁਹਾਡਾ ਚੰਗਾ ਸਮਾਂ ਗੁਜ਼ਰੇਗਾ।

**ਕਰਕ :** ਅੱਜ ਦਾ ਦਿਨ ਤੁਹਾਡੇ ਲਈ ਉਰਜਾ ਨਾਲ ਭਰਿਆ ਨਹੀਂ ਹੈ ਅਤੇ ਤੁਸੀ ਛੋਟੀ ਛੋਟੀ ਗੱਲਾਂ ਨਾਲ ਚਿੜਚਿੜਾਉਂਗੇ। ਲੰਬੇ ਸਮੇਂ ਤੋਂ ਬਚਾਇਆ ਪੈਸਾ ਅੱਜ ਤੁਹਾਡੇ ਕੰਮ ਆ ਸਕਦਾ ਹੈ ਪਰ ਇਹ ਖਰਚ ਤੁਹਾਡੀ ਭਾਵਨਾ ਨੂੰ ਘਟਾ ਸਕਦਾ ਹੈ। ਵਿਅਕਤੀਗਤ ਮਾਮਲੇ ਸੁਲਝਾਉਂਦੇ ਸਮੇਂ ਉਦਾਰਤਾ ਦਿਖਾਉ ਆਪਣੀ ਜ਼ੁਬਾਨ ਤੇ ਕਾਬੂ ਰੱਖੋ ਤਾਂ ਕਿ ਉਨਾਂ ਨੂੰ ਚੋਟ ਨਾ ਪਹੁੰਚੇ ਜੋ ਤੁਹਾਨੂੰ ਪਿਆਰ ਕਰਦੇ ਹਨ ਅਤੇ ਤੁਹਾਡੀ ਪਰਵਾਹ ਕਰਦੇ ਹਨ। ਅਚਾਨਕ ਹੋਈ ਰੋਮਾਂਟਿਕ ਮੁਲਾਕਾਤ ਤੁਹਾਨੂੰ ਉਲਝਣ ਵਿਚ ਪਾ ਸਕਦੀ ਹੈ। ਜਿਸ ਪਹਿਚਾਣ ਅਤੇ ਪੁਰਸਕਾਰ ਦੀ ਉਮੀਦ ਤੁਸੀ ਕਰ ਰਹੇ ਸੀ ਉਹ ਬਾਅਦ ਦੇ ਲਈ ਰੁਕ ਸਕਦੀ ਹੈ ਤੁਹਾਨੂੰ ਨਿਰਾਸ਼ਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਤੁਹਾਡਾ ਪਿਆਰਾ ਤੁਹਾਨੂੰ ਸਮਾਂ ਨਹੀਂ ਦਿੰਦਾ ਇਸ ਲਈ ਤੁਸੀ ਉਨਾਂ ਨਾਲ ਇਸ ਬਾਰੇ ਗੱਲ ਕਰੋਂਗੇ ਅਤੇ ਆਪਣੇ ਸ਼ਿਕਾਇਤਾ ਨੂੰ ਮੇਜ਼ ਤੇ ਰੱਖੋਂਗੇ । ਇਕ ਵਿਆਹੁਤ ਜ਼ਿੰਦਗੀ ਵਿਚ ਨਿੱਜਤਾ ਦੀ ਵਿਸ਼ੇਸ਼ ਥਾਂ ਹੈ ਪਰ ਅੱਜ ਤੁਸੀ ਕੋਸ਼ਿਸ਼ ਕਰੋਂਗੇ ਕਿ ਦੂਜੇ ਤੁਹਾਡੇ ਕਰੀਬ ਆਉਣ। ਰੋਮਾਂਸ ਵਿਚ ਅੱਗ ਲੱਗ ਜਾਵੇਗੀ।

**ਸਿੰਘ:** ਭਾਵਨਾਵਾਂ ਦੀ ਰਫਤਾਰ ਤੇਜ਼ ਹੋਵੇਗੀ ਤੁਹਾਡਾ ਵਿਵਹਾਰ ਆਸ ਪਾਸ ਦੇ ਲੋਕਾਂ ਵਿਚ ਉਲਝਣ ਪੈਦਾ ਕਰੇਗਾ ਜੇਕਰ ਤੁਸੀ ਤੁਰੰਤ ਨਤੀਜਾ ਚਾਹੋਂਗੇ ਤਾਂ ਉਦਾਸੀ ਤੁਹਾਨੂੰ ਘੇਰ ਸਕਦੀ ਹੈ। ਅੱਜ ਤੁਹਾਡੇ ਦਫਤਰ ਦਾ ਕੋਈ ਸਹਿਕਰਮੀ ਤੁਹਾਡੀ ਕੀਮਤੀ ਵਸਤੂ ਚੋਰੀ ਕਰ ਸਕਦਾ ਹੈ ਇਸ ਲਈ ਅੱਜ ਆਪਣੇ ਸਾਮਾਨ ਦਾ ਧਿਆਨ ਰੱਖਣ ਦੀ ਲੋੜ ਹੈ। ਬੱਚੇ ਤੁਹਾਡੇ ਜੀਵਨ ਨੂੰ ਬਹੁਤ ਮੁਸ਼ਕਿਲ ਬਣਾ ਸਕਦੇ ਹਨ ਪਿਆਰ ਹਥਿਆਰ ਦਾ ਇਸਤੇਮਾਲ ਕਰ ਕੇ ਉਨਾਂ ਨੂੰ ਸਮਝਾਉ ਅਣਚਾਹੇ ਤਣਾਵ ਤੋਂ ਬਚੋ ਯਾਦ ਰੱਖੋ ਕਿ ਪਿਆਰ ਹੀ ਪਿਆਰ ਨੂੰ ਪੈਦਾ ਕਰਦਾ ਹੈ। ਅੱਜ ਇਹ ਹੋ ਸਕਦਾ ਹੈ ਕਿ ਪਹਿਲੀ ਨਜ਼ਰ ਵਿਚ ਹੀ ਤੁਹਾਨੂੰ ਕੋਈ ਪਸੰਦ ਕਰ ਲਵੇ। ਤੁਸੀ ਪਾਉਂਗੇ ਕਿ ਅੱਜ ਲੰਬੇ ਸਮੇਂ ਤੋਂ ਅਟਕੇ ਕਈਂ ਸਾਰੇ ਛੋਟੇ ਛੋਟੇ ਪਰੰਤੂ ਅਹਿਮ ਕੰਮ ਨਬੇੜਨ ਵਿਚ ਕਾਮਯਾਬ ਹੋ ਰਹੇ ਹੋ। ਅੱਜ ਸੰਚਾਰ ਤੁਹਾਡਾ ਮਜ਼ਬੂਤ ਬਿੰਦੂ ਰਹੇਗਾ। ਤੁਹਾਡਾ ਜੀਵਨਸਾਥੀ ਅੱਜ ਤੁਹਾਡੇ ਲਈ ਕੁਝ ਖਾਸ ਕਰਨ ਵਾਲਾ ਹੋ ਸਕਦਾ ਹੈ।

**ਕੰਨਿਆ:** ਕੰਮ ਦਾ ਤਨਾਵ ਤੁਹਾਡੀ ਸਿਹਤ ਨੂੰ ਖਰਾਬ ਕਰ ਸਕਦਾ ਹੈ। ਲੰਬੇ ਸਮੇਂ ਤੋਂ ਬਚਾਇਆ ਪੈਸਾ ਅੱਜ ਤੁਹਾਡੇ ਕੰਮ ਆ ਸਕਦਾ ਹੈ ਪਰ ਇਹ ਖਰਚ ਤੁਹਾਡੀ ਭਾਵਨਾ ਨੂੰ ਘਟਾ ਸਕਦਾ ਹੈ। ਇਕ ਦਿਨ ਜਦੋਂ ਕੋਈ ਵਿਅਕਤੀ ਜਿਸਨੇ ਤੁਹਾਡੇ ਲਈ ਬੁਰੀਆਂ ਭਾਵਨਾਵਾਂ ਰੱਖੀਆਂ ਹੋਈਆਂ ਹਨ ਉਹ ਮਾਮਲੇ ਨੂੰ ਸੁਲਝਾਉਣ ਅਤੇ ਤੁਹਾਡੇ ਤੱਕ ਪਹੁੰਚਣ ਦੀ ਕੋਸ਼ਿਸ਼ ਕਰੇਗਾ। ਤੁਹਾਨੂੰ ਭਾਵਨਾਤਮਕ ਮੁਸ਼ਕਿਲ ਪਰੇਸ਼ਾਨ ਕਰ ਸਕਦੀ ਹੈ। ਕੰਮ ਕਾਰ ਵਿਚ ਤੁਹਾਨੂੰ ਹਰ ਕੋਈ ਗੰਭੀਰਤਾ ਨਾਲ ਸੁਣੇਗਾ। ਜਿਹੜੇ ਲੋਕ ਘਰ ਤੋਂ ਬਾਹਰ ਰਹਿੰਦੇ ਹਨ ਅੱਜ ਉਹ ਆਪਣੇ ਸਾਰੇ ਕੰਮ ਪੂਰੇ ਕਰਕੇ ਸ਼ਾਮ ਦੇ ਸਮੇਂ ਕਿਸੇ ਬਗੀਚੇ ਜਾਂ ਸ਼ਾਤ ਥਾਂ ਤੇ ਸਮਾਂ ਬਿਤਾਉਣਾ ਪਸੰਦ ਕਰਨਗੇ। ਅੱਜ ਲੋੜ ਦੇ ਸਮੇਂ ਤੁਹਾਡਾ ਜੀਵਨ ਸਾਥੀ ਤੁਹਾਡੇ ਪਰਿਵਾਰ ਦੀ ਤਰਜੀਹ ਆਪਣੇ ਪਰਿਵਾਰ ਤੋਂ ਜ਼ਿਆਦਾ ਦੇਂਦਾ ਨਜ਼ਰ ਆ ਸਕਦਾ ਹੈ।

**ਤੁਲਾ:** ਬਹੁਤ ਜ਼ਿਆਦਾ ਚਿੰਤਾ ਅਤੇ ਤਨਾਵ ਦੀ ਆਦਤ ਤੁਹਾਡੀ ਸਿਹਤ ਖਰਾਬ ਕਰ ਸਕਦੀ ਹੈ ਮਾਨਸਿਕ ਸਪਸ਼ਟਤਾ ਬਣਾਈ ਰੱਖਣ ਲਈ ਸ਼ੰਕਾ ਅਤੇ ਚਿੜਚਿੜੇਪਨ ਤੋਂ ਛੁੱਟਕਾਰਾ ਪਾਉ। ਕਿਸੇ ਕਰੀਬੀ ਰਿਸ਼ਤੇਦਾਰ ਦੀ ਮਦਦ ਨਾਲ ਤੁਸੀ ਆਪਣੇ ਕਾਰੋਬਾਰ ਨੂੰ ਵਧੀਆ ਕਰ ਸਕਦੇ ਹੋ, ਜਿਸ ਨਾਲ ਤੁਹਾਨੂੰ ਆਰਥਿਕ ਲਾਭ ਵੀ ਹੋਵੇਗਾ। ਅਜਿਹਾ ਦਿਨ ਹੈ ਜਦੋਂ ਕੰਮ ਦਾ ਦਬਾਅ ਘੱਟ ਰਹੇਗਾ ਅਤੇ ਤੁਸੀ ਪਰਿਵਾਰ ਦੇ ਨਾਲ ਸਮਾਂ ਬਿਤਉਣ ਦਾ ਮਜ਼ਾ ਲਵੋਂਗੇ। ਤੁਹਾਡਾ ਪਿਆਰ ਅੱਜ ਤੁਹਾਡੀ ਗੱਲਾਂ ਨੂੰ ਸੁਣਨ ਤੋਂ ਜ਼ਿਆਦਾ ਆਪਣੀ ਗੱਲਾਂ ਕਹਿਣਾ ਪਸੰਦ ਕਰੇਗਾ। ਜਿਸ ਦੀ ਵਜਾਹ ਨਾਲ ਤੁਸੀ ਥੋੜੇ ਨਾਰਾਜ਼ ਹੋ ਸਕਦੇ ਹੋ। ਕਾਰੋਬਾਰੀਆਂ ਨੂੰ ਆਪਣੇ ਕਾਰੋਬਾਰ ਦੇ ਪ੍ਰਸਤਾਵਾਂ ਬਾਰੇ ਜਾਣਕਾਰੀ ਕਿਸੇ ਨਾਲ ਸਾਂਝੀ ਨਹੀਂ ਕਰਨੀ ਚਾਹੀਦੀ। ਜੇਕਰ ਤੁਸੀ ਅਜਿਹਾ ਕਰਦੇ ਹੋ ਤਾਂ ਮੁਸ਼ਕਿਲ ਵਿਚ ਪੈ ਸਕਦੇ ਹੋ। ਅੱਜ ਵਿਦਿਆਰਥੀਆਂ ਨੂੰ ਆਪਣਾ ਕੰਮ ਕੱਲ੍ਹ ਤੱਕ ਮੁਲਤਵੀ ਕਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਅਤੇ ਆਪਣਾ ਕੰਮ ਖਾਲੀ ਸਮੇਂ ਵਿਚ ਪੂਰਾ ਕਰਨਾ ਚਾਹੀਦਾ ਹੈ ਇਹ ਤੁਹਾਡੇ ਲ਼ਈ ਲਾਭਕਾਰੀ ਸਿੱਧ ਹੋ ਸਕਦ ਹੈ। ਵਿਆਹੁਤ ਜ਼ਿੰਦਗੀ ਦੇ ਮੁਸ਼ਕਿਲ ਦੋਰ ਤੋਂ ਬਾਅਦ ਤੁਸੀ ਅੱਜ ਚਮਕਦਾਰ ਮਹਿਸੂਸ ਕਰੋਂਗੇ।

**ਬ੍ਰਿਸ਼ਚਕ:** ਅਸਹਜਤਾ ਤੁਹਾਡੀ ਮਾਨਸਿਕ ਸ਼ਾਤੀ ਵਿਚ ਵਾਧਾ ਪੈਦਾ ਕਰ ਸਕਦੀ ਹੈ ਪਰੰਤੂ ਕੋਈ ਦੋਸਤ ਤੁਹਾਡੀ ਪਰੇਸ਼ਾਨੀਆਂ ਦੇ ਸਮਾਧਾਨ ਲਈ ਕਾਫੀ ਮਦਦਗਾਰ ਸਾਬਿਤ ਹੋਵੇਗ। ਤਣਾਅ ਤੋਂ ਬਚਨ ਲਈ ਸੰਗੀਤ ਦਾ ਸਹਾਰਾ ਲਵੋ। ਤੁਹਾਨੂੰ ਕਈਂ ਆਰਥਿਕ ਸੋਮਿਆਂ ਤੋਂ ਲਾਭ ਪ੍ਰਾਪਤ ਹੋਵੇਗਾ। ਜੇਕਰ ਤੁਹਾਡੇ ਮਨ ਵਿਚ ਤਣਾਵ ਹੈ ਤਾਂ ਕਿਸੇ ਨਜ਼ਦੀਕੀ ਰਿਸ਼ਤੇਦਾਰ ਜਾਂ ਦੋਸਤ ਨਾਲ ਗੱਲ-ਬਾਤ ਕਰੋ ਇਸ ਨਾਲ ਤੁਹਾਡੇ ਦਿਲ ਦਾ ਬੋਝ ਹਲਕਾ ਹੋ ਜਾਵੇਗਾ। ਰੋਮਾਂਸ ਦਾ ਤੁਹਾਡੇ ਦਿਲ ਤੇ ਕਬਜਾ ਹੈ। ਕੰਮਕਾਰ ਵਿਚ ਹਾਲਾਤ ਤੁਹਾਡੇ ਪੱਖ ਵਿਚ ਭੁਗਤਦੇ ਮਾਲੂਮ ਹੋਣਗੇ। ਮੁਸ਼ਕਿਲਾਂ ਦਾ ਤੇਜੀ ਨਾਲ ਮੁਕਾਬਲਾ ਕਰਦੇ ਸਮੇਂ ਤੁਹਾਡੀ ਸ਼ਮਤਾ ਤੁਹਾਨੂੰ ਖਾਸ ਪਹਿਚਾਣ ਦੇਵੇਗੀ। ਤੁਹਾਡਾ ਜੀਵਨ ਸਾਥੀ ਅੱਜ ਤੁਹਾਨੂੰ ਖੁਸ਼ਹਾਲ ਬਣਾਉਣ ਲਈ ਅੱਜ ਬਹੁਤ ਸਾਰੀਆਂ ਕੋਸ਼ਿਸ਼ਾਂ ਕਰੇਗਾ।

**ਧਨੂੰ:** ਤੁਸੀ ਆਪਣੇ ਕੰਮ ਵਿਚ ਇਕਾਗਰਤਾ ਬਰਕਰਾਰ ਰੱਖਣ ਵਿਚ ਦਿੱਕਤ ਮਹਿਸੂਸ ਕਰ ਰਹੇ ਹੋ ਕਿਉਂ ਕਿ ਅੱਜ ਤੁਹਾਡੀ ਸਿਹਤ ਪੂਰੀ ਤਰਾਂ ਠੀਕ ਨਹੀਂ ਹੈ। ਤੁਸੀ ਪੈਸੇ ਦੀ ਕੀਮਤ ਨੂੰ ਚੰਗੀ ਤਰਾਂ ਜਾਣਦੇ ਹੋ ਇਸ ਲਈ ਅੱਜ ਦੇ ਦਿਨ ਤੁਹਾਡੇ ਦੁਆਰਾ ਬਚਾਇਆ ਗਿਆ ਧੰਨ ਭਵਿੱਖ ਵਿਚ ਕੰਮ ਆ ਸਕਦਾ ਹੈ ਅਤੇ ਤੁਸੀ ਕਿਸੇ ਵੱਡੀ ਮੁਸ਼ਕਿਲ ਵਿਚੋਂ ਨਿਕਲ ਸਕਦੇ ਹੋ। ਤੁਹਾਡੇ ਬੱਚੇ ਦਾ ਐਵਾਰਡ ਸਮਾਗਮ ਦਾ ਬੁਲਾਵਾ ਤੁਹਾਡੇ ਲਈ ਹਾਸੇ ਭਰਿਆ ਅਹਿਸਾਸ ਰਹੇਗਾ। ਉਹ ਤੁਹਾਡੀ ਉਮੀਦ ਤੇ ਖਰਾ ਉਤਰੇਗਾ ਅਤੇ ਤੁਸੀ ਉਸਦੇ ਨਾਲ ਆਪਣੇ ਸੁਪਨਿਆਂ ਨੂੰ ਸਾਕਾਰ ਹੁੰਦੇ ਦੇਖੋਂਗੇ। ਅੱਜ ਆਪਣੇ ਪ੍ਰੇਮੀ ਨਾਲ ਤਲਖ ਭਰੀਆਂ ਗੱਲਾਂ ਨਾ ਕਰੋ। ਉਦਯੋਗਪਤੀ ਲੋਕਾਂ ਨਾਲ ਸਾਂਝੇਦਾਰੀ ਵਿਚ ਉਦਮ ਹੈ। ਕਿਸੇ ਵੀ ਸਥਿਤੀ ਵਿਚ ਤੁਹਾਨੂੰ ਆਪਣਾ ਕੀਮਤੀ ਸਮਾਂ ਖਰਾਬ ਨਹੀਂ ਕਰਨਾ ਚਾਹੀਦਾ ਯਾਦ ਰੱਖੋ ਸਮੇਂ ਦੀ ਪਾਲਣਾ ਕਰੋ ਇਹ ਇਕ ਵਾਰ ਖਤਮ ਹੋ ਗਿਆ ਮੁੜ ਕਦੇ ਵਾਪਸ ਨਹੀਂ ਆਵੇਗਾ। ਤੁਹਾਡਾ ਜੀਵਨ ਸਾਥੀ ਤੁਹਾਡੇ ਨਾਲ ਝਗੜ ਸਕਦਾ ਹੈ ਕਿਉਂ ਕਿ ਤੁਸੀ ਉਸ ਨਾਲ ਕੋਈ ਗੱਲ ਸਾਂਝੀ ਕਰਨਾ ਭੁੱਲ ਗਏ ਹੋ।

**ਮਕਰ:** ਅੱਜ ਦਾ ਦਿਨ ਉਹਨਾਂ ਦਿਨਾਂ ਦੀ ਤਰਾਂ ਨਹੀਂ ਹੈ ਜਦੋਂ ਤੁਸੀ ਕਿਸਮਤ ਵਾਲੇ ਸਾਬਿਤ ਹੁੰਦੇ ਹੋ ਇਸ ਲਈ ਅੱਜ ਜੋ ਕੁਝ ਵੀ ਬੋਲੋ ਸੋਚ ਸਮਝ ਕੇ ਬੋਲੋ ਕਿਉਂ ਕਿ ਥੋੜੀ ਜਿਹੀ ਬਾਤਚੀਤ ਦਿਨਭਰ ਖਿੱਚ ਕੇ ਵੱਡੇ ਵਿਵਾਦ ਦਾ ਰੂਪ ਲੈ ਸਕਦੀ ਹੈ ਅਤੇ ਤੁਹਾਨੂੰ ਤਨਾਵ ਦੇ ਪਲ ਵੀ ਦੇ ਸਕਦੀ ਹੈ। ਤੁਹਾਡੇ ਪਿਤਾ ਦੀ ਕੋਈ ਸਲਾਹ ਅੱਜ ਕੰਮ ਕਾਰ ਵਿਚ ਤੁਹਾਨੂੰ ਧੰਨ ਲਾਭ ਕਰਾ ਸਕਦੀ ਹੈ। ਅਚਾਨਕ ਆਈ ਜ਼ਿੰਮੇਵਾਰੀ ਤੁਹਾਡੀ ਦਿਨ ਦੀ ਯੋਜਨਾ ਵਿਚ ਮੁਸ਼ਕਿਲ ਪਾ ਸਕਦੀ ਹੈ ਤੁਸੀ ਪਾਉਂਗੇ ਕਿ ਤੁਸੀ ਦੂਜਿਆਂ ਦੇ ਲਈ ਜ਼ਿਆਦਾ ਅਤੇ ਆਪਣੇ ਲਈ ਘੱਟ ਕਰ ਰਹੇ ਹੋ। ਰੋਮਾਂਸ ਦਾ ਕਲਾਉਡ ਤੁਹਾਡੇ ਦਿਮਾਗ ਤੇ ਛਾਇਆ ਰਹੇਗਾ ਕਿਉਂ ਕਿ ਅੱਜ ਤੁਹਾਡੀ ਮੁਲਾਕਾਤ ਆਪਣੇ ਪਿਆਰ ਨਾਲ ਹੋਵੇਗੀ। ਜੇਕਰ ਤੁਸੀ ਕੋਈਂ ਦਿਨਾਂ ਤੋਂ ਕੰਮਕਾਰ ਵਿਚ ਦਿੱਕਤ ਮਹਿਸੂਸ ਕਰ ਰਹੇ ਹੋ ਤਾਂ ਅੱਜ ਦੇ ਦਿਨ ਤੁਹਾਨੂੰ ਰਾਹਤ ਮਹਿਸੂਸ ਹੋ ਸਕਦੀ ਹੈ। ਆਪਣੇ ਪ੍ਰੇਮੀ ਨੂੰ ਸਮਾਂ ਦੇਣ ਦੀ ਕੋਸ਼ਿਸ਼ ਕਰੋਂਗੇ ਪਰੰਤੂ ਕਿਸੇ ਜਰੂਰੀ ਕੰਮ ਆ ਜਾਣ ਦੇ ਕਾਰਨ ਤੁਸੀ ਉਨਾਂ ਨੂੰ ਸਮਾਂ ਦੇ ਪਾਉਣ ਕਾਮਯਾਬ ਨਹੀਂ ਹੋ ਸਕੋਂਗੇ। ਤੁਹਾਡਾ ਜੀਵਨਸਾਥੀ ਵਾਕਾਈ ਤੁਹਾਡੇ ਲਈ ਫਰਿਸ਼ਤੇ ਦੇ ਲਈ ਹੈ ਅਤੇ ਤੁਸੀ ਅੱਜ ਇਹ ਜਾਣੋਗੇ।

**ਕੁੰਭ:** ਤਨਾਵ ਦਾ ਬਿਮਾਰ ਤੇ ਖਰਾਬ ਅਸਰ ਹੋ ਸਕਦਾ ਹੈ। ਘਰ ਦੇ ਜਰੂਰੀ ਸਾਮਾਨ ਤੇ ਪੈਸਾ ਖਰਚ ਕਰਕੇ ਤੁਹਾਨੂੰ ਆਰਥਿਕ ਮੁਸ਼ਕਿਲ ਤਾਂ ਅੱਜ ਜਰੂਰ ਹੋਵੇਗੀ ਪਰੰਤੂ ਇਸ ਨਾਲ ਤੁਸੀ ਭਵਿੱਖ ਦੀਆਂ ਕਈਂ ਮੁਸ਼ਕਿਲਾਂ ਤੋਂ ਬਚ ਸਕਦੇ ਹੋ। ਰਿਸ਼ਤੇਦਾਰ ਅਤੇ ਦੋਸਤਾਂ ਕੋਲੋਂ ਤੋਹਫੇ ਮਿਲਣਗੇ। ਤੁਹਾਡਾ ਮਹਿਬੂਬ ਸਾਰਾ ਦਿਨ ਤੁਹਾਨੂੰ ਬੁਰੀ ਤਰਾਂ ਨਾਲ ਯਾਦ ਕਰ ਕਰ ਰਿਹਾ ਹੈ ਇਕ ਯੋਜਨਾ ਬਣਾਉ ਅਤੇ ਇਸ ਨੂੰ ਆਪਣੇ ਜੀਵਨ ਦਾ ਇਕ ਵਧੀਆ ਦਿਨ ਬਣਾਉ। ਆਪਣੇ ਕੰਮ ਅਤੇ ਪਹਿਲ ਤੇ ਧਿਆਨ ਦਿਉ। ਤੁਹਾਡਾ ਵਿਅਕਤਿਤਵ ਹੋਰਾਂ ਤੋਂ ਅਲੱਗ ਹਾਂ ਤੁਸੀ ਇਕੱਲੇ ਸਮਾਂ ਬਿਤਾਉਣਾ ਪਸੰਦ ਕਰਦੇ ਹੋ ਅੱਜ ਤੁਹਾਨੂੰ ਆਪਣੇ ਆਪ ਲਈ ਸਮਾਂ ਤਾਂ ਮਿਲੇਗਾ ਪਰੰਤੂ ਦਫਤਰ ਦੇ ਕੰਮ ਕਾਰ ਦੀ ਸਮੱਸਿਆ ਸਤਾਉਂਦੀ ਰਹੇਗੀ। ਅੱਜ ਜੀਵਨਸਾਥੀ ਤੋਂ ਤੁਹਾਨੂੰ ਕੁਝ ਅਜਿਹਾ ਮਿਲ ਸਕਦਾ ਹੈ ਜਿਸ ਨਾਲ ਤੁਹਾਡਾ ਸਾਰਾ ਦਿਨ ਖੁਸ਼ਗਵਾਰ ਗੁਜ਼ਰੇਗਾ।

**ਮੀਨ:** ਬਹੁਤ ਜ਼ਿਆਦਾ ਕੰਮ ਕਰਨ ਤੋਂ ਬਚੋ ਕਿਉਂ ਕਿ ਇਹ ਤੁਹਾਨੂੰ ਤਨਾਵ ਅਤੇ ਥਕਾਵਟ ਦੇਵੇਗਾ। ਵਿਆਹੇ ਜੋੜਿਆਂ ਨੂੰ ਅੱਜ ਆਪਣੇ ਬੱਚਿਆਂ ਦੀ ਸਿੱਖਿਆ ਤੇ ਖਾਸਾ ਖਰਚਾ ਕਰਨਾ ਪੈ ਸਕਦਾ ਹੈ। ਅਜਿਹਾ ਕੋਈ ਜਿਸ ਨੂੰ ਤੁਸੀ ਜਾਣਦੇ ਹੋ ਆਰਥਿਕ ਮਾਮਲਿਆਂ ਵਿਚ ਲੋੜ ਤੋਂ ਜ਼ਿਆਦਾਂ ਗੰਭੀਰਤਾ ਲਵੇਗਾ ਅਤੇ ਘਰ ਵਿਚ ਥੋੜਾ ਬਹੁਤ ਤਣਾਅ ਵੀ ਪੈਦਾ ਹੋਵੇਗਾ। ਅੱਜ ਦੇ ਦਿਨ ਪਿਆਰ ਦਾ ਬੁਖਾਰ ਤੁਹਾਡੇ ਸਿਰ ਤੇ ਚੜਨ ਲਈ ਤਿਆਰ ਹੈ ਇਸ ਦਾ ਅਨੁਭਵ ਕਰੋ ਅੱਜ ਕੰਮ ਕਾਰ ਵਿਚ ਤੁਹਾਡੇ ਕਿਸੇ ਪੁਰਾਣੇ ਕੰਮ ਦੀ ਤਾਰੀਫ ਹੋ ਸਕਦੀ ਹੈ ਤੁਹਾਡੇ ਕੰਮ ਨੂੰ ਦੇਖਦੇ ਹੋਏ ਅੱਜ ਤੁਹਾਡੀ ਤਰੱਕੀ ਵੀ ਸੰਭਵ ਹੈ। ਕਾਰੋਬਾਰੀ ਅੱਜ ਅਨੁਭਵੀ ਲੋਕਾਂ ਨਾਲ ਕਾਰੋਬਾਰ ਨੂੰ ਅੱਗੇ ਵਧਾਉਣ ਦੀ ਸਲਾਹ ਦੇ ਸਕਦੇ ਹਨ ਅੱਜ ਦੇ ਦਿਨ ਤੁਸੀ ਬਹੁਤ ਵਿਅਸਤ ਰਹੋਂਗੇ ਪਰੰਤੂ ਮਨਪਸੰਦ ਦੇ ਕੰਮਾਂ ਨੂੰ ਕਰਨ ਦੇ ਲਈ ਵੀ ਤੁਹਾਡੇ ਕੋਲ ਉੱਤਮ ਸਮਾਂ ਹੋਵੇਗਾ। ਅੱਜ ਜੀਵਨਸਾਥੀ ਤੋਂ ਤੁਹਾਨੂੰ ਕੁਝ ਅਜਿਹਾ ਮਿਲ ਸਕਦਾ ਹੈ ਜਿਸ ਨਾਲ ਤੁਹਾਡਾ ਸਾਰਾ ਦਿਨ ਖੁਸ਼ਗਵਾਰ ਗੁਜ਼ਰੇਗਾ।

# ਅੱਜ ਤੁਹਾਡੇ ਸਨਮੁੱਖ ਹੈ ਕਹਾਣੀ

(ਪੜ੍ਹਨ ਲਈ ਲੜੀਵਾਰ ਜੋੜੋ)

**ਗੁਰਮੀਤ ਜੀ ਦੀ ਮਸ਼ਹੂਰ ਕਹਾਣੀ**

ਕੇਰਾਂ ਵਿਚਾਰੇ ਦੀ ਘਰਆਲੀ ਬਿਮਾਰ-ਮਾਰ ਹੋਗੀ। ਉਸਨੂੰ ਦਾਸਾ-ਬੀਸਾ ਫੜ੍ਹਨਾ ਪੈ ਗਿਆ ਜੂੰ ਖਾਣੀਏ ਤੋਂ। ਏਹਨੇ ਵਿਆਜ 'ਤੇ ਵਿਆਜ, ਵਿਆਜ 'ਤੇ ਵਿਆਜ ਲਾ ਕੇ ਬਣਾ ਧਰੀ ਰਕਮ । ਗੁੱਦੜ ਵਿਚਾਰੇ ਤੋਂ ਦੇ ਕਿੱਥੋਂ ਹੋਣੀ ਸੀ। ਨੌਹਰੀਏ ਨੇ ਏਸੇ ਰਕਮ ਦੇ ਵੱਟੇ ਗੁੱਦੜ ਦੀ ਸੱਜਰ ਸੂਈ ਝੋਟੀ ਕਿੱਲੇ ਤੋਂ ਖੋਹਲ ਲੀ। ਵਿਚਾਰੇ ਗਰੀਬ ਦੇ ਢਿੱਡ 'ਤੇ ਲੱਤ ਮਾਰੀ।" "ਹੱਤ ਤੇਰੇ____।" ਮੈਂ ਨੌਹਰੀਆਂ ਬੁੜਾ ਦੇਖਿਆ ਨਹੀਂ ਸੀ ਪਰ ਉਸਦੀ ਥਾਵੇਂ ਗਿੱਲ ਮਾਸਟਰ ਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਆ ਗਿਆ।

"ਮਛਟਰਾ ! ਕਰਨੀ ਰੱਬ ਦੀ, ਜੂੰ ਖਾਣਿਆਂ ਦੇ ਕਿੱਲੇ ਤੋਂ ਚੋਰ ਰਾਤ-ਬਰਾਤੇ ਝੋਟੀ ਖੋਹਲਣ ਆ ਪਿਆ। ਨੌਹਰੀਏ ਕਾ ਬਿਮਾਰੀ ਖਾਧਾ ਬੁੜਾ ਪਿਆ ਸੀ ਪਸ਼ੂਆਂ ਦੀ ਰਾਖੀ। ਮਾੜੀ ਕਿਸਮਤ, ਉਹਨੂੰ ਕਿਤੇ ਜਾਗ ਆਗੀ। ਉਹਨੇ ਚੋਰ ਨੂੰ ਪਿੱਛੋਂ ਜੱਫ਼ਾ ਮਾਰ ਲਿਆ। ਅੱਗਿਉਂ ਚੋਰ ਸੀ ਮੁੰਡਾ-ਖੁੰਡਾ, ਉਹਨੇ ਬੁੜੇ ਨੂੰ ਭੁਆਂ ਮਾਰਿਆ। ਬੁੜਾ ਕਿਤੇ ਰੌਲਾ ਨਾ ਪਾ ਦੇਵੇ, ਚੋਰ ਨੇ ਗੋਹਾ ਹਟਾਉਣ ਆਲਾ ਫਹੁੜਾ ਬੁੜੇ ਦੇ ਸਿਰ 'ਚ ਟਿਕਾਤਾ। ਬੁੜਾ ਤਾਂ ਰੇਲ ਦੇ ਕੰਨ ਆਗੂ ਉਥੇ ਹੀ ਟੇਢਾ ਹੋ ਗਿਆ। ਚੋਰ ਲੈ ਗਿਆ ਸਣੇ ਕਟਰੂ ਝੋਟੀ ਖੋਹਲ ਕੇ ।" "ਸੁਆਦ ਆ ਗਿਆ !" ਮੈਨੂੰ ਅਥਾਹ ਖੁਸ਼ੀ ਹੋਈ। ਬਿਲਕੁਲ ਉਸੇ ਤਰ੍ਹਾਂ ਦੀ ਖਸ਼ੀ ਜਿਹੋ ਜਿਹੀ ਮਾਸਟਰ ਮੱਖਣ ਸਿੰਘ ਮਾਨ ਦੇ ਫਰਜ਼ੰਦ ਦੇ ਪ੍ਰੈਪ ਵਿੱਚੋਂ ਲਗਾਤਾਰ ਦੂਜੀ ਵਾਰ ਫ਼ੇਲ੍ਹ ਹੋ ਜਾਣ ਬਾਰੇ ਪਤਾ ਲੱਗਣ 'ਤੇ ਹੋਈ ਸੀ। ਮਾਨ ਮਾਸਟਰ ਆਪਣੇ ਇਸ ਫਰਜ਼ੰਦ ਨੂੰ ਡਾਕਟਰ ਬਣਾਉਣ ਦੇ ਸੁਪਨੇ ਲੈਂਦਾ ਰਹਿੰਦਾ ਸੀ।

"ਲਉਂ ਜੀ, ਦੁਪਹਿਰ ਨੂੰ ਥਾਣਾ ਚੜ੍ਹਕੇ ਆ ਗਿਆ। ਚੋਰੀ ਤੋਂ ਵਧ ਕੇ ਮਾਮਲਾ ਕਤਲ ਅਤੇ ਡਾਕੇ ਦਾ ਬਣ ਗਿਆ। ਸਪਾਟਿਆਂ ਨੇ ਖੋਜੀ ਕੁੱਤੇ ਲਿਆਂਦੇ। ਉਨਾਂ ਇਧਰ-ਉਧਰ ਨੱਕ ਮੂੰਹ ਮਾਰਿਆ। ਪੈੜਾਂ ਸੁੰਘਦੇ ਥੋੜ੍ਹੀ ਦੂਰ ਗਏ ਤੇ ਪਿੰਡ ਆਲੇ ਟਿੱਬਿਆਂ 'ਚ ਜਾ ਕੇ ਬਹਿਗੇ। ਅਗਾਂਹ ਤੁਰਨ ਈ ਨਾ। ਥਾਣੇਦਾਰ ਤੇ ਸਪਾਟੇ ਸਿਰ ਫੇਰ ਗਏ। ਜਾਣ ਤਾਂ ਕਿਧਰ ਜਾਣ ? ਫੇਰ, ਜੂੰ ਖਾਣਿਆ ਸਪਾਟਿਆਂ ਨੂੰ ਹੱਥ ਪੱਲਾ ਝਾੜਿਆ ਕੋਈ ਨਾ। ਉਹਨਾਂ ਕਾਗਤੀਂ ਪੱਤਰੀਂ, ਤਿੰਨ ਪੰਜ ਕੀਤੀ ਤੇ ਤੁਰਗੇ। ਪਿੰਡ ਦੇ ਸਿਆਣੇ ਬੰਦਿਆਂ ਜੂੰ ਖਾਣਿਆਂ ਨੂੰ ਰੈਅ ਦਿੱਤੀ ਅਖੇ ਆਤੂ ਨੂੰ ਲਿਆਉ। ਉਹ ਕੱਢੂ ਖੁਰਾ ਖੋਜ। ਬੰਦੇ ਕੱਠੇ ਹੋ ਕੇ ਮੇਰੇ ਕੋਲ ਆਗੇ। ਮੈਂ ਅੱਗੋਂ ਸਤਿ ਬਚਨ ਆਖ ਦਿੱਤਾ। ਤੈਨੂੰ ਪਤਾ ਸਾਡੀ ਕੌਮ ਗੁਰੂ ਗੁਸਾਈਂ ਨੂੰ ਬੜਾ ਮੰਨਦੀ ਆ। ਮੈਂ ਗੁਰੂ ਗੁਸਾਈਂ ਨੂੰ ਧਿਆਇਆ, ਮੱਥਾ ਟੇਕਿਆ ਤੇ ਜਾ ਪੈੜ ਨੱਪੀ।"

"ਖੋਜੀ ਨੂੰ ਪੈੜ ਦੀ ਪਛਾਣ ਕਿਵੇਂ ਆ ਜਾਂਦੀ ?" ਮੈਂ ਪੁੱਛਿਆ।

"ਮਛਟਰਾ ! ਜਿਵੇਂ ਤੁਸੀਂ ਜੁਆਕਾਂ ਦੀ ਲਿਖਾਈ ਪਛਾਣ ਲੈਨੇ ਓਂ, ਉਵੇਂ- ਜਿਵੇਂ ਸਾਨੂੰ ਪੈੜ ਦੀ ਸਿਆਣ ਆ ਜਾਂਦੀ। ਕੁਜ਼ਰਤ ਵਲੋਂ ਕਿਸੇ ਬੰਦੇ ਦਾ ਪੈਰ ਦੂਜੇ ਬੰਦੇ ਦੇ ਪੈਰ ਨਾਲ ਨੀ ਰਲਦਾ। ਇਕ ਦੀ ਤੋਰ ਵੀ ਨ੍ਹੀ ਰਲਦੀ ਦੂਜੇ ਨਾਲ। ਕਿਸੇ ਦਾ ਪੈਰ ਲੰਮਾ ਹੁੰਦਾ ਕਿਸੇ ਦਾ ਮਧਰਾ । ਕੋਈ ਚਪਟਾ ਹੁੰਦਾ, ਕੋਈ ਡੂੰਘ ਆਲਾ। ਕਿਸੇ ਦੀਆਂ ਉਂਗਲਾਂ ਲੰਮੀਆਂ ਹੁੰਦੀਆਂ ਕਿਸੇ ਦੀਆਂ ਛੋਟੀਆਂ। ਕਿਸੇ ਦੇ ਪੈਰ ਦਾ ਅਗੂੰਠਾ ਮੋਟਾ ਹੁੰਦਾ ਕਿਸੇ ਦਾ ਪਤਲਾ। ਕਿਸੇ ਦੀ ਅੱਡੀ ਚੌੜੀ ਹੁੰਦੀ, ਚਾਪੜ ਅਰਗੀ। ਇਵੇਂ ਤੋਰ ਦਾ ਹੁੰਦਾ। ਤੁਰਨ ਲੱਗੇ ਕਿਸੇ ਦਾ ਪੱਬ ਧਰਤੀ 'ਤੇ ਪੂਰਾ ਲੱਗਦਾ ਕਿਸੇ ਦਾ ਅੱਧਾ। ਕੋਈ ਉਂਗਲਾਂ ਦਬਾ ਕੇ ਤੁਰਦਾ ਐ ਤਾਂ ਕੋਈ ਅੱਡੀ 'ਤੇ ਜ਼ੋਰ ਦੇ ਕੇ। ਕਈਆਂ ਦੇ ਤੁਰਦਿਆਂ ਅੱਡੀ ਭੁੰਜੇ ਲੱਗਦੀ ਈ ਨ੍ਹੀ। ਕਈ ਟੇਡੇ ਰੋਕ ਪੈਰ ਚੱਕਦੇ। ਕਈ---।"

"ਤਾਇਆ ਸਿਆ ! ਤੂੰ ਪੈੜ ਜਾ ਨੱਪੀ, ਫੇਰ ਕੀ ਹੋਇਆ ?" ਮੈਂ ਵਿਚਾਲਿਉਂ ਟੋਕ ਦਿੱਤਾ। ਮੈਨੂੰ ਲੱਗਾ ਪੈੜਾਂ ਦੀ ਤਫ਼ਸੀਲ ਦੱਸਦਾ ਆਤੂ ਕਿਤੇ ਸ਼ੁਰੂ ਕੀਤੀ ਤਵਾਰੀਖ਼ ਹੀ ਨਾ ਭੁੱਲ ਜਾਵੇ।

"ਭਤੀਜ ! ਮੈਂ ਪੈੜ ਫੜ੍ਹੀ ਤੇ ਹੋ ਲਿਆ ਪੈੜ ਦੇ ਮਗਰ। ਪਿੰਡ ਦੀ ਖ਼ਲਕਤ ਮੇਰੇ ਮਗਰ-ਮਗਰ। ਤੈਨੂੰ ਪਤਾ ਈਆ, ਤਮਾਸ਼ਾ ਦੇਖਣ ਆਲੇ ਭੂੰਡਾਂ ਦੀ ਖੱਖਰ ਆਗੂ ਆ ਜੁੜਦੇ। ਹੋ-ਹੋਅ ਕਰਦੀ ਮੁੰਡੀਹਰ ਮਗਰੇ ਤੁਰੀ ਆਵੇ। ਮੈਂ ਪੈੜ ਸਿਆਣਦਾ-ਸਿਆਣਦਾ ਲੈ ਆਇਆ ਗੱਜੂਪੁਰੇ। ਬੁੱਟਰਾਂ ਤੋਂ ਪੰਜਵੇਂ ਪਿੰਡ। ਗੱਜੂਪੁਰੇ ਪਿੰਡ 'ਚ ਆ ਕੇ ਪੈੜ ਔਂਟਲ ਗੀ। ਮੈਂ ਜੂੰ ਖਾਣੀਏ ਨੌਹਰੀਏ ਨੂੰ ਆਖਿਆ ਥੋਡਾ ਚੋਰ ਐਸੇ ਪਿੰਡ ਐ। ਥੋਡੀ ਮੱਝ ਐਦੂੰ ਗਾਂਹ ਨੀ ਗਈ। ਚੋਰ ਵੀ ਐਸ ਪਿੰਡ ਤੋਂ ਗਾਂਹ ਨਹੀਂ ਗਿਆ।"

"ਗੱਜੂਪੁਰੇ ਆ ਕੇ ਪੈੜ੍ਹ ਕਿਵੇਂ ਗੁਆਚਗੀ ?" ਗੱਲ ਮੇਰੀ ਸਮਝੋ ਬਾਹਰ ਹੋ ਚੱਲੀ ਸੀ।

"ਮਛਟਰਾ ! ਚੋਰੀ ਆਲੀ ਗੱਲ ਨੂੰ ਤੀਆ ਦਿਨ ਹੋ ਗਿਆ ਸੀ। ਪਿੰਡ 'ਚ ਸੁਆਣੀਆਂ ਬਹੁਕਰ-ਬਹਾਰੀ ਕਰ ਦਿੰਦੀਆਂ। ਮਿਟ ਜਾਂਦੀਆਂ ਪੈੜਾਂ। ਬਾਕੀ ਪਿੰਡ 'ਚ ਆਵਾਜਾਈ ਵੀ ਹੁੰਦੀ ਰਹਿੰਦੀ ਆ। ਪੈੜਾਂ 'ਤੇ ਪੈੜਾਂ ਚੜ੍ਹ ਜਾਂਦੀਆਂ। ਆਏ ਪੈੜ ਦਾ ਪੂਰਾ ਲੱਖਣ ਨੀ ਲੱਗਦਾ। ਡਰ ਰਹਿੰਦਾ ਐ ਕਿਤੇ ਨਜ਼ੈਜ਼ ਬੰਦੇ ਘਰ ਨਾ ਚਲੇ ਜਾਈਏ। ਐਮੇ ਖਾਹ-ਮਖਾਹ ਕੋਈ ਔਬੜ ਬੰਦਾ ਫਸਜੇ। ਕਈ ਬਾਜੇ-ਬਾਜੇ ਖੋਜੀ ਫਸਾ ਵੀ ਦਿੰਦੇ ਸੀਗੇ ਮਾਤੜ-ਤੁਮਾਤੜ ਨੂੰ।"

"ਰਹਿਗੀ ਫਿਰ ਵਿੱਚੇ ਕੀਤੀ ਕੱਤਰੀ ?"

"ਕਾਹਨੂੰ ? ਆਤੂ ਦੇ ਹੁੰਦਿਆਂ-ਸੁੰਦਿਆਂ ਕਿੱਥੇ ਰਹਿਣੀ ਸੀ ? ਮੈਂ ਆਖਿਆ ਮੈਨੂੰ ਪਿੰਡ ਦੇ ਕੱਲੇ-ਕੱਲੇ ਬੰਦੇ ਦੀ ਪੈੜ ਦਿਖਾ ਦਿਉ, ਮੈਂ ਚੋਰ ਦੀ ਪੈੜ ਸਿਆਣ ਦੂੰ। ਨਾਲ ਗਏ ਬੰਦਿਆਂ ਗੁੱਜੂਪੁਰੀਏ ਸਰਪੈਂਚ ਨਾਲ ਗੱਲ ਕੀਤੀ। ਸਰਪੈਂਚ ਮੇਰਾ ਵੀ ਵਾਕਫ਼ ਸੀ। ਛੋਟੀ ਕੁੜੀ ਉਥੇ ਈ ਤਾਂ ਵਿਆਹੀ ਸੀ। ਕੁੜੀ ਕੋਲ ਆਉਣ-ਜਾਣ ਤਾਂ ਬਣਿਆ ਈ ਰਹਿੰਦਾ ਸੀ। ਨਾਲੇ ਇਲਾਕੇ 'ਚ ਐਹੇ ਜਾ ਕਿਹੜਾ ਬੰਦਾ ਸੀ ਜਿਹੜਾ ਆਤੂ ਨੂੰ ਭੁੱਲਿਆ ਹੋਵੇ ? ਸਰਪੈਂਚ ਨੇ ਆਵਦੇ ਪੰਚੈਤੀ ਬੰਦਿਆਂ ਨਾਲ ਗੱਲ ਕੀਤੀ। ਫੈਸਲਾ ਹੋਇਆ ਵਈ ਪਿੰਡ ਦੇ ਅਠਾਰਾਂ ਸਾਲ ਤੋਂ ਉੱਤੇ ਆਲੇ ਬੰਦਿਆਂ ਦੀ ਪੈੜ ਵੇਖੀ ਜਾਵੇ। ਸਪੀਕਰ 'ਚ ਲੋਸਮੈਂਟ ਕਰਤੀ ਵਈ ਜਿਹੜਾ ਘਰੇ ਰਿਹਾ, ਸਮਝ ਲੋਂ ਉਹੀ ਚੋਰ ਆ ਬੁੱਟਰ ਆਲਿਆਂ ਦਾ। ਚੋਰੀ ਉਹਦੇ ਨਾਉਂ ਲੱਗੂ । ਘਰੇ ਫਿਰ ਕੀਹਨੇ ਰਹਿਣਾ ਸੀ ? ਸਾਰਾ ਪਿੰਡ ਆ ਕੱਠਾ ਹੋਇਆ ਸ਼ਾਮਲਾਟ 'ਚ।"

"ਲੈ-----।" ਆਤੂ ਦੀ ਸਿਖਰ ਵੱਲ ਜਾਂਦੀ ਕਹਾਣੀ ਨੇ ਮੇਰੀ ਉਤਸੁਕਤਾ ਵਧਾ ਦਿੱਤੀ।

"ਮੇਲਾ ਲੱਗ ਗਿਆ ਉਥੇ ਤਾਂ। ਦੋ ਪਿੰਡ ਤਾਂ ਜੁੜੇ ਵੇ ਸੀ। ਮੈਂ ਕਹੀ ਮੰਗਾ ਕੇ ਥੋੜ੍ਹੀ ਜਿਹੀ ਥਾਂ ਪੁੱਟ ਕੇ ਮਿੱਟੀ ਪੋਲੀ ਕਰਾਲੀ। ਵਾਰੋ-ਵਾਰੀ ਕੱਲਾ-ਕੱਲਾ ਬੰਦਾ ਮਿੱਟੀ 'ਤੋਂ ਦੀ ਲੰਘਣ ਲੱਗਾ। ਆਪਣੀ ਕੁੜੀ ਦੇ ਪ੍ਰਾਹੁਣੇ ਹੱਥੀਂ ਝਾੜੂ ਫੜਿਆ ਵਿਐ ਸੀ। ਜਦੋਂ ਕੋਈ ਬੰਦਾ ਲੰਘਜੇ, ਮੈਂ ਪੈੜ ਧਿਆਨ ਨਾਲ ਦੇਖਾਂ। ਮੇਰੇ ਨਾਂਹ ਵਿਚ ਸਿਰ ਫੇਰਦਿਆਂ ਹੀ ਪ੍ਰਾਹੁਣਾ ਪੈੜ ਸਾਫ਼ ਕਰ ਦੇਵੇ। ਲਉ ਜੀ, ਇਕ-ਇਕ ਕਰਕੇ ਸਾਰਾ ਪਿੰਡ ਲੰਘ ਗਿਆ। ਕੱਠ 'ਚੋਂ ਆਵਾਜਾਂ ਵੀ ਆਈ ਜਾਣ ਅਖੇ ਆਤੂਆ, ਕਿਉਂ ਭਕਾਈ ਕਰਾਉਣੈ ਪਿੰਡ ਆਲਿਆਂ ਦੀ, ਐਂਤਕੀ ਨੀ ਚੱਲਣੀ ਤੇਰੀ ਕਾਰਾਗਰੀ। ਪਰੇਸ਼ਾਨ ਮੈਂ ਵੀ ਸੀਗਾ। ਪਿਛੇ ਰਹਿ ਗਿਆ ਕੱਲ੍ਹਾ ਜੁਆਈ। ਉਹਦੇ ਬਾਰੇ ਕਿਸੇ ਪਿੰਡ ਆਲੇ ਨੂੰ ਚਿੱਤ ਚੇਤਾ ਈ ਨਾ। ਮੈਂ ਪ੍ਰਾਹੁਣੇ ਨੂੰ ਆਖਿਆ, "ਲਿਆ ਵਈ ਜੁਆਨਾ, ਝਾੜੂ ਫੜਾ ਮੈਨੂੰ ਤੇ ਲੰਘ ਤੂੰ ਵੀ ਭਉਜਲ। ਲਉ ਜੀ ਪ੍ਰਾਹੁਣਾ ਪੋਲੇ ਪੋਲੇ ਪੈਰੀਂ ਲੰਘ ਗਿਆ। ਮੈਂ ਗਹੁ ਨਾਲ ਪੈੜ ਦੇਖੀ। ਮੇਰਾ ਸਿਰ ਚਕਰਾਉਣ ਲੱਗ ਪਿਆ। ਸਿਰ 'ਚ ਜਿਵੇਂ ਬੰਬ ਫਟਣ ਲੱਗੇ। ਮੈਂ ਸਿਰ ਫੜ ਕੇ ਬੈਠ ਗਿਆ। ਲੋਕ ਹੈਰਾਨ।" "ਹੱਛਾ !" ਆਪ ਮੁਹਾਰੇ ਮੇਰੇ ਮੂੰਹੋਂ ਨਿਕਲ ਗਿਆ।

"ਡਮਾਕ ਕੁਛ ਦਾ ਕੁਛ ਸੋਚ ਗਿਆ। ਸੋਚਿਆ ਜੂੰ ਖਾਣੀਏ ਦੀ ਕਿਹੜਾ ਦਸਾਂ ਨੂੰਹਾਂ ਦੀ ਕਿਰਤ ਐ। ਇਹਨੇ ਵਿਚਾਰੇ ਗਰੀਬ ਗੁੱਦੜ ਨਾਲ ਗਰੀਬ ਮਾਰ ਕੀਤੀ ਐ। ਜੇ ਚੋਰੀ ਨਾ ਵੀ ਫੜੀ ਗਈ ਕਿਹੜਾ ਸਾਲੇ ਜੂੰ ਖਾਣੇ ਨੌਹਰੀਏ ਦੀ ਕੋਈ ਗੁੱਠ ਲਿਸੀ ਪੈਜੂ।

ਮਛਟਰਾ ! ਵਿਧਵਾ ਹੋ ਕੇ ਘਰੇ ਬੈਠੀ ਧੀ ਮੇਰੀਆਂ ਅੱਖਾਂ ਅੱਗੇ ਆ ਖੜੋਤੀ। ਵਾਰ-ਵਾਰ ਡਮਾਕ 'ਚ ਏਹੀ ਆਈ ਜਾਵੇ ਵਈ ਇਕ ਤਾਂ ਵਿਧਵਾ ਹੋ ਕੇ ਆਈ ਆ-ਦੂਜੀ ਨੂੰ ਕਿਉਂ ਬਹਾਵਾਂ ? ਕਤਲ ਡਾਕੇ ਦੇ ਕੇਸ 'ਚ ਪ੍ਰਾਹੁਣਾ ਫਾਹੇ ਲਗੂ, ਨਹੀਂ ਵੀਹ ਸਾਲੀ ਤਾਂ ਬੱਝੂ ਈ ਬੱਝੂ । ਮੈਂ ਨਾਂਹ ਵਿਚ ਸਿਰ ਮਾਰਨ ਦਾ ਫ਼ੈਸਲਾ ਕੀਤਾ ਪਰ ਸਿਰ ਤਾਂ ਸੱਜੇ-ਖੱਬੇ ਹਿੱਲੇ ਈ ਨਾ। ਫੇਰ ਜਾਣੀਦਾ ਅੰਦਰੋਂ ਵਾਜ਼ ਆਈ, "ਆਤੂਆ ਏਹ ਕੋਈ ਧਰਮ ਨ੍ਹੀਂ। ਨਸਾਫ਼ ਨ੍ਹੀ। ਤੇਰੇ ਆਵਦੇ ਨਾਲ ਵੀ ਨਸਾਫ਼ ਨੀ, ਰੱਬ ਨਾਲ ਵੀ ਨਸਾਫ਼ ਨ੍ਹੀ। ਕੁਜ਼ਰਤ ਨੇ ਤੇਰੇ ਹੱਥ ਨਸਾਫ਼ ਦੀ ਤੱਕੜੀ ਦਿੱਤੀ----- ਸੱਚੋ-ਸੱਚ ਤੋਲ।' ਫੇਰ ਮਛਟਰਾ----!" ਆਤੂ ਦੀ ਆਵਾਜ਼ ਭਾਰੀ ਹੋਣ ਲੱਗੀ। ਉਹਦਾ ਗੱਚ ਭਰ ਆਇਆ ਸੀ। ਉਹਨੇ ਨੱਕ 'ਚ ਵਗ ਆਏ ਪਾਣੀ ਨੂੰ ਸਾਫੇ ਨਾਲ ਸਾਫ਼ ਕੀਤਾ ਤੇ ਬੋਲਿਆ, "ਮਛਟਰਾ ! ਮੈਂ ਪ੍ਰਾਹੁਣੇ ਨੂੰ ਗਲ੍ਹਮਿਓਂ ਫੜ੍ਹ ਕੇ ਨੌਹਰੀਏ ਵੱਲ ਧੱਕ ਦਿੱਤਾ ਤੇ ਆਖਿਆ, 'ਲਉ ਫੜ੍ਹੋ ਐਹ ਜੇ ਥੋਡਾ ਚੋਰ।' ਤੇ ਵਾਹੋ-ਦਾਹੀ ਪਿੰਡ ਵੱਲ ਨੂੰ ਭੱਜ ਪਿਆ।" ਮੈਂ ਆਤੂ ਦੀ ਗੱਲ ਦਾ ਕੋਈ ਹੁੰਗਾਰਾ ਨਾ ਭਰ ਸਕਿਆ। ਮੇਰੇ ਤਾਂ ਦੰਦ ਹੀ ਜੁੜ ਗਏ ਸਨ। ਮੈਨੂੰ ਮਹਿਸੂਸ ਹੋਇਆ ਜਿਵੇਂ ਹਵਾ ਵੀ ਆਤੂ ਦੇ ਨਾਲ ਹੀ ਹੁਬਕੀਂ-ਹੁਬਕੀਂ ਰੋਣ ਲੱਗੀ ਸੀ। ਕਿੰਨਾ ਚਿਰ ਚੁੱਪ ਛਾਈ ਰਹੀ।

"ਮਛਟਰਾ ! ਪ੍ਰਾਹੁਣੇ ਕੋਲੋਂ ਚੋਰੀ ਬਰਾਮਦ ਹੋਗੀ। ਕਤਲ ਪੈ ਗਿਆ। ਮੈਂ 'ਦਾਲਤਾਂ ਦੇ ਚੱਕਰ ਕੱਟੇ। ਪੈਰਵਾਈ ਕੀਤੀ। ਏਹ ਵੀ ਮੇਰਾ ਧਰਮ ਸੀ। ਜੁਆਈ ਸੀ, ਕਰਨੀਓਂ ਸੀ। ਪਰ---ਹੋਣੀਹਾਰ ਨੂੰ ਕੌਣ ਟਾਲੇ। ਦੂਜੀ ਕੁੜੀ ਵੀ ਸਿਰੋਂ ਨੰਗੀ ਹੋ ਕੇ ਪਿਉ ਦੇ ਬੂਹੇ ਆ ਬੈਠੀ। ਮੇਰਾ ਬੁਢਾਪਾ ਰੁਲ ਗਿਆ।" ਆਤੂ ਨੇ ਲੰਬਾ ਸਾਹ ਲਿਆ।

ਮੈਂ ਆਤੂ ਨਾਲ ਅੱਖਾਂ ਨਾ ਮਿਲਾ ਸਕਿਆ। ਉਸ ਕੋਲੋਂ ਦੂਰ ਜਾ ਕੇ, ਅੱਖਾਂ 'ਚ ਸਿੰਮ ਆਇਆ ਪਾਣੀ ਸਾਫ਼ ਕੀਤਾ। ਵਗਦੀ ਆੜ 'ਚੋਂ ਪਾਣੀ ਦੇ ਛਿੱਟੇ ਅੱਖਾਂ 'ਤੇ ਮਾਰੇ। ਕਿੰਨਾ ਚਿਰ ਆਵਾਗੌਣ ਹੀ ਵੱਟਾਂ 'ਤੇ ਫਿਰਦਾ ਰਿਹਾ। ਇਕ ਹਲਚਲ ਜਿਹੀ ਮੇਰੇ ਦਿਮਾਗ ਵਿੱਚ ਮੱਚ ਗਈ ਸੀ। ਮਾਸਟਰ ਮੱਖਣ ਸਿੰਘ ਮਾਨ ਮੇਰਾ ਜ਼ਿਹਨ ਮੱਲ ਖੜ੍ਹੋਤਾ ਸੀ। ਇਸ ਸਾਲ ਅਧਿਆਪਕ ਦਿਵਸ 'ਤੇ ਸਿੱਖਿਆ ਮੰਤਰੀ ਨੇ ਉਸ ਨੂੰ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਸੀ। ਅੱਜਕੱਲ੍ਹ ਉਹ ਆਪਣੇ ਨਾਂ ਨਾਲ ਸਟੇਟ ਐਵਾਰਡੀ ਲਿਖਣ ਲੱਗਿਆ ਸੀ। ਉਸ ਬਾਰੇ ਲੇਖ ਵੀ ਅਖ਼ਬਾਰਾਂ ਵਿਚ ਛਪੇ ਸਨ। "ਤਾਇਆ ! ਤੂੰ ਪ੍ਰਾਹੁਣੇ ਨੂੰ ਬਚਾਅ ਸਕਦਾ ਸੀ ਨਾ ? ਕੀ ਲੋੜ ਸੀ ਤੈਨੂੰ ਚੋਰੀ ਫੜਾਉਣ ਦੀ ? ਠੀਕ ਕੀਤੇ ਸੀ ਤੂੰ ?"

"ਮਛਟਰਾ ! ਆਵਦੇ ਜਾਣੀ ਤਾਂ ਠੀਕ ਕੀਤਾ ਸੀ। ਬਾਕੀ ਤੂੰ ਜ਼ਿਆਦਾ ਸਿਆਣੈ, ਤੂੰ ਦੱਸ ਠੀਕ ਕੀਤੈ ਮੈਂ ?" ਆਤੂ ਨੇ ਉਲਟਾ ਸੁਆਲ ਕਰ ਦਿੱਤਾ ਸੀ। ਕੀ ਜੁਆਬ

# 2026 ਦੀ ਦਹਲੀਜ਼ 'ਤੇ ਖੜ੍ਹਕੇ ਇੱਕ ਨਜ਼ਰ ਬੀਤ ਗਏ 2025 ਵੱਲ!

ਸਾਲ 2025 ਆਪਣੇ ਕੌੜੇ ਮਿੱਠੇ ਤਜਰਬੇ ਦੇ ਕੇ ਚਲਾ ਗਿਆ ਤੇ 2026 ਆਪਣਾ ਪਟਾਰਾ ਲੈ ਕੇ ਆ ਗਿਆ ਹੈ । ਨਵੇਂ ਸਾਲ ਦੇ ਪਟਾਰੇ ਵਿਚ ਕੀ ਹੈ, ਇਹ ਸਭ ਕੁੱਝ ਅਜੇ ਭਵਿੱਖ ਦੇ ਗਰਭ ਵਿਚ ਹੈ, ਕੁੱਝ ਵੀ ਨਹੀਂ ਕਿਹਾ ਜਾ ਸਕਦਾ, ਇਸ ਬਾਰੇ ਕਿਆਸ ਅਰਾਈਆਂ ਲਗਾਉਣੀਆਂ ਸਭ ਫਜੂਲ ਹਨ ਤੇ ਇਸ ਦੇ ਨਾਲ ਹੀ ਸਮੇਂ ਦੀ ਬਰਬਾਦੀ ਤੇ ਮਗ਼ਜ਼ ਖਪਾਈ ਵੀ । ਦੂਜੇ ਸ਼ਬਦਾਂ ਚ ਜੋ ਕਾਰਜ ਸਾਡੇ ਵੱਸ ਚ ਨਹੀਂ, ਉਸ ਉੱਤੇ ਭੇਜਾ ਫਰਾਈ ਕਰਨ ਦਾ ਵੀ ਕੋਈ ਫਾਇਦਾ ਨਹੀਂ ।

ਹਾਂ ! 2025 ਸਾਡੇ ਵਾਸਤੇ ਕਿਹੋ ਜਿਹਾ ਰਿਹਾ, ਅਸੀਂ ਇਸ ਸਾਲ ਕਿਹੜੀਆਂ ਗਲਤੀਆਂ ਕੀਤੀਆਂ ਤੇ ਕੀ ਸਬਕ ਸਿੱਖੇ ਜਿਹੜੇ ਸਾਡੇ ਭਵਿੱਖ ਨੂੰ ਚੰਗਾ ਬਣਾ ਸਕਦੇ ਹਨ, ਉਹਨਾਂ ਬਾਰੇ ਗੱਲ ਕਰਨੀ ਦੋਹਾਂ ਸਾਲਾਂ ਦੇ ਇਸ ਸ਼ੁਭ ਮੌਕੇ ਉੱਤੇ ਬਹੁਤ ਸਾਰਥਿਕ ਹੈ ਤੇ ਮੈਂ ਇਹ ਗੱਲ ਆਪਣੇ ਨਿੱਜੀ ਤਜਰਬਿਆਂ ਦੇ ਅਧਾਰ 'ਤੇ ਤੁਹਾਡੇ ਨਾਲ ਸਾਂਝੀ ਕਰਾਂਗਾ ਜਿਸ ਨੂੰ ਤੁਸੀਂ ਵੀ ਆਪਣੇ ਤਜਰਬਿਆਂ ਦਾ ਵਿਸ਼ਾ ਬਣਾ ਸਕਦੇ ਹੋ ।

21ਵੀਂ ਸਦੀ ਤੱਕ ਪਹੁੰਚਦਿਆਂ ਬਿਜਲੀ ਤੇ ਪਰੈਸ ਮੀਡੀਏ ਨਾਲ ਸਾਡੇ ਪਰਿਵਾਰਕ ਤੇ ਸਮਾਜਕ ਹਾਲਾਤਾਂ ਵਿਚ ਜੋ ਤਬਦੀਲੀ ਆਈ, ਉਸ ਨੂੰ 21ਵੀਂ ਸਦੀ ਦੇ ਸ਼ੋਸ਼ਲ ਮੀਡੀਏ ਨੇ ਫਿਰਕੀ ਬਣਾ ਦਿੱਤਾ । ਜੋ ਗੱਲ/ਘਟਨਾ ਜੰਗਲ ਦੀ ਅੱਗ ਵਾਂਗ ਫੈਲਦੀ ਸੀ, ਉਹ ਇਸ ਤੋਂ ਹਜਾਰ ਗੁਣਾਂ ਤੇਜੀ ਨਾਲ ਫੈਲਣ ਲੱਗ ਪਈ । ਵੀਹਵੀਂ ਸਦੀ ਵਿਚ ਪੱਤਰਕਾਰ ਹੋਣਾ ਇਕ ਮਾਣਮੱਤਾ ਕਿੱਤਾ ਸੀ, ਅੱਜ ਇੱਕੀਵੀਂ ਸਦੀ ਵਿਚ ਹਰ ਕੋਈ ਪੱਤਰਕਾਰ ਬਣਿਆ ਫਿਰਦਾ, ਜਿਥੇ ਦੇਖਦਾ, ਕੈਮਰਾ ਲੈ ਕੇ ਰਿਕਾਰਡਿੰਗ ਸ਼ੁਰੂ ਕਰ ਦਿੰਦਾ ਹੈ, ਕਿਸੇ ਵੀ ਦੁੱਕੀ ਤਿੱਕੀ ਦੀਆਂ ਤਾਰੀਫਾਂ ਦੇ ਪੁਲ ਬੰਨ੍ਹਕੇ ਉਸ ਦੀ ਗੁੱਡੀ ਚੜ੍ਹਾ ਦਿੰਦਾ ਹੈ ਤੇ ਦੂਸਰੇ ਪਾਸੇ ਕਿਸੇ ਚੰਗੇ ਭਲੇ ਬਾਰੇ ਝੂਠ ਤੂਫਾਨ ਬੋਲਕੇ ਉਸ ਦਾ ਗੁੱਡਾ ਵੀ ਬੰਨ੍ਹ ਦਿੰਦਾ ਹੈ । ਸੋ ਜਮਾਨਾ ਇਹ ਆ ਗਿਆ ਕਿ ਇਸ ਵਕਤ ਸੱਚ ਤੇ ਝੂਠ ਦਾ ਨਿਸਤਾਰਾ ਕਰਨਾ ਬੜਾ ਮੁਸ਼ਕਲ ਹੋ ਗਿਆ ਹੈ, ਇਹਨਾਂ ਦਰਮਿਆਨ ਭੰਬਲ ਭੂਸਾ ਬਹੁਤ ਵਧ ਗਿਆ ਹੈ । ਏਹੀ ਕਾਰਨ ਹੈ ਕਿ ਕਈ ਵਾਰ ਸੱਚੀ ਘਟਨਾ, ਝੂਠ ਜਾਪਣ ਲਗਦੀ ਹੈ ਤੇ ਕਈ ਵਾਰ ਕੋਈ ਝੂਠੀ ਤੇ ਮਨਘੜਤ ਘਟਨਾ ਸੱਚੀ ਜਾਪਣ ਲੱਗ ਜਾਂਦੀ ਹੈ । ਟੀ ਆਰ ਪੀ ਤੇ ਸ਼ੋਸ਼ਲ ਮੀਡੀਏ ਦੀਆਂ ਲਾਇਕਾਂ ਦੇ ਚੱਕਰ ਨੇ ਮੀਡੀਏ ਦੀ ਭਰੋਸੇਯੋਗਤਾ ਉੱਤੇ ਸਵਾਲੀਆ ਚਿੰਨ ਲਗਾ ਕੇ ਰੱਖ ਦਿੱਤਾ ਹੈ । ਜਿੱਥੇ ਪਾਠਕ ਵੀਹਵੀਂ ਸਦੀ ਵਿਚ ਮੀਡੀਏ ਦੀਆਂ ਖਬਰਾਂ ਉੱਤਾ ਭਰੋਸਾ ਕਰਦਾ ਸੀ, ਉਥੇ ਇੱਕੀਵੀਂ ਸਦੀ ਵਿਚ ਉਸ ਨੂੰ ਕਿਸੇ ਖਬਰ ਦੀ ਸਚਾਈ ਜਾਨਣ ਵਾਸਤੇ ਆਪ ਪੜਤਾਲ ਕਰਨੀ ਪੈ ਰਹੀ ਹੈ ਤੇ 2026 ਵਿਚ ਪਾਠਕਾਂ ਤੇ ਦਰਸ਼ਕਾਂ ਵਾਸਤੇ ਇਹ ਪੜਤਾਲ ਘੇਰਾ ਹੋਰ ਵੀ ਵਿਖੜਾ ਹੋਣ ਵਾਲਾ ਹੈ ।




ਕੀ ਅਸੀਂ ਕਦੇ ਇਹ ਸੋਚਿਆ ਕਿ ਜਿਸ ਦਿਨ ਅਸੀਂ ਇਸ ਦੁਨੀਆਂ ਨੂੰ ਅਲਵਿਦਾ ਕਰ ਦਿਆਂਗੇ ਤਾਂ ਫੇਰ ਕੀ ਹੋਊਗਾ ? ਹੋ ਸਕਦਾ ਸਾਨੂੰ ਬਹੁਤ ਸਾਰੇ ਵਾਟਸ ਐਪ ਸੁਨੇਹੇ ਆਉਣ, ਸਾਡੇ ਫੋਨ ਦੀ ਘੰਟੀ ਵਾਰ ਵਾਰ ਵੱਜੇ ਤੇ ਸਾਡਾ ਕੋਈ ਰਿਸ਼ਤੇਦਾਰ ਉਠਾ ਕੇ ਫੋਨ ਕਰਨ ਵਾਲੇ ਨੂੰ ਜਾਂ ਸੁਨੇਹਾ ਭੇਜਣ ਵਾਲਿਆਂ ਨੂੰ ਇਹ ਦੱਸੇ ਕਿ ਅਸੀਂ ਹੁਣ ਇਸ ਦੁਨੀਆਂ ਵਿਚ ਨਹੀਂ ਰਹੇ । ਇਸ ਤੋਂ ਬਾਅਦ ਕੀ ਹੋਵੇਗਾ ? ਇਹ ਅਗਲਾ ਸਵਾਲ ਸਾਡੇ ਜ਼ਿਹਨ ਵਿਚ ਪੈਦਾ ਹੋਵੇਗਾ, ਜਿਸ ਦਾ ਉੱਤਰ ਇਹ ਵੀ ਹੋ ਸਕਦਾ ਹੈ ਕਿ ਸਾਡੇ ਕੱਪੜੇ ਤੇ ਹੋਰ ਵਰਤੋਂ ਵਾਲੀਆਂ ਚੀਜਾਂ , ਅੰਤਿਮ ਸੰਸਕਾਰ ਤੱਕ ਇਕ ਪਾਸੇ ਕਿਸੇ ਨੁਕਰੇ ਸਾਂਭ ਦਿੱਤੀਆਂ ਜਾਣਗੀਆਂ ਤੇ ਸ਼ੰਸਕਾਕ ਨਿਪਟ ਜਾਣ ਤੋਂ ਬਾਦ ਉਹਨਾਂ ਦੀ ਵਰਤੋਂ ਜਾਂ ਤਾਂ ਸਾਡਾ ਕੋਈ ਨੇੜਲਾ ਰਿਸ਼ਤੇਦਾਰ ਕਰਨ ਲੱਗ ਪਵੇਗਾ ਜਾਂ ਫਿਰ ਉਹ ਕਿਸੇ ਨੂੰ ਦਾਨ ਕਰ ਦਿੱਤੀਆਂ ਜਾਣਗੀਆਂ ਤੇ ਇਹ ਵੀ ਹੋ ਸਰਗਾ ਹੈ ਕਿ ਮਹਿੰਗੀਆਂ ਚੀਜਾਂ ਵਸਤਾਂ ਨੂੰ ਛੱਡਕੇ ਬਾਕੀ ਚੀਜਾਂ ਵਸਤਾ ਸੁੱਟ ਦਿਤੀਆਂ ਜਾਣਗੀਆਂ ।

ਹੁਣ ਸੋਚਣ ਵਾਲੀ ਗੱਲ ਇਥੇ ਇਹ ਹੈ ਕਿ ਰਿਸ਼ਤੇਦਾਰ ਤਾਂ ਤੇਹਰਵੇਂ ਤੋਂ ਬਾਅਦ ਸਾਨੂੰ ਭੁੱਲ ਜਾਣਗੇ ਤੇ ਆਪੋ ਆਪਣੇ ਕੰਮ ਧੰਦਿਆ ਵਿਚ ਮੁੜ ਤੋਂ ਰੁੱਝ ਜਾਣਗੇ, ਉਹ ਇਨਸਾਨ, ਜਿਸ ਦੇ ਵਾਸਤੇ ਅਸੀਂ ਹਮੇਸ਼ਾ ਹਾਜਰ ਰਹਿੰਦੇ ਸੀ, ਜਿਸ ਦੀ ਹਰ ਨਿੱਕੀ ਵੱਡੀ ਖੁਸ਼ੀ ਦਾ ਖਿਆਲ ਰੱਖਦੇ ਸੀ, ਜਿਸ ਨੂੰ ਤੱਤੀ ਵਾਅ ਤੇਕ ਨਹੀ ਸੀ ਲੱਗਣ ਦਿੰਦੇ, ਕੁੱਝ ਸਮੇਂ ਬਾਅਦ ਉਹ ਇਨਸਾਨ ਵੀ ਸਾਨੂੰ ਹੌਲੀ ਹੌਲੀ ਭੁੱਲ ਜਾਵੇਗਾ, ਦੁਨੀਆ ਪਹਿਲਾਂ ਵਾਂਗ ਹੀ ਚਲਦੀ ਰਹੇਗੀ, ਨਾ ਹੀ ਸਮੇਂ ਦੀ ਰਫਤਾਰ ਨੂੰ ਕੋਈ ਫਰਕ ਪਵੇਗਾ ਤੇ ਨਾ ਹੀ ਦੁਨੀਆ ਨੂੰ ਸਾਡੇ ਇਸ ਜੱਗੋਂ ਚਲੇ ਜਾਣ ਨਾਲ ਕੋਈ ਫਰਕ ਪਵੇਗਾ । ਹਾਂ ! ਇਕ ਫਰਕ ਜਰੂਰ ਪਵੇਗਾ ਕਿ ਸਾਡੇ ਨਾਮ ਦਾ ਇੱਕ ਚੈਪਟਰ ਬਿਲਕੁਲ ਚੁੱਪ ਚੁਪੀਤੇ ਹੀ ਸਮਾਜਿਕ ਰਿਸ਼ਤਿਆਂ ਵਿਚ ਬੰਦ ਕਰ ਦਿੱਤਾ ਜਾਵੇਗਾ, ਮੇਰੀ ਗੱਲ 'ਤੇ ਯਕੀਨ ਨਹੀਂ ਤਾਂ ਚਾਰ ਦਿਨ ਸ਼ੋਸ਼ਲ ਮੀਡੀਏ ਤੋਂ ਲਾਂਭੇ ਹੋ ਕੇ ਦੇਖ ਲਓ, ਸਭ ਪਤਾ ਲੱਗ ਜਾਵੇਗਾ ਕਿ ਇਥੇ ਸਿਰਫ ਸਿਰਾਂ ਨੂੰ ਹੀ ਸਲਾਮਾਂ ਨੇ, ਬਾਅਦ ਚ ਕੋਈ ਨਹੀਂ ਪੁੱਛਦਾ ।

ਹੁਣ ਮੇਰਾ ਇਥੇ ਮੁੱਦੇ ਦਾ ਸਵਾਲ ਇਹ ਹੈ ਕਿ ਜਦ ਅਸੀਂ ਆਪਣੇ ਨੇੜਲਿਆਂ ਦਾ ਹੱਦੋਂ ਵੱਧ ਭਲਾ ਕਰਕੇ ਇਸ ਜੱਗੋਂ ਸਦੀਵੀ ਤੁਰ ਗਏ ਤੇ ਉਹਨਾਂ ਨੂੰ ਕੋਈ ਫਰਕ ਨਹੀਂ ਪਿਆ ਤਾਂ ਫੇਰ ਸਾਨੂੰ ਅੱਜ ਉਹਨਾਂ ਦੇ ਕਰਕੇ ਫਰਕ ਕਿਉਂ ਪੈ ਰਿਹਾ ਹੈ ਕਿ ਅਸੀਂ ਆਪਣੇ ਹਰ ਕੰਮ ਉਹਨਾਂ ਦੀਆਂ ਇਛਾਵਾਂ ਤੇ ਭਾਵਨਾਵਾਂ ਨੂੰ ਮੁੱਖ ਰੱਖਕੇ ਕਰਦੇ ਹਾਂ, ਆਪਣੇ ਹਿਤਾਂ ਦੀ ਬਲੀ ਦਿੰਦੇ ਹਾਂ , ਆਪਣੇ ਸੁੱਖ ਅਰਾਮ ਨੂੰ ਤਿਆਗ ਕੇ ਜੀਊਂਦੇ ਹਾਂ, ਆਪਣੇ ਅਰਮਾਨਾਂ ਦਾ ਘਾਤ ਕਰਕੇ, ਦੂਸਰਿਆਂ ਦੀਆਂ ਭਾਵਨਾਵਾਂ ਨੂੰ ਪਹਿਲ ਦੇਂਦੇ ਹਾਂ, ਹਰ ਵਕਤ ਇਹੀ ਸੋਚਦੇ ਹਾਂ ਕਿ ਸਾਡੇ ਨਾਲ ਫਲਾਨਾ ਜਾਂ ਧਿਮਕਾਨਾ ਨਾ ਗੁੱਸੇ ਹੋ ਜਾਵੇ ਜਾਂ ਇੰਜ ਕਹਿ ਲਓ ਕਿ ਅਸੀਂ ਅਚੇਤ ਜਾਂ ਸੁਚੇਤ ਆਪਣੀ ਜਿੰਦਗੀ ਆਪ ਜੀਊਣ ਦੀ ਬਜਾਏ ਇਸ ਦੀ ਵਾਗਡੋਰ ਦੂਜਿਆਂ ਦੇ ਹੱਥ ਫੜਾ ਦਿੰਦੇ ਹਾਂ । ਇਸ ਤਰਾਂ ਵੀ ਕਿਹਾ ਜਾ ਸਕਦਾ ਹੈ ਕਿ ਦੂਸਰਿਆਂ ਦੇ ਗੁਲਾਮ ਹੋ ਕੇ ਜੀਊਂਣ ਨੂੰ ਪਹਿਲ ਦੇਂਦੇ ਹਾਂ !

2025 ਨੇ ਇਹ ਦੱਸਿਆ ਕਿ ਕਿਸੇ ਉੱਤੇ ਨਾ ਹੀ ਬਹੁਤਾ ਹੱਕ ਜਿਤਾਈਦਾ ਤੇ ਨਾ ਹੀ ਕਿਸੇ ਨਾਲ ਬਹੁਤਾ ਪਿਆਰ ਕਰੀਦਾ, ਕਿਉਂਕਿ ਇਸ ਸਮੇਂ ਦੀ ਦੁਨੀਆ ਦੇ ਲੋਕ ਦੂਰ ਹੋਣ ਲੱਗਿਆਂ ਜਾਂ ਧੱਕਾ ਮਾਰਕੇ ਦੂਰ ਸੁੱਟਣ ਲੱਗਿਆ ਬਹੁਤਾ ਸਮਾ ਨਹੀਂ ਲਾਉਂਦੇ । ਇਸ ਸਾਲ ਦੌਰਾਨ ਸਬਕ ਇਹ ਵੀ ਮਿਲਿਆ ਕਿ ਕਿਸੇ ਦੇ ਨੇੜੇ ਉੰਨਾ ਕੁ ਹੀ ਹੋਵੋ ਕਿ ਜੇਕਰ ਉਹ ਦੂਰ ਹੋ ਜਾਵੇ ਜਾਂ ਕਿਸੇ ਵਜ੍ਹਾ ਕਾਰਨ ਦੂਰ ਹੋ ਜਾਣਾ ਪਵੇ ਤਾਂ ਬਹੁਤਾ ਦੁੱਖ ਨਾ ਲੱਗੇ । ਬੱਸ ਏਨਾ ਕੁ ਸਮਝ ਲਓ ਕਿ ਇਹ ਦੁਨੀਆ ਇੱਕ ਮੇਲਾ ਹੈ ਇਸ ਵਿੱਚ ਕੋਈ ਮਿਲਦਾ ਤੇ ਕੋਈ ਵਿੱਛੜਦਾ ਹੈ, ਇਹ ਦੁਨੀਆਂ ਰੇਲਾਂ ਦਾ ਜੰਕਸ਼ਨ ਹੈ ਜਿੱਥੇ ਗੱਡੀਆਂ ਦੀ ਆਉਂਦਕ ਜਾਂਦਕ ਦਾ ਸਿਲਸਿਲਾ ਲੱਗਾ ਹੀ ਰਹਿੰਦਾ ਹੈ ।

ਇਹ ਸਾਲ ਚੰਗੀ ਤਰਾਂ ਸਮਝਾ ਗਿਆ ਕਿ ਕੰਮਾ ਕਾਰਾਂ 'ਤੇ ਤੁਹਾਡਾ ਕੋਈ ਵੀ ਮਿੱਤਰ ਨਹੀਂ ਹੁੰਦਾ, ਜਿਹਦਾ ਦਾਅ ਲਗਦਾ ਹੈ, ਉਹੀ ਤੁਹਾਡਾ ਫਾਇਦਾ ਲੈਂਦਾ ਹੈ, ਆਪਣੀ ਤਰੱਕੀ ਵਾਸਤੇ ਤੁਹਾਡੀਆਂ ਕਮਜੋਰੀਆਂ ਲੱਭਦਾ ਹੈ ਤੇ ਫਿਰ ਉਹਨਾਂ ਨੂੰ ਆਪਣੀ ਤਰੱਕੀ ਵਾਸਤੇ ਪੌੜੀ ਵਜੋਂ ਵਰਤਦਾ ਹੈ । ਇਸ ਕਰਕੇ ਕੰਮਾਂ ਉੱਤੇ ਸਿਰਫ ਆਪਣੇ ਕੰਮ ਨਾਲ ਮਤਲਬ ਰੱਖੋ, ਆਪਣੇ ਕੰਮ ਸਾਥੀਆਂ ਨਾਲ ਕਦੇ ਵੀ ਆਪਣੀਆਂ ਪਰਿਵਾਰਕ ਗੱਲਾਂ ਸਾਂਝੀਆ ਨਾ ਕਰੋ ਤੇ ਨਾ ਹੀ ਕੰਮ ਸਾਥੀਆਂ ਨੂੰ ਆਪਣੇ ਘਰਾਂ ਚ ਬੁਲਾਓ, ਉਹਨਾਂ ਨਾਲ ਆਪਣੀ ਸਾਂਝ ਕੰਮਾਂ ਉੱਤੇ ਸਿਰਫ ਕੰਮਾਂ ਦੇ ਮੁਤੱਲਕ ਹੀ ਰੱਖੋ । ਯਾਦ ਰੱਖੋ ਕਿ ਜਮਾਨਾ ਇਹ ਹੈ ਕਿ ਜੋ ਤੁਹਾਨੂੰ ਇਹ ਕਹਿੰਦਾ ਹੈ ਕਿ ਦੁਨੀਆ ਬਦਲ ਜਾਵੇਗੀ, ਪਰ ਉਹ ਨਹੀਂ ਬਦਲੇਗਾ, ਓਹੀ ਬੰਦਾ ਬਦਲਣ ਲੱਗਿਆਂ, ਤੁਹਾਥੋਂ ਮੁੱਖ ਮੋੜਨ ਲੱਗਿਆਂ ਜਾਂ ਦੂਰ ਹੋਣ ਲੱਗਿਆ ਕਈ ਵਾਰ ਇੱਕ ਮਿੰਟ ਤੋਂ ਵੱਧ ਦਾ ਸਮਾਂ ਨਹੀਂ ਲਾਉਂਦਾ । ਅੱਜ ਜਿਸ ਔਲਾਦ ਨੂੰ ਅਸੀਂ ਆਪਣੀ ਕਹਿੰਦੇ ਹਾਂ, ਕੱਲ੍ਹ ਓਹੀ ਔਲਾਦ ਦੁੱਖ ਦੇਣ ਲੱਗਿਆਂ ਦੇਰ ਨਹੀਂ ਲਾਉਂਦੀ , ਇਹ ਕਹਿਣ ਲੱਗਿਆਂ ਕਿ ਤੁਸੀਂ ਉਹਨਾਂ ਵਾਸਤੇ ਕੀਤਾ ਹੀ ਕੁੱਝ ਨਹੀਂ, ਮਿੰਟ ਵੀ ਨਹੀਂ ਲਾਵੇਗੀ ।

ਕਈ ਲੋਕ ਪੁੱਛਦੇ ਹਨ ਕਿ 2026 ਦਾ ਕੀ ਪਲਾਨ ਹੈ ਤਾਂ ਉਹਨਾਂ ਦੀ ਜਾਣਕਾਰੀ ਵਾਸਤੇ ਦੱਸਦਿਆਂ 2026 ਤੱਕ ਪਹੁੰਚਦਿਆਂ ਕਦੇ ਕੋਈ ਵੀ ਪਲਾਨ ਨਹੀਂ ਬਣਾਇਆ, ਜੇਕਰ ਬਣਾਇਆ ਵੀ ਹੋਵੇਗਾ ਤਾਂ ਉਹ ਚਾਹਤ ਮੁਤਾਬਿਕ ਨੇਪਰੇ ਨਹੀਂ ਚੜ੍ਹਿਆ, ਹਾਂ ! ਕੋਈ ਛੋਟਾ ਮੋਟਾ ਮਤਾ ਪਾ ਕੇ ਪੂਰਾ ਕਰਦਾ ਰਿਹਾ ਹਾਂ ਤੇ ਇਹ ਸਿਲਸਿਲਾ ਇਸੇ ਤਰਾਂ ਜਾਰੀ ਰਹੇਗਾ, ਉਂਜ ਮਸਤ ਮੌਲਾ ਹਾਂ, ਜ਼ਿੰਦਗੀ ਵਿੱਚ ਬੇਪਰਵਾਹੀ ਰੱਖੀ ਹੈ, ਉਸ ਸਿਰਜਣਹਾਰ ਉੱਤੇ ਅਤੁੱਟ ਭਰੋਸਾ ਹੈ, ਉਹ ਜੋ ਕਰਦਾ ਹੈ, ਸਭ ਚੰਗਾ ਹੀ ਕਰਦਾ ਹੈ , ਜਿਧਰ ਲੈ ਜਾਏਗਾ, ਉਧਰ ਚਲੇ ਜਾਵਾਂਗਾ, ਉਸ ਦੀ ਰਜ਼ਾ ਮੁਤਾਬਿਕ ਜਿੰਦਗੀ ਕੱਟ ਲਵਾਂਗਾ ।

ਮੈਂ ਡਰਾਉਣਾ ਨਹੀਂ ਚਾਹੁੰਦਾ , ਪਰ ਆਪਣੇ ਤਜਰਬੇ ਮੁਤਾਬਿਕ ਇਹ ਦੱਸਣਾ ਵੀ ਬਹੁਤ ਜਰੂਰੀ ਸਮਝਦਾ ਹਾਂ ਕਿ ਸਾਡੇ ਆਸ ਪਾਸ ਵਿਚਰਦੇ ਹਰ ਸ਼ਖਸ਼ ਦੇ ਅੰਦਰ ਵੀ ਇੱਕ ਸ਼ਖਸ਼ ਹੁੰਦਾ ਹੈ । ਆਮ ਕਰਕੇ ਸਾਨੂੰ ਉਸ ਦੇ ਬਾਹਰਲੇ ਸ਼ਖਸ਼ ਦਾ ਪਤਾ ਹੁੰਦਾ ਹੈ , ਪਰ ਅੰਦਰਲੇ ਤੋਂ ਅਸੀਂ ਅਕਸਰ ਹੀ ਅਣਜਾਣ ਰਹਿੰਦੇ ਹਾਂ । ਕਦੇ ਕਦਾ ਗੱਲਾਂ ਗੱਲਾਂ ਵਿਚ ਕੋਈ ਵਿਅਕਤੀ ਆਪਣੇ ਅੰਦਰਲੇ ਸ਼ਖਸ਼ ਬਾਰੇ ਜਦ ਸੱਚ ਬੋਲਦਾ ਹੈ ਤਾਂ ਅਸੀਂ ਉਸ ਨੂੰ ਬਹੁਤਾ ਕਰਕੇ ਅਣਗੌਲਿਆ ਹੀ ਕਰ ਜਾਂਦੇ ਹਾਂ, ਕਦੇ ਵੀ ਸੰਜੀਦਗੀ ਨਾਲ ਨਹੀਂ ਲੈਂਦੇ, ਨਤੀਜੇ ਵਜੋਂ ਅਸੀਂ ਅਕਸਰ ਹੀ ਕਿਸੇ ਦੀ ਅਸਲ ਸਖਸ਼ੀਅਤ ਤੋਂ ਅਣਜਾਣ ਰਹਿੰਦੇ ਹਾਂ ।

ਯਾਦ ਰੱਖੋ ਕਿ ਪੈਸੇ ਦੀ ਠੱਗੀ ਵੱਜ ਜਾਏ ਜਾਂ ਪੈਸਾ ਕਿਸੇ ਗਲਤ ਜਗਾ 'ਤੇ ਖਰਚਿਆ ਜਾਵੇ ਤਾਂ ਉਹ ਕੁੱਝ ਸਮੇ ਬਾਅਦ ਭੁੱਲ ਜਾਵੇਹਾ, ਪਰ ਜੇਕਰ ਜਜ਼ਬਾਤ ਗਲਤ ਜਗਾ 'ਤੇ ਜਾਇਆ ਹੋ ਜਾਣ ਤਾਂ ਸਾਰੀ ਉਮਰ ਨਹੀਂ ਭੁਲਦੇ, ਸਮੇਂ ਸਮੇਂ ਉਹਨਾਂ ਦੀ ਰੜਕ ਪੈਂਦੀ ਹੀ ਰਹਿੰਦੀ ਹੈ, ਨਸੂਰ ਬਣੇ ਜਖਮ ਦੀ ਤਰਾਂ ਉਹਨਾਂ ਦੀ ਪੀੜ ਆਖਰੀ ਸਾਹਾਂ ਤੱਕ ਹੁੰਦੀ ਹੀ ਰਹਿੰਦੀ ਹੈ ।

ਇਸ ਬੀਤ ਗਏ ਸਾਲ ਨੇ ਸਿਖਾਇਆ ਕਿ ਸਭ ਆਪਣੇ ਨਹੀਂ ਹੁੰਦੇ, ਹਰ ਵਿਅਕਤੀ ਆਪੋ ਆਪਣਾ ਏਜੰਡਾ ਲੈ ਕੇ ਸਾਡੇ ਨਾਲ ਜੁੜਦਾ ਹੈ ਤੇ ਉਸ ਏਜੰਡੇ ਦੀ ਪੂਰਤੀ ਦੀ ਲੋਚਾ ਕਰਦਾ ਹੈ । ਜੇਕਰ ਉਸ ਦਾ ਮਿਸ਼ਨ ਸਫਲ ਹੋ ਗਿਆ ਤਾਂ ਉਹ ਸਾਥੋਂ ਦੂਰ ਚਲਾ ਜਾਏਗਾ ਤੇ ਜੇਕਰ ਉਸ ਨੂੰ ਇਹ ਪੱਕਾ ਹੋ ਗਿਆ ਕਿ ਉਸ ਦੇ ਏਜੰਡੇ ਦੀ ਪੂਰਤੀ ਸਾਡੇ ਕੋਲੋਂ ਨਹੀਂ ਹੋਣੀ ਤਾਂ ਤਦ ਵੀ ਉਹ ਸਾਥੋਂ ਦੂਰ ਚਲਾ ਜਾਏਗਾ । ਸੋ ਆਪਣਾ ਖਿਆਲ ਰੱਖੋ , ਭਰੋਸਾ ਸਿਰਫ ਆਪਣੇ ਉੱਤੇ ਹੀ ਰੱਖੋ, ਕਦੇ ਵੀ ਦੂਸਰਿਆਂ ਉੱਤੇ ਨਹੀਂ, ਇਸ ਮੰਤਰ ਨਾਲ ਦੁੱਖ ਘਟਣਗੇ ਤੇ ਖੁਸ਼ੀਆਂ ਵਧਣਗੀਆਂ ।

ਆਖਿਰ ਚ ਕਹਾਂਗਾ ਕਿ ਮੇਰਾ ਇਹ ਸਾਲ ਬਹੁਤ ਹੀ ਸਫਲ ਤੇ ਖੁਸ਼ਗਵਾਰ ਰਿਹਾ, ਕਾਮਯਾਬੀ ਦੀਆਂ ਨਵੀਆਂ ਮੰਜਿਲਾਂ ਸਰ ਕੀਤੀਆਂ, ਬਹੁਤ ਸਾਰੇ ਚੰਗੇ ਮਾੜੇ ਲੋਕਾਂ ਨੂੰ ਮਿਲਣ ਦਾ ਮੌਕਾ ਮਿਲਿਆ, ਚੰਗਿਆਂ ਤੋਂ ਹੋਰ ਚੰਗਾ ਬਣਨ ਦੀ ਪਰੇਰਣਾ ਮਿਲੀ ਤੇ ਬੁਰਿਆਂ ਤੋਂ ਆਪਣੇ ਆਪ ਨੂੰ ਹੋਰ ਸੁਧਾਰਨ ਦਾ ਸਬਕ ਮਿਲਿਆ । ਈਰਖਾਲੂ ਲੋਕਾਂ ਨੇ ਮੇਰੇ ਉਤਸ਼ਾਹ ਵਿਚ ਅੰਤਾਂ ਦਾ ਵਾਧਾ ਕੀਤਾ, ਉਹਨਾਂ ਦੀ ਈਰਖਾ ਨੇ ਮੇਰੀ ਸਫਲਤਾ ਦੀ ਰਾਹ ਬਹੁਤ ਪੱਧਰਾ ਤੇ ਅਸਾਨ ਕੀਤਾ, ਜਿਸ ਕਰਕੇ ਉਹਨਾਂ ਦੀ ਸਲਾਮਤੀ ਵਾਸਤੇ ਢੇਰ ਸਾਰੀਆਂ ਦੁਆਵਾਂ।

ਲੋਕਾਂ ਨੂੰ ਖੁਸ਼ ਕਰਨ ਵਿਚ ਮੈਂ ਬਹੁਤ ਸਮਾ ਖਰਾਬ ਕੀਤਾ, ਆਪਣੇ ਹਿਤ ਪਰੇ ਰੱਖਕੇ ਉਹਨਾਂ ਦੀਆਂ ਸਹੂਲਤਾਂ ਨੂੰ ਪਹਿਲ ਦਿੱਤੀ, ਆਪਣੇ ਕੰਮ ਛੱਡਕੇ ਉਹਨਾਂ ਦੇ ਕੰਮ ਆਇਆ, ਪਰ ਫੇਰ ਵੀ ਸਭ ਨੂੰ ਖੁਸ਼ ਨਾ ਕਰ ਸਕਿਆ । ਜਿਹਨਾਂ ਨੂੰ ਬਹੁਤੀ ਵਾਰ ਖੁਸ਼ ਕੀਤਾ ਤੇ ਕਿਸੇ ਨਿੱਜੀ ਮਜਬੂਰੀ ਕਾਰਨ ਇਕ ਅੱਧ ਵਾਰ ਉਹਨਾ ਦੇ ਕੰਮ ਨਾ ਆ ਸਕਿਆ, ਉਹ ਪਿਛਲੇ ਸਾਰੇ ਕੀਤੇ ਕਰਾਏ ਚੰਗੇ ਕੰਮਾਂ ਉੱਤੇ ਪਾਣੀ ਫੇਰਕੇ ਨਰਾਜ ਹੁੰਦੇ ਰਹੇ । ਸੋ ਉਹਨਾਂ ਤੋਂ ਸਬਕ ਇਹ ਮਿਲਿਆ ਕਿ ਸਭ ਨੂੰ ਖੁਸ਼ ਕਰਨ ਤੁਰਿਆ ਬੰਦਾ ਰਸਤੇ ਵਿਚ ਇਕੱਲਾ ਰਹਿ ਜਾਂਦਾ ਹੈ, ਉਸ ਨੂੰ ਖੁਸ਼ ਕਰਨ ਵਾਲਾ ਜਾਂ ਉਸ ਦੇ ਔਖੇ ਸਮੇ ਚ ਕੰਮ ਆਉਣ ਵਾਲਾ ਕੋਈ ਵੀ ਨਹੀਂ ਹੁੰਦਾ । ਇਸ ਕਰਕੇ ਵਧੀਆ ਇਹ ਹੈ ਕਿ ਆਪਣਾ ਖਿਆਲ ਰੱਖੋ ਤੇ ਆਪਣੇ ਆਪ ਨੂੰ ਹਮੇਸ਼ਾ ਖੁਸ਼ ਰੱਖੋ, ਕੋਈ ਤੁਹਾਡੇ ਬਾਰੇ ਚੰਗਾ ਸੋਚਦਾ ਹੈ ਜਾਂ ਮੰਦਾ ਇਹ ਤੁਹਾਡੀ ਨਹੀਂ ਬਲਕਿ ਉਸ ਦੀ ਸਮੱਸਿਆ ਹੈ ਤੇ ਉਸ ਨੂੰ ਉਸਦੀ ਸਮੱਸਿਆ ਵਿਚ ਉਲਝਿਆ ਰਹਿਣ ਦਿਓ ਤੇ ਤੁਸੀਂ ਆਪਣੇ ਮਿਸ਼ਨ ਦੀ ਮੰਜਿਲ ਵੱਲ ਅੱਗੇ ਦਰ ਅਗੇਰੇ ਵਧਦੇ ਜਾਓ ।

ਆਖਿਰ ਚ ਕਹਾਂਗਾ ਕਿ ਨੈਗਟਿਵ ਸੋਚ ਵਾਲੇ ਲੋਕਾਂ ਨੂੰ ਆਪਣੀ ਜਿੰਦਗੀ 'ਚੋਂ ਬਾਹਰ ਧੱਕ ਦਿਓ, ਆਪਣੇ ਬੀਤੇ ਤੋਂ ਸਿੱਖੋ ਤੇ ਉਸ ਨੂੰ ਭੁੱਲ ਜਾਓ, ਬੀਤੇ ਦੀਆਂ ਗਲਤੀਆਂ ਸਵੀਕਾਰ ਕਰੋ ਤੇ ਯਕੀਨੀ ਬਣਾਓ ਕਿ ਉਹਨਾਂ ਨੂੰ ਆਪਣੇ ਪੁਰ ਜੀਵਨ ਵਿਚ ਕਦੇ ਵੀ ਦੂਜੀ ਵਾਰ ਨਾ ਦੁਹਰਾਓ, ਭਵਿੱਖ ਦਾ ਕੋਈ ਪਤਾ ਨਹੀਂ ਕਿ ਕਿਵੇਂ ਦਾ ਹੋਵੇਗਾ, ਵਰਤਮਾਨ ਨੂੰ ਜੀਅ ਭਰਕੇ ਜੀਓ ਤੇ ਆਪਣੀ ਨਵੀਂ ਜਿੰਦਗੀ ਸ਼ੁਰੂ ਕਰੋ । ਇਹ ਮੇਰੇ ਬੀਤੇ ਦਾ ਸਬਕ ਹੈ ਤੇ ਮੈਂ ਇਸ ਦੇ ਮੁਤੀਬਿਕ ਆਪਣੀ ਜਿੰਦਗੀ ਜੀਓ ਰਿਹਾ ਹਾਂ, ਅਜਿਹਾ ਕਰਕੇ ਮੈਂ ਸਿਰਫ ਖੁਸ਼ ਹੀ ਨਹੀਂ ਬਲਕਿ ਬਹੁਤ ਖੁਸ਼ ਹਾਂ, ਤੁਸੀਂ ਵੀ ਅਜਮਾਅ ਕੇ ਦੇਖੋ, ਮੈਂ ਪੂਰੇ ਵਿਸ਼ਵਾਸ਼ ਨਾਲ ਕਹਿ ਸਕਦਾ ਹਾਂ ਕਿ ਤੁਹਾਡੀ ਜਿੰਦਗੀ ਸਿਰਫ ਬਦਲੇਗੀ ਹੀ ਨਹੀਂ ਬਲਕਿ ਸੋਹਣੀ ਵੀ ਹੋ ਜਾਵੇਗੀ, ਜੀਊਣ ਨੂੰ ਦਿਲ ਕਰੇਗਾ, ਕਾਇਨਾਤ ਸੋਹਣੀ ਲੱਗੇਗੀ ਤੇ ਇਸ ਦੀ ਹਰ ਸ਼ੈਅ ਨਾਲ ਮੋਹ ਪੈਦਾ ਹੋਵੇਗਾ ।

ਮਾੜੀ ਸੋਚ ਵਾਲੇ ਤੇ ਕਮੀਨੇ ਲੋਕਾਂ ਦੀ ਸੰਗਤ ਵਿਚ ਰਹਿਣ ਨਾਲੋਂ ਇਕੱਲੇ ਰਹਿਣਾ ਹਜਾਰ ਦਰਜੇ ਚੰਗਾ ਹੈ, ਉਹਨਾਂ ਲੋਕਾਂ ਨਾਲ ਰਹਿਣ ਨਾਲੋਂ ਜੋ ਅੰਦਰੋਂ ਤਾਂ ਤੁਹਾਨੂੰ ਅੰਤਾਂ ਦੀ ਨਫਰਤ ਕਰਦੇ ਹਨ, ਪਰ ਬਾਹਰੋਂ ਨਕਲੀ ਡਰਾਮਾ ਤੁਹਾਨੂੰ ਪਿਆਰ ਕਰਨ ਦਾ ਕਰਦੇ ਹਨ, ਉਹ ਬੁੱਕਲ ਦੇ ਸੱਪ ਹਨ, ਉਹਨਾਂ ਤੋਂ ਬਚੋ ਨਹੀਂ ਤਾਂ ਉਹ ਕਦੇ ਵੀ ਡੰਗ ਚਲਾ ਸਕਦੇ ਹਨ।

ਇਹ ਜਿਹੜਾ ਸਾਡੇ ਮਨਾਂ ਚ ਵਹਿਮ ਹੈ ਕਿ ਹਰੇਕ ਨਾਲ ਬਣਾ ਕੇ ਰੱਖੋ ਤਾਂ ਕਿ ਸਭ ਔਖੇ ਵੇਲੇ ਕੰਮ ਆ ਸਕਣ ਤਾਂ ਇਥੇ ਇਹ ਗੱਲ ਦੱਸਦਿਆਂ ਕਿ ਅਜਿਹਾ ਕੁੱਝ ਵੀ ਨਹੀਂ ਹੁੰਦਾ, ਇਹ ਨਿਰਾ ਵਹਿਮ ਹੈ, ਔਖੇ ਵੇਲੇ ਕੋਈ ਵਿਰਲਾ ਹੀ ਨੇੜੇ ਖੜ੍ਹਦਾ, ਆਮ ਤੌਰ 'ਤੇ ਉਹ ਵੇਲਾ ਆਪਣੇ ਸਿਰ ਖੁਦ ਹੀ ਝੱਲਣਾ ਤੇ ਲੰਘਾਉਣਾ ਪੈਂਦਾ ਹੈ। ਸਾਲ 2025 ਚਲਾ ਗਿਆ ਤੇ 2026 ਆ ਗਿਆ ਹੈ । ਬੀਤੇ ਸਾਲ ਦੀਆਂ ਘਟਨਾਵਾਂ ਤੋਂ ਅਸੀਂ ਕਿਵੇਂ ਤੇ ਕਿੰਨਾ ਕੁ ਪਰਭਾਵਤ ਹੋਏ, ਕੀ ਖੋਇਆ ਤੇ ਕੀ ਪਾਇਆ, ਕਿੰਨਾ ਕੁ ਚੰਗਾ ਹੋਇਆ ਜਾਂ ਬੁਰਾ, ਇਹ ਇਕ ਬਹੁਤ ਢੁਕਵਾਂ ਵੇਲਾ ਹੈ ਉਸ ਸਭ ਦਾ ਵਿਸ਼ਲੇਸ਼ਣ ਤੇ ਮੁਲਾਂਕਣ ਕਰਨ ਦਾ ਤਾਂ ਕਿ ਹੋਈਆਂ ਭੁਲਾਂ ਨੂੰ ਸੁਧਾਰ ਕੇ 2026 ਨੂੰ ਆਪਣੀ ਜਿੰਦਗੀ ਦਾ ਸੋਹਣਾ, ਸਫਲ ਤੇ ਸੁਨਹਿਰੀ ਸਾਲ ਬਣਾਇਆ ਜਾ ਸਕੇ । ਮੈਂ ਤੁਹਾਡੇ ਨਾਲ ਬੀਤੇ ਸਾਲ ਦੇ ਆਪਣੇ ਕੁੱਝ ਕੁ ਤਜਰਬੇ ਸਾਂਝੇ ਕੀਤੇ ਹਨ ਤੇ ਉਹਨਾਂ ਤਜਰਬਿਆਂ ਦੇ ਮੁਤਾਬਿਕ ਆਪਣੇ ਜੀਵਨ ਢੰਗ ਵਿਚ ਤਬਦੀਲੀ ਕੀਤੀ ਹੈ ਤਾ ਕਿ ਆਪਣੇ ਵਰਤਮਾਨ ਨੂੰ ਸਫਲ ਤੇ ਸੋਹਣਾ ਬਣਾ ਸਕਾਂ । ਤੁਸੀਂ ਵੀ ਆਪਣੇ ਬੀਤੇ ਸਾਲ ਦਾ ਲੇਖਾ ਜੋਖਾ ਕਰ ਸਕਦੇ ਹੋ । ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਇਸ ਤਰਾਂ ਕਰਨ ਨਾਲ ਤੁਹਾਨੂੰ ਆਪਣੇ ਅਗੇਰੇ ਜੀਵਨ ਦੀ ਸਫਲਤਾ ਵਾਸਤੇ ਬਹੁਤ ਸੇਧ ਅਤੇ ਸਹਾਇਤਾ ਮਿਲੇਗੀ । ਸੋ ਨਵਾਂ ਸਾਲ ਬਹੁਤ ਬਹੁਤ ਮੁਬਾਰਕ ਤੇ ਹਾਰਦਿਕ ਸ਼ੁਭ ਕਾਮਨਾਵਾਂ ।

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ:)






## ਨਵੇਂ ਸਾਲ 'ਤੇ

# ਨਵੇਂ ਸਾਲ ਦੇ ਸਵਾਗਤ ਲਈ ਵਿਸ਼ਵ ਭਰ ਵਿੱਚ ਨਵੇਕਲੇ ਜਸ਼ਨ




– ਸੁਖਮੰਦਰ ਸਿੰਘ ਤੂਰ

ਵਿਸ਼ਵ ਭਰ ਵਿੱਚ ਨਵਾਂ ਸਾਲ ਵੱਖ–ਵੱਖ ਰੂਪਾਂ ਵਿੱਚ ਮਨਾਇਆ ਜਾਂਦਾ ਹੈ, ਇਸ ਦਿਨ ਬੱਚੇ, ਬਜ਼ੁਰਗ, ਜਵਾਨ ਅਤੇ ਔਰਤਾਂ ਨੱਚਦੇ ਗਾਉਂਦੇ, ਭੰਗੜਾ ਪਾਉਂਦੇ ਅਤੇ ਜਸ਼ਨ ਮਨਾਉਂਦੇ ਹਨ ਤੇ ਇਕ–ਦੂਜੇ ਨੂੰ ਵਧਾਈ ਦਿੰਦੇ ਹਨ। 1 ਜਨਵਰੀ ਤੋਂ ਸ਼ੁਰੂ ਹੋਣ ਵਾਲੇ ਇਸ ਸਾਲ ਦੀ ਸ਼ੁਰੂਆਤ ਈਸਾ ਤੋਂ 46 ਵਰ੍ਹੇ ਪਹਿਲਾਂ ਪ੍ਰਸਿੱਧ ਰੋਮਨ ਯੋਧਾ ਜੂਲੀਅਸ ਸੀਜ਼ਰ ਨੇ ਕੀਤੀ ਸੀ। ਉਦੋਂ ਤੋਂ ਇਸਾਈ ਧਰਮ ਦੇ ਨਾਲ–ਨਾਲ ਹੋਰ ਧਰਮਾਂ ਦੇ ਲੋਕ ਵੀ ਨਵੇਂ ਸਾਲ ਦਾ ਆਰੰਭ 1 ਜਨਵਰੀ ਤੋਂ ਕਰਦੇ ਹਨ, ਪਰ ਇਸਾਈ ਧਰਮ ਨੂੰ ਮੰਨਣ ਵਾਲੇ ਲੋਕ ਪਹਿਲੀ ਜਨਵਰੀ ਨੂੰ ਨਵੇਂ ਸਾਲ ਦਾ ਕੋਈ ਤਿਉਹਾਰ ਨਹੀਂ ਮਨਾਉਂਦੇ, ਉਹ ਵੀ ਦੂਜੇ ਧਰਮਾਂ ਦੇ ਲੋਕਾਂ ਵਾਂਗ ਹੀ ਨਵੇਂ ਸਾਲ ਦੀ ਸ਼ਾਮ 'ਤੇ ਉਤਸਵ ਮਨਾਉਂਦੇ ਹਨ।

ਉਂਝ ਇਸ ਖੁਸ਼ੀ ਦੀ ਸ਼ੁਰੂਆਤ 15 ਦਸੰਬਰ ਤੋਂ ਹੀ ਹੋ ਜਾਂਦੀ ਹੈ, ਪਰ ਅਸਲ ਆਨੰਦ ਤਾਂ 31 ਦਸੰਬਰ ਦੀ ਰਾਤ ਨੂੰ ਹੀ ਆਉਂਦਾ ਹੈ। ਸ਼ਾਮ ਨੂੰ ਜਿਉਂ ਹੀ ਘੜੀਆਂ 12 ਵੱਜਣ ਦਾ ਐਲਾਨ ਕਰਦੀਆਂ ਹਨ, ਨਵੇਂ ਸਾਲ ਦੀ ਨਵੀਂ ਸਵੇਰ ਦਾ ਐਲਾਨ ਹੋ ਜਾਂਦਾ ਹੈ। ਲੋਕ ਇਕ–ਦੂਜੇ ਨੂੰ ਵਧਾਈ ਦੇਣ ਲੱਗ ਪੈਂਦੇ ਹਨ ਅਤੇ ਨਾਲ ਹੀ ਨਵੇਂ ਸਾਲ ਦੇ ਜਸ਼ਨ ਸ਼ੁਰੂ ਹੋ ਜਾਂਦੇ ਹਨ।

ਹਰ ਦੇਸ਼ ਵਿੱਚ ਨਵਾਂ ਸਾਲ ਮਨਾਉਣ ਦਾ ਤਰੀਕਾ ਵੱਖਰਾ – ਵੱਖਰਾ ਹੈ। ਕੁਝ ਲੋਕ ਇਸ ਨੂੰ ਨੱਚ – ਗਾ ਕੇ ਮਨਾਉਂਦੇ ਹਨ ਅਤੇ ਕੁਝ ਇਕ–ਦੂਸਰੇ ਨੂੰ ਵਧਾਈ ਦੇ ਕੇ। ਵੱਖ – ਵੱਖ ਦੇਸ਼ਾਂ ਵਿੱਚ ਨਵਾਂ ਸਾਲ ਇਸ ਤਰ੍ਹਾਂ ਮਨਾਇਆ ਜਾਂਦਾ ਹੈ :

ਲੰਡਨ ਵਿੱਚ 31 ਦਸੰਬਰ ਦੀ ਰਾਤ ਨੂੰ ਪਿਕਾਡਲੀ ਸਰਕਸ ਅਤੇ ਟ੍ਰੈਫਲਗਰ ਸੁਕੇਅਰ ਵਿੱਚ ਬੜੀ ਰੌਣਕ ਹੁੰਦੀ ਹੈ। ਪਿਕਾਡਲੀ ਸਰਕਸ ਲੰਡਨ ਦਾ ਬਹੁਤ ਮਸ਼ਹੂਰ ਖੇਤਰ ਹੈ। ਇਹ ਰੌਣਕ ਸਾਰਾ ਦਿਨ ਰਹਿੰਦੀ ਹੈ । ਨਵੇਂ ਸਾਲ ਦੇ ਸਵਾਗਤ ਵਿੱਚ ਇੱਥੋਂ ਦੀਆਂ ਸਾਰੀਆਂ ਇਮਾਰਤਾਂ ਉੱਪਰ ਰੰਗ–ਬਰੰਗੀ ਰੌਸ਼ਨੀ ਕੀਤੀ ਜਾਂਦੀ ਹੈ। ਆਦਮੀ ਅਤੇ ਔਰਤਾਂ ਰੰਗ–ਬਰੰਗੀਆਂ ਟੋਪੀਆਂ ਲੈ ਕੇ ਸ਼ਰਾਬ ਦੇ ਨਸ਼ੇ ਵਿੱਚ ਡੁੱਬੇ ਨੱਚਦੇ, ਗਾਉਂਦੇ ਅਤੇ ਭੰਗੜੇ ਪਾਉਂਦੇ ਹਨ। 31 ਦਸੰਬਰ ਦੀ ਰਾਤ 12 ਵਜੇ ਇਕ ਧਮਾਕਾ ਹੁੰਦਾ ਹੈ, ਜਿਸ ਦਾ ਮਤਲਬ ਹੁੰਦਾ ਹੈ ਕਿ ਪੁਰਾਣਾ ਵਰ੍ਹਾ ਲੰਘ ਗਿਆ ਹੈ ਤੇ ਨਵਾਂ ਸਾਲ ਸ਼ੁਰੂ ਹੋ ਗਿਆ ਹੈ। ਇਸੇ ਸਮੇਂ ਲੋਕ ਇਕ – ਦੂਸਰੇ ਨੂੰ ਵਧਾਈਆਂ ਦਿੰਦੇ ਹਨ ਅਤੇ ਦਾਅਵਤਾਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ।

ਕੈਨੇਡਾ ਅਤੇ ਅਮਰੀਕਾ ਦੇ ਵੱਡੇ ਸ਼ਹਿਰਾਂ ਵਿੱਚ ਲੋਕ 31 ਦਸੰਬਰ ਦੀ ਰਾਤ ਨੂੰ ਨਾਈਟ ਕਲੱਬਾਂ, ਨਾਚ ਘਰਾਂ ਵਿੱਚ ਜਾਂਦੇ ਹਨ ਅਤੇ ਇਕ–ਦੂਜੇ ਨਾਲ ਖੁਸ਼ੀਆਂ ਸਾਂਝੀਆਂ ਕਰਦੇ ਹਨ। ਰੋਮਨ ਕੈਥੋਲਿਕ ਮਤ ਨੂੰ ਮੰਨਣ ਵਾਲੇ ਲੋਕ ਅੱਧੀ ਰਾਤ ਦੀ ਮਹਾਂਪੂਜਾ ਨੂੰ ਵੇਖਣ ਲਈ ਗਿਰਜਾਘਰ ਜਾਂਦੇ ਹਨ। ਰੋਮਨ ਕੈਥੋਲਿਕ ਗਿਰਜਾ ਘਰਾਂ ਵਿੱਚ ਇਹ ਮਹਾਂਪੂਜਾ ਬੜੀ ਭਗਤੀ ਅਤੇ ਕਲਾਤਮਕ ਢੰਗ ਨਾਲ ਕੀਤੀ ਜਾਂਦੀ ਹੈ। ਬਹੁਤੇ ਲੋਕ ਘਰਾਂ ਵਿੱਚ ਹੀ ਆਪਣੇ ਗਵਾਂਢੀਆਂ ਸਕੇ–ਸਬੰਧੀਆਂ ਅਤੇ ਦੋਸਤਾਂ ਨੂੰ ਪਾਰਟੀਆਂ ਦਿੰਦੇ ਹਨ। ਤੜਕੇ 12 ਵੱਜਣ 'ਤੇ ਇਕ – ਦੂਸਰੇ ਨੂੰ ਨਵੇਂ ਸਾਲ ਦੀ ਵਧਾਈ ਦਿੰਦੇ ਹਨ।

ਜਾਪਾਨ ਵਿੱਚ ਨਵੇਂ ਸਾਲ.'ਤੇ ਔਰਤਾਂ ਆਪਣੇ ਘਰਾਂ ਦੀ ਸਜਾਵਟ ਕਰਦੀਆਂ ਹਨ। ਘਰ ਦੇ ਬੂਹੇ 'ਤੇ ਚੀੜ ਦੀਆਂ ਟਾਹਣੀਆਂ ਅਤੇ ਹਰੇ ਬਾਂਸ ਦੇ ਟੋਟੇ ਰੱਖੇ ਜਾਂਦੇ ਹਨ। ਚੀੜ ਲੰਮੀ ਉਮਰ ਦਾ ਅਤੇ ਬਾਂਸ ਚੰਗੇ ਚਰਿੱਤਰ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਦਿਨ ਚੌਲਾਂ ਦਾ ਇਕ ਖਾਸ ਪਕਵਾਨ "ਮੋਰਜਾ" ਤਿਆਰ ਕੀਤਾ ਜਾਂਦਾ ਹੈ। ਹਰ ਜਾਪਾਨੀ ਨਵੇਂ ਸਾਲ ਦੇ ਦਿਨ ਆਪਣਾ ਪੁਰਾਣਾ ਕਰਜ਼ ਚੁਕਤਾ ਕਰ ਦੇਣਾ ਆਪਣਾ ਨੈਤਿਕ ਫਰਜ ਸਮਝਦਾ ਹੈ।

ਬਰਮਾ ਵਿੱਚ ਨਵੇਂ ਸਾਲ ਦੇ ਉਤਸਵ ਨੂੰ "ਤਿੰਜਾਨ" ਦਾ ਨਾਂ ਦਿੱਤਾ ਜਾਂਦਾ ਹੈ। ਇਸ ਦਿਨ ਸਵੇਰੇ ਹੀ ਮਹਾਤਮਾ ਬੁੱਧ ਦੀਆਂ ਮੂਰਤੀਆਂ ਨੂੰ ਇਤਰ ਵਾਲੇ ਪਾਣੀ ਨਾਲ ਇਸ਼ਨਾਨ ਕਰਵਾਇਆ ਜਾਂਦਾ ਹੈ। ਫਿਰ ਬੁੱਧ ਦੀ ਪ੍ਰਤਿਮਾ ਦੀ ਪੂਜਾ ਕੀਤੀ ਜਾਂਦੀ ਹੈ। ਬੱਚੇ ਜਵਾਨ, ਬੁੱਢੇ ਆਦਿ ਹਰ ਵਰਗ ਦੇ ਲੋਕ ਇਕ – ਦੂਸਰੇ ਉੱਪਰ ਸੁਗੰਧ ਵਾਲਾ ਪਾਣੀ ਸੁੱਟਦੇ ਹਨ। ਸਕਾਟਲੈਂਡ ਵਿੱਚ ਇਸ ਦਿਨ ਲੋਕ ਆਪਣੇ ਘਰ ਰਾਤੀਂ 12 ਵਜੇ ਤੋਂ ਬਾਅਦ ਆਉਣ ਵਾਲੇ ਪਹਿਲੇ ਮਹਿਮਾਨ ਦਾ ਬਹੁਤ ਨਿੱਘਾ ਸਵਾਗਤ ਕਰਦੇ ਹਨ। ਤਿੱਬਤ ਵਾਸੀ "ਨਵਾਂ ਸਾਲ" ਖੁਸ਼ੀ ਨਾਲ ਲੰਘੇ ਇਸ ਉਦੇਸ਼ ਨਾਲ "ਦਾਨਵ ਨਾਚ" ਕਰਦੇ ਹਨ। ਇਹ ਨਾਚ ਵੇਖਣਯੋਗ ਹੁੰਦਾ ਹੈ। ਕੁਝ ਹਿੱਸਿਆਂ ਵਿੱਚ ਤੀਰ ਚਲਾਉਣ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ।

ਯੂਨਾਨ ਵਿੱਚ ਨਵੇਂ ਸਾਲ ਦੀ ਰਾਤ 12 ਵੱਜ ਕੇ 1 ਮਿੰਟ 'ਤੇ ਗਿਰਜਾ ਘਰਾਂ ਦੇ ਪਿਛਲੇ ਪਾਸੇ ਇਕ ਸੋਨੇ ਦੀ ਮੁਦਰਾ ਦਫਨਾ ਦਿੱਤੀ ਜਾਂਦੀ ਹੈ ਤੇ ਉਸ ਉੱਪਰ ਕੋਈ ਰੁੱਖ ਲਗਾ ਦਿੱਤਾ ਦਿੱਤਾ ਹੈ। ਇਸ ਦਿਨ ਅਮੀਰ ਲੋਕ ਗਰੀਬਾਂ ਨੂੰ ਚਮੜੇ ਦੇ ਬੂਟ ਤੇ ਗਰਮ ਕੱਪੜੇ ਵੰਡਦੇ ਹਨ ਅਤੇ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੰਦੇ ਹਨ। ਮਾਰੀਸ਼ੀਅਸ ਵਿੱਚ ਲੋਕ ਇਸ ਦਿਨ ਨੂੰ ਮੁੱਖ ਦਿਨ ਵਾਂਗੂ ਮਨਾਉਂਦੇ ਹਨ। ਇਸ ਵਾਸਤੇ ਇਕ ਮਹੀਨਾ ਪਹਿਲਾਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਪਰਿਵਾਰ ਦੇ ਮੈਂਬਰ ਇਸ ਦਿਨ ਇਕ ਥਾਂ ਇਕੱਠੇ ਹੋ ਕੇ ਖਾਂਦੇ – ਪੀਂਦੇ ਅਤੇ ਜਸ਼ਨ ਮਨਾਉਂਦੇ ਹਨ। ਇਸ ਦਿਨ ਹਰ ਤਰ੍ਹਾਂ ਦੇ ਨਸ਼ੇ ਕਰਨ ਦੀ ਮਨਾਹੀ ਹੁੰਦੀ ਹੈ।

ਬਾਲੀ ਅਲ ਜਜ਼ੀਰਾ ਵਿੱਚ ਨਵੇਂ ਸਾਲ ਦੇ ਦਿਨ ਨੂੰ "ਗਾਲੁੰਗਨ" ਆਖਿਆ ਜਾਂਦਾ ਹੈ। ਇਸ ਦਿਨ ਹਰ ਪਾਸੇ ਖੁਸ਼ੀ ਦਾ ਮਾਹੌਲ ਹੁੰਦਾ ਹੈ। ਇਸ ਦਿਨ ਇੱਥੋਂ ਦੇ ਰਹਿਣ ਵਾਲੇ ਭੈਣ–ਭਰਾ ਇਕ – ਦੂਸਰੇ ਨੂੰ ਮਿਲਣ ਲਈ ਉਨ੍ਹਾਂ ਦੇ ਪਿੰਡ ਜਾਂਦੇ ਹਨ। ਹਫਤਾ ਭਰ ਕੋਈ ਕੰਮ ਨਹੀਂ ਕਰਦਾ ਅਤੇ ਦੁਕਾਨਾਂ ਅਤੇ ਕਾਰੋਬਾਰ ਬੰਦ ਰਹਿੰਦੇ ਹਨ। ਤਨਜਾਨੀਆਂ ਵਿੱਚ 30 ਦਸੰਬਰ ਦੀ ਸ਼ਾਮ ਨੂੰ ਹੀ ਨਾਚ – ਗਾਣੇ ਦੇ ਸਮਰੋਹ ਸ਼ੁਰੂ ਹੋ ਜਾਂਦੇ ਹਨ, ਜੋ 31 ਦਸੰਬਰ ਦੀ ਰਾਤ ਨੂੰ 12 ਵਜੇ ਤੱਕ ਚੱਲਦੇ ਹਨ । ਘਰ ਸਜਾਏ ਜਾਂਦੇ ਹਨ ਅਤੇ ਲੋਕ ਇਕ–ਦੂਜੇ ਨੂੰ ਮੁਬਾਰਕਾਂ ਦਿੰਦੇ ਹਨ।

ਅਫਰੀਕੀ ਦੇਸ਼ਾਂ ਵਿੱਚ ਸਾਲ ਦੇ ਆਖਰੀ ਦਿਨ ਲੋਕ ਆਪਣੇ ਘਰਾਂ ਵਿੱਚ ਅੱਗ ਬੁਝਾਅ ਦਿੰਦੇ ਹਨ ਅਤੇ ਨਵੇਂ ਸਾਲ ਦੇ ਪਹਿਲੇ ਦਿਨ ਫਿਰ ਅੱਗ ਬਾਲਦੇ ਹਨ। ਅਫਰੀਕਾ ਦੇ ਜੁਲੂ ਜਾਤੀ ਦੇ ਲੋਕ ਹਰ ਨਵੇਂ ਸਾਲ ਵਿੱਚ ਆਪਣਾ ਤਿਉਹਾਰ "ਯੂ–ਕਵੇਚਾਬਾਨਾ" ਬੜੀ ਸ਼ਾਨੋ–ਸ਼ੌਕਤ ਨਾਲ ਮਨਾਉਂਦੇ ਹਨ। ਨਵੇਂ ਸਾਲ ਦੇ ਦਿਨ ਸਮੂਹਿਕ ਵਿਆਹ ਹੁੰਦੇ ਹਨ। ਇਸ ਮੌਕੇ ਇੱਥੋਂ ਦਾ ਰਾਜਾ ਆਪਣੀ ਸੈਨਾ ਦਾ ਨਿਰੀਖਣ ਕਰਦਾ ਹੈ। ਦੱਖਣੀ ਅਫਰੀਕਾ ਵਿੱਚ ਨਵਾਂ ਸਾਲ ਰਾਸ਼ਟਰੀ ਤਿਉਹਾਰ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਦਿਨ ਰਾਸ਼ਟਰੀ ਛੁੱਟੀ ਹੁੰਦੀ ਹੈ।

ਈਰਾਨ ਵਿੱਚ ਨਵਾਂ ਸਾਲ ਦਾ ਉਤਸਵ "ਨੌਰੋਜ" ਕਹਾਉਂਦਾ ਹੈ। ਇਸ ਉਤਸਵ ਤੋਂ 15 ਦਿਨ ਪਹਿਲਾਂ ਘਰਾਂ ਵਿੱਚ ਕਣਕ ਜਾਂ ਜੌਂ ਬੀਜੇ ਜਾਂਦੇ ਹਨ। ਉਤਸਵ ਤਾਈਂ ਇਸ ਦੇ ਅੰਕੁਰ ਫੁੱਟ ਆਉਂਦੇ ਹਨ। ਇਸ ਦਿਨ ਕਿਸੇ ਬਰਤਨ ਆਦਿ ਵਿੱਚ ਪਾਣੀ ਭਰ ਕੇ ਇਹ ਫੁਟੇ ਹੋਏ ਅੰਕੁਰ ਪਾ ਦਿੱਤੇ ਜਾਂਦੇ ਹਨ। ਪਾਣੀ ਵਿੱਚ ਅੰਕੁਰ ਦਾ ਤੈਰਨਾ ਸ਼ੁਭ ਮੰਨਿਆ ਜਾਂਦਾ ਹੈ। ਇਸ ਦਿਨ ਪਵਿੱਤਰ ਕੁਰਾਨ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਸਮੁੱਚੇ ਭਾਈਚਾਰੇ ਲਈ ਦੁਆਵਾਂ ਮੰਗੀਆਂ ਜਾਂਦੀਆਂ ਹਨ।

ਦੂਸਰੇ ਦੇਸ਼ਾਂ ਦੀ ਤਰ੍ਹਾਂ ਭਾਰਤ ਵਿੱਚ ਵੀ ਨਵਾਂ ਸਾਲ ਜੋਸ਼ੋ–ਖਰੋਸ਼ ਨਾਲ ਮਨਾਇਆ ਜਾਂਦਾ ਹੈ। ਵੱਡੇ ਸ਼ਹਿਰਾਂ ਅਤੇ ਮਹਾਂਨਗਰਾਂ ਵਿਚ ਅਮੀਰ ਲੋਕ ਇਸ ਦਿਨ ਨਾਚ – ਕਲੱਬਾਂ ਵਿੱਚ ਜਾਂਦੇ ਹਨ ਅਤੇ ਖੂਬ ਜਸ਼ਨ ਮਨਾਉਂਦੇ ਹਨ ਅਤੇ ਇਕ–ਦੂਜੇ ਨੂੰ ਪਾਰਟੀਆਂ ਅਤੇ ਨਵੇਂ ਸਾਲ ਦੀਆਂ ਵਧਾਈਆਂ ਦਿੰਦੇ ਹਨ। ਪੇਂਡੂ ਖੇਤਰਾਂ ਵਿੱਚ ਲੋਕ ਆਪਣੇ – ਆਪਣੇ ਧਾਰਮਿਕ ਅਸਥਾਨਾਂ ਵਿੱਚ ਜਾਂਦੇ ਹਨ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਦੇ ਅਤੇ ਦੁਆਵਾਂ ਮੰਗਦੇ ਹਨ ਅਤੇ ਇਕ–ਦੂਜੇ ਨੂੰ ਵਧਾਈਆਂ ਦਿੰਦੇ ਹਨ। ਗੁਰਬਤ ਦੇ ਝੰਬੇ ਲੋਕਾਂ ਲਈ ਨਵੇਂ ਸਾਲ ਦਾ ਦਿਨ ਵੀ ਆਮ ਦਿਨਾਂ ਵਾਂਗ ਹੀ ਲੰਘ ਜਾਂਦਾ ਹੈ ਅਤੇ ਉਨ੍ਹਾਂ ਦੇ ਚਿਹਰਿਆਂ 'ਤੇ ਉਤਸ਼ਾਹ ਅਤੇ ਰੌਣਕ ਵੇਖਣ ਨੂੰ ਨਹੀਂ ਮਿਲਦੀ । ਇਸ ਤਰ੍ਹਾਂ ਹਰ ਦੇਸ਼ ਨਵਾਂ ਸਾਲ ਆਪਣੇ – ਆਪਣੇ ਢੰਗ ਨਾਲ ਮਨਾਉਂਦਾ ਹੈ।

ਪਿੰਡ ਤੇ ਡਾਕ – ਖੋਸਾ ਪਾਂਡੋ (ਮੋਗਾ)।



# ਅਲਵਿਦਾ 2025:




ਧੁੰਦ ਦੀ ਬੁੱਕਲ ਮਾਰ ਇਹ ਸਾਲ ਵਿਦਾ ਹੋ ਰਿਹਾ ਹੈ ਤੇ ਨਵਾਂ ਸਾਲ ਬਰੂਹਾਂ ’ਤੇ ਹੈ। ਬੀਤਿਆ ਵਰ੍ਹਾ ਆਪਣੇ ਨਾਲ ਕਈ ਯਾਦਾਂ ਲੈ ਕੇ ਜਾ ਰਿਹਾ ਹੈ ਇਨ੍ਹਾਂ ਵਿੱਚੋਂ ਕੁਝ ਪੋਹ ਦੇ ਦਿਨਾਂ ਵਿੱਚ ਨਿਕਲਣ ਵਾਲੀ ਉਸ ਕੋਸੀ ਧੁੱਪ ਵਰਗੀਆਂ ਹਨ, ਜਿਨ੍ਹਾਂ ਦਾ ਨਿੱਘ ਹਰ ਕੋਈ ਮਾਨਣਾ ਚਾਹੁੰਦਾ ਹੈ ਅਤੇ ਕੁੱਝ ਜੇਠ ਹਾੜ ਦੀਆਂ ਤਪਦੀਆਂ ਦੁਪਹਿਰਾਂ ਵਰਗੀਆਂ ਹਨ ਜਿਨ੍ਹਾਂ ਤੋਂ ਹਰ ਕੋਈ ਬਚ ਕੇ ਰਹਿੰਦਾ ਹੈ। ਬੀਤੇ ਸਾਲ ਦੀਆਂ ਅਜਿਹੀਆਂ ਹੀ ਕੁਝ ਯਾਦਾਂ ਅਸੀਂ ਤੁਹਾਡੇ ਨਾਲ ਸਾਂਝੀਆਂ ਕਰ ਰਹੇ ਹਾਂ।

ਇਸ ਸਾਲ ਦੀ ਸਭ ਤੋਂ ਵੱਡੀ ਘਟਨਾ ਵਿੱਚੋਂ ਇੱਕ ਪੰਜਾਬ ਨੇ 1988 ਤੋਂ ਬਾਅਦ ਸਭ ਤੋਂ ਭਿਆਨਕ ਹੜ੍ਹਾਂ ਦਾ ਸਾਹਮਣਾ ਕੀਤਾ, ਜਿਸ ਵਿੱਚ ਕਈ ਜ਼ਿਲ੍ਹੇ ਵੱਡੇ ਪੱਧਰ ’ਤੇ ਪ੍ਰਭਾਵਿਤ ਹੋਏ। ਇਨ੍ਹਾਂ ਹੜ੍ਹਾਂ ਕਾਰਨ ਕਿਸਾਨਾਂ ਦੀ ਕੁੱਲੀ ਜੁੱਲੀ ਅਤੇ ਖੇਤ ਵਹਿ ਗਏ, 50 ਤੋਂ ਵੱਧ ਲੋਕਾਂ ਦੀ ਜਾਨ ਚਲੀ ਗਈ। ਪਰ ਪੰਜਾਬੀਆਂ ਨੇ ਕੁਦਰਤੀ ਆਫ਼ਤ ਦਾ ਹੌਸਲੇ ਨਾਲ ਟਾਕਰਾ ਕੀਤਾ। ਇਸ ਦੌਰਾਨ ਸੂਬੇ ਨੇ 30,000 ਤੋਂ ਵੱਧ ਘਰਾਂ ਸਮੇਤ 13 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਝੱਲਿਆ।

ਉਧਰ ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਹੋਏ ਭਾਰਤ–ਪਾਕਿ ਟਕਰਾਅ ਦਾ ਨਤੀਜਾ ਵੀ ਪੰਜਾਬ ਦੀ ਧਰਤੀ ਨੇ ਭੁਗਤਿਆ ਸੂਬੇ ਦੇ ਸਰਹੱਦੀ ਜ਼ਿਲ੍ਹੇ ਅਲਰਟ ’ਤੇ ਰਹੇ, ਅੱਗ ਦੇ ਗੋਲੇ ਘਰਾਂ ਦੀਆਂ ਛੱਤਾਂ ਉੱਤੋਂ ਲੰਘਦੇ ਰਹੇ। ਪਰ ਪੰਜਾਬ ਦੇ ਲੋਕਾਂ ਆਪਣੀ ਦਲੇਰੀ ਨੂੰ ਸਾਬਿਤ ਕੀਤਾ।

ਚੰਗੇ ਭਵਿੱਖ ਲਈ ਘਰ ਛੱਡ ਅਮਰੀਕਾ ਗਏ ਭਾਰਤੀਆਂ ਖਾਸ ਕਰ ਪੰਜਾਬੀਆਂ ਨੂੰ ਫਰਵਰੀ ਮਹੀਨੇ ਦੇਸ਼ ਨਿਕਾਲੇ ਦੀ ਪੀੜ ਝੱਲਣੀ ਪਈ। ਹੱਥਕੜੀਆਂ ਅਤੇ ਬੇੜੀਆਂ ਨਾਲ ਬੱਝੇ ਕਰੀਬ ਸਵਾ ਸੌ ਨਿਰਾਸ਼ ਚਿਹਰੇ ਅਤੇ ਟੁੱਟੇ ਸੁਫਨਿਆਂ ਨੂੰ ਲੈ ਕੇ ਪਹਿਲਾ ਜਹਾਜ਼ ਅੰਮ੍ਰਿਤਸਰ ਉੱਤਰਿਆ।

ਸਿਆਸਤ ਦੀ ਗੱਲ ਕਰੀਏ ਤਾਂ ਸੱਤਾਧਾਰੀ ਆਮ ਆਦਮੀ ਪਾਰਟੀ ਨੂੰ ਸੂਬੇ ਵਿੱਚ ਅਮਨ–ਕਾਨੂੰਨ ਦੀ ਸਥਿਤੀ ਨੂੰ ਲੈ ਕੇ ਸਖ਼ਤ ਨਿੰਦਾ ਦਾ ਸਾਹਮਣਾ ਕਰਨਾ ਪਿਆ। ਹਾਲਾਂਕਿ ਫਰਵਰੀ ਵਿੱਚ ਪੰਜਾਬ ਸਰਕਾਰ ਵੱਲੋਂ 52 ਦਾਗੀ ਪੁਲੀਸ ਕਰਮੀਆਂ ਨੂੰ ਬਰਖਾਸਤ ਕੀਤਾ ਗਿਆ।

ਸ਼ੰਭੂ ਅਤੇ ਖਨੌਰੀ ਸਰਹੱਦਾਂ ਤੋਂ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਜ਼ਬਰਦਸਤੀ ਹਟਾਉਣ ’ਤੇ ਸੂਬਾ ਸਰਕਾਰ ਨੂੰ ਕਿਸਾਨਾਂ ਦੀ ਨਾਮੋਸ਼ੀ ਵੀ ਝੱਲਣੀ ਪਈ। ਪੰਜਾਬ ਸਰਕਾਰ ਨੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਅਪਰੈਲ 2025 ਵਿੱਚ ਹਾਈਬ੍ਰਿਡ ਝੋਨੇ ਦੀਆਂ ਕਿਸਮਾਂ ’ਤੇ ਪਾਬੰਦੀ ਲਗਾ ਦਿੱਤੀ। ਇਸ ਫੈਸਲੇ ਨੇ ਕਿਸਾਨ ਜਥੇਬੰਦੀਆਂ ਅਤੇ ਸਰਕਾਰ ਵਿਚਾਲੇ ਇੱਕ ਨਵੀਂ ਬਹਿਸ ਛੇੜੀ।

ਪਰ ਸਿਆਸੀ ਮੋਰਚੇ ’ਤੇ ਆਪ ਦੀ ਝੰਡੀ ਰਹੀ, ਲੁਧਿਆਣਾ ਪੱਛਮੀ ਅਤੇ ਤਰਨ ਤਾਰਨ ਵਿਧਾਨ ਸਭਾ ਜ਼ਿਮਨੀ ਚੋਣ ਹੋਵੇ ਜਾਂ ਪਰਿਸ਼ਦ ਚੋਣਾਂ ਆਮ ਆਦਮੀ ਪਾਰਟੀ ਨੇ ਦਬਦਬਾ ਕਾਇਮ ਰੱਖਿਆ।

ਫਰਵਰੀ ਵਿੱਚ ਗਿਆਨੀ ਹਰਪ੍ਰੀਤ ਸਿੰਘ ਨੂੰ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਦੇ ਆਹੁਦੇ ਤੋਂ ਫਾਰਗ ਕੀਤਾ ਗਿਆ। ਇਸ ਦੌਰਾਨ ਅਕਾਲੀ ਦਲ ਲਈ ਵੀ ਸਾਲ ਉਤਰਾਅ ਚੜਾਅ ਵਾਲਾ ਰਿਹਾ ਜਿੱਥੇ ਅਕਾਲੀ ਦਲ ਤੋਂ ਵੱਖਰੇ ਹੋਏ ਆਗੂ ਪਾਰਟੀ ਲਈ ਔਕੜਾਂ ਬਣੇ ਰਹੇ, ਉੱਥੇ ਹੀ ਜ਼ਿਲ੍ਹਾ ਪਰਿਸ਼ਦ ਚੋਣਾਂ ਦੌਰਾਨ ਪਾਰਟੀ ਵਿੱਚ ਥੋੜ੍ਹੀ ਜਾਨ ਪਈ।

ਅਕਾਲੀ ਆਗੂ ਬਿਕਰਮ ਮਜੀਠੀਆ ਦੀ ਗ੍ਰਿਫ਼ਤਾਰੀ, ਡੀਆਈਜੀ ਹਰਚਰਨ ਸਿੰਘ ਭੁੱਲਰ ਦੀ ਗ੍ਰਿਫਤਾਰੀ, ਅੰਮ੍ਰਿਤਸਰ ਵਿੱਚ ਜ਼ਹਿਰੀਲੀ ਸ਼ਰਾਬ ਵੀ ਸਿਆਸੀ ਗਲਿਆਰਿਆਂ ਵਿੱਚ ਵੱਡੀ ਚਰਚਾ ਬਣੀ ਰਹੀ।

ਕੇਂਦਰ ਸਰਕਾਰ ਵੱਲੋਂ ਚੰਡੀਗੜ੍ਹ ਨੂੰ ਆਰਟੀਕਲ 240 ਦੇ ਘੇਰੇ ਵਿੱਚ ਲਿਆਉਣ ਦੀਆਂ ਕੋਸ਼ਿਸ਼ਾਂ ਕਾਰਨ ਪੰਜਾਬ ਦਾ ਕੇਂਦਰ ਨਾਲ ਟਕਰਾਅ ਬਣਿਆ ਰਿਹਾ। ਇਸ ਦੇ ਨਾਲ ਹੀ ਪੰਜਾਬ ਯੂਨੀਵਰਸਿਟੀ ਵਿੱਚ ਸੈਨੇਟ ਸਬੰਧੀ ਫੈਸਲੇ ਅਤੇ ਬੀਬੀਐੱਮਬੀ ਨੂੰ ਲੈ ਕੇ ਕੇਂਦਰ ਨਾਲ ਪੰਜਾਬ ਦੀ ਤਲਖੀ ਬਣੀ ਰਹੀ।

ਖੇਡਾਂ ਦੀ ਗੱਲ ਕਰੀਏ ਤਾਂ ਕ੍ਰਿਕਟ ਦੇ ਮੈਦਾਨ ਵਿੱਚ ਮਹਿਲਵਾਂ ਦੀ ਝੰਡੀ ਰਹੀ, ਭਾਰਤੀ ਟੀਮ ਨੇ ਮੋਗਾ ਦੀ ਧੀ ਹਰਮਨਪ੍ਰੀਤ ਕੌਰ ਦੀ ਅਗਵਾਈ ਵਿੱਚ ਮਹਿਲਾ ਵਿਸ਼ਵ ਕੱਪ 2025 ਜ਼ਿੱਤਿਆ।

ਸਾਲ ਦੇ ਅਖੀਰਲੇ ਮਹੀਨਿਆਂ ਵਿੱਚ ਸਰਕਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੈਸ਼ਨ, ਅੰਮ੍ਰਿਤਸਰ, ਸ੍ਰੀ ਅਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਨੂੰ ਅਧਿਕਾਰਤ ਤੌਰ ’ਤੇ 'ਪਵਿੱਤਰ ਸ਼ਹਿਰ' ਦਾ ਐਲਾਨ ਇਤਿਹਾਸਕ ਫੈਸਲਿਆਂ ਵਜੋਂ ਵੱਡੀ ਚਰਚਾ ਵਿੱਚ ਰਿਹਾ।

ਇਸ ਸਾਲ ਪੰਜਾਬ ਨੇ ਕੁੱਝ ਖਾਸ ਸ਼ਖਸੀਅਤਾਂ ਨੂੰ ਵੀ ਗਵਾ ਦਿੱਤਾ, ਜਿੰਨ੍ਹਾਂ ਵਿੱਚ ਦੁਨੀਆ ਦੇ ਸਭ ਤੋਂ ਬਜ਼ੁਰਗ ਮੈਰਾਥਨ ਦੌੜਾਕ ਫੌਜਾ ਸਿੰਘ (114) , ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ , ਹਾਸਿਆਂ ਦਾ ਰਾਜਾ ਜਸਵਿੰਦਰ ਭੱਲਾ , ਗਾਇਕ ਰਾਜਵੀਰ ਜਵੰਦਾ ਅਤੇ ਬਾਲੀਵੁੱਡ ਅਦਾਕਾਰ ਧਰਮਿੰਦਰ ਪੰਜਾਬੀਆਂ ਨੂੰ ਕੁੱਝ ਖਾਸ ਅਤੇ ਨਾ ਮਿਟਣ ਵਾਲੀਆਂ ਯਾਦਾਂ ਦੇ ਗਏ।

# ਸਰਦੀਆਂ ‘ਚ ਕਿਉਂ ਵਧ ਜਾਂਦਾ ਹੈ ਸਿਰਦਰਦ ਤੇ ਮਾਇਗ੍ਰੇਨ ਦਾ ਖਤਰਾ?



ਸਰਦੀਆਂ ਦਾ ਮੌਸਮ ਆਉਂਦੇ ਹੀ ਬਹੁਤ ਸਾਰੇ ਲੋਕਾਂ ਨੂੰ ਸਿਰਦਰਦ ਤੇ ਮਾਈਗ੍ਰੇਨ ਦੀ ਸਮੱਸਿਆ ਪ੍ਰੇਸ਼ਾਨ ਕਰਨ ਲੱਗਦੀ ਹੈ। ਠੰਡੀ ਸਵੇਰ, ਧੁੱਪ ਦੀ ਕਮੀ ਤੇ ਬਦਲਿਆ ਹੋਇਆ ਰੁਟੀਨ ਸਰੀਰ ‘ਤੇ ਸਿੱਧਾ ਅਸਰ ਪਾਉਂਦਾ ਹੈ। ਕਈ ਵਾਰ ਸਵੇਰੇ ਉਠਦੇ ਹੀ ਸਿਰ ਭਾਰੀ ਲੱਗਦਾ ਹੈ ਤਾਂ ਕਦੇ ਠੰਡੀ ਹਵਾ ਲੱਗਦੇ ਹੀ ਤੇਜ਼ ਦਰਦ ਸ਼ੁਰੂ ਹੋ ਜਾਂਦਾ ਹੈ। ਖਾਸ ਕਰਕੇ ਮਾਈਗ੍ਰੇਨ ਦੇ ਮਰੀਜ਼ਾਂ ਲਈ ਸਰਦੀਆਂ ਕਿਸੇ ਚੁਣੌਤੀ ਤੋਂ ਘੱਟ ਨਹੀਂ। ਆਯੁਰੇਦ ਤੇ ਆਧੁਨਿਕ ਵਿਗਿਆਨ ਦੋਵੇਂ ਮੰਨਦੇ ਹਨ ਕਿ ਮੌਸਮ ਵਿਚ ਬਦਲਾਅ ਨਾਲ ਸਰੀਰ ਦਾ ਸੰਤੁਲਨ ਵਿਗੜਦਾ ਹੈ ਜਿਸ ਨਾਲ ਸਿਰ ਦਰਦ ਦੀ ਸਮੱਸਿਆ ਵਧ ਜਾਂਦੀ ਹੈ।

### ਠੰਡੀ ਹਵਾ ਦਾ ਸਿਰ ‘ਤੇ ਸਿੱਧਾ ਅਸਰ

ਸਰਦੀਆਂ ਵਿਚ ਜਦੋਂ ਠੰਡੀ ਹਵਾ ਸਿੱਧੇ ਮੱਥੇ, ਕੰਨ ਜਾਂ ਗਰਦਨ ‘ਤੇ ਲੱਗਦੀ ਹੈ ਤਾਂ ਸਿਰ ਦੀਆਂ ਨਸਾਂ ਸਿਕੁੜ ਜਾਂਦੀਆਂ ਹਨ। ਇਸ ਨਾਲ ਦਿਮਾਗ ਤੱਕ ਜਾਣ ਵਾਲਾ ਬਲੱਡ ਫਲੋਅ ਅਚਾਨਕ ਬਦਲ ਜਾਂਦਾ ਹੈ ਤੇ ਸਿਰ ਵਿਚ ਤੇਜ਼ ਦਰਦ ਹੋਣ ਲੱਗਦਾਹੈ। ਕਈ ਲੋਕ ਇਸ ਨੂੰ ਬ੍ਰੇਨ ਫ੍ਰੀਜ ਵਰਗਾ ਦਰਦ ਦੱਸਦੇ ਹਨ। ਆਯੁਰਵੇਦ ਮੁਤਾਬਕ ਠੰਡ ਵਧਣ ਨਾਲ ਵਾਤ ਦੋਸ਼ ਅੰਸੁਤਿਲਤ ਹੋ ਜਾਂਦਾ ਹੈ ਜੋ ਨਸਾਂ ਨਾਲ ਜੁੜੀਆਂ ਸਮੱਸਿਆਵਾਂ ਤੇ ਦਰਦ ਨੂੰ ਵਧਾਉਂਦਾ ਹੈ। ਇਹੀ ਵਜ੍ਹਾ ਹੈ ਕਿ ਠੰਡ ਵਿਚ ਸਿਰ ਨੂੰ ਢੱਕ ਕੇ ਰੱਖਣਾ ਬਹੁਤ ਜ਼ਰੂਰੀ ਮੰਨਿਆ ਜਾਂਦਾ ਹੈ।

### ਪਾਣੀ ਘੱਟ ਪੀਣਾ ਵੀ ਹੈ ਕਾਰਨ

ਸਰਦੀਆਂ ਵਿਚ ਪਿਆਸ ਘੱਟ ਲੱਗਦੀ ਹੈ, ਇਸ ਲਈ ਲੋਕ ਪਾਣੀ ਪੀਣਾ ਭੁੱਲ ਜਾਂਦੇ ਹਨ। ਸਰੀਰ ਵਿਚ ਪਾਣੀ ਦੀ ਕਮੀ ਹੋਣ ਨਾਲ ਖੂਨ ਗਾੜ੍ਹਾ ਹੋ ਜਾਂਦਾ ਹੈ ਤੇ ਦਿਮਾਗ ਤੱਕ ਆਕਸੀਜਨ ਦੀ ਸਪਲਾਈ ਸਹੀ ਤਰ੍ਹਾਂ ਨਹੀਂ ਪਹੁੰਚ ਪਾਉਂਦੀ। ਇਸ ਦਾ ਅਸਰ ਸਿੱਧੇ ਸਿਰਦਰਦ ਵਜੋਂ ਦਿਖਦਾ ਹੈ। ਮਾਈਗ੍ਰੇਨ ਦੇ ਮਰੀਜ਼ਾਂ ਵਿਚ ਡਿਹਾਈਡ੍ਰੇਸ਼ਨ ਦਰਦ ਨੂੰ ਹੋਰ ਵਧਾ ਸਕਦਾ ਹੈ। ਇਸ ਲਈ ਸਰਦੀਆਂ ਵਿਚ ਸਹੀ ਮਾਤਰਾ ਵਿਚ ਪਾਣੀ ਪੀਣਾ ਬਹੁਤ ਜ਼ਰੂਰੀ ਹੈ।

### ਧੁੱਪ ਦੀ ਕਮੀ ਤੇ ਵਿਟਾਮਿਨ ਡੀ

ਸਰਦੀਆਂ ਵਿਚ ਧੁੱਪ ਘੱਟ ਨਿਕਲਦੀ ਹੈ ਜਿਸ ਨਾਲ ਸਰੀਰ ਵਿਚ ਵਿਟਾਮਿਨ ਡੀ ਦੀ ਕਮੀ ਹੋ ਸਕਦੀ ਹੈ। ਵਿਟਾਮਿਨ ਡੀ ਦਾ ਸਿੱਧਾ ਸਬੰਧ ਸੇਰੋਟੋਨਿਨ ਹਾਰਮੋਨ ਨਾਲ ਹੁੰਦਾ ਹੈ ਜੋ ਮੂਡ ਤੇ ਦਰਦ ਨੂੰ ਕੰਟਰੋਲ ਕਰਦਾ ਹੈ। ਜਦੋਂ ਸੇਰੋਟੋਨਿਨ ਦਾ ਪੱਧਰ ਘੱਟ ਹੁੰਦਾ ਹੈ ਤਾਂ ਮਾਈਗ੍ਰੇਨ ਦਾ ਖਤਰਾ ਵਧ ਜਾਂਦਾ ਹੈ। ਆਯੁਰਵੇਦ ਵਿਚ ਇਸ ਨੂੰ ਪਿੱਤ ਦੋਸ਼ ਦੇ ਅਸੰਤੁਲਨ ਨਾਲ ਜੋੜਿਆ ਜਾਂਦਾ ਹੈ। ਰੋਜ਼ ਥੋੜ੍ਹੀ ਦੇਰ ਧੁੱਪ ਵਿਚ ਬੈਠਣਾ ਇਸ ਸਮੱਸਿਆ ਤੋਂ ਬਚਾਅ ਵਿਚ ਮਦਦ ਕਰ ਸਕਦਾ ਹੈ।

### ਭਾਰੀ ਰਜਾਈ ਤੇ ਗਲਤ ਪੋਸਚਰ ਦੀ ਸਮੱਸਿਆ

ਠੰਡ ਵਿਚ ਲੋਕ ਭਾਰੀ ਰਜਾਈ ਲੈ ਕੇ ਇਕ ਹੀ ਪੁਜੀਸ਼ਨ ਵਿਚ ਕਈ ਘੰਟਿਆਂ ਤੱਕ ਸੁੱਤੇ ਰਹਿੰਦੇ ਹਨ। ਇਸ ਨਾਲ ਗਰਦਨ ਤੇ ਮੋਢਿਆਂ ਦੀਆਂ ਮਾਸਪੇਸ਼ੀਆਂ ‘ਤੇ ਜ਼ਿਆਦਾ ਦਬਾਅ ਪੈਂਦਾ ਹੈ। ਇਹੀ ਦਬਾਅ ਹੌਲੀ–ਹੌਲੀ ਸਿਰਦਰਦ ਦਾ ਕਾਰਨ ਬਣ ਜਾਂਦਾ ਹੈ। ਸਰਵਾਈਕਲ ਨਾਲ ਜੁੜਿਆ ਸਿਰਦਰਦ ਸਰਦੀਆਂ ਵਿਚ ਜ਼ਿਆਦਾ ਦੇਖਣ ਨੂੰ ਮਿਲਦਾ ਹੈ। ਸਹੀ ਸਿਰਹਾਣਾ ਤੇ ਸੋਨੇ ਦੀ ਸਹੀ ਪੁਜ਼ੀਸ਼ਨ ਅਪਨਾਉਣਾ ਬਹੁਤ ਜ਼ਰੂਰੀ ਹੈ।






# ਆਨਲਾਈਨ ਰਿਸ਼ਤੇ ਬਨਾਮ ਅਸਲ ਰਿਸ਼ਤੇ

ਅਜੋਕੇ ਸਮਾਜਿਕ ਜੀਵਨ ਵਿੱਚ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਨੇ ਜਿੱਥੇ ਲੋਕਾਂ ਵਿੱਚ ਸਮੇਂ ਦੀ ਅਤੇ ਭੂਗੋਲਿਕ ਦੂਰੀ ਘਟਾਈ ਹੈ, ਉੱਥੇ ਹੀ ਅਸਲ ਰਿਸ਼ਤਿਆਂ ਵਿਚਲੇ ਨਿੱਘ ਨੂੰ ਖੋਰਾ ਵੀ ਲਾਇਆ ਹੈ। ਅਜਿਹੇ ਤਕਨੀਕੀ ਸਾਧਨਾਂ ਨੇ ਪਰਿਵਾਰਕ ਮੈਂਬਰਾਂ ਵਿੱਚ ਅਨੇਕਾਂ ਤਰੀਕਿਆਂ ਨਾਲ ਬੇਭਰੋਸਗੀ ਵਾਲੇ ਹਾਲਾਤ ਵੀ ਪੈਦਾ ਕੀਤੇ ਹਨ। ਪੁਰਾਣੇ ਸਮਿਆਂ ਵਿੱਚ ਲੋਕਾਂ ਵਿੱਚ ਆਪਸੀ ਮੋਹ-ਪਿਆਰ ਅਤੇ ਮੁਹੱਬਤ ਹੁੰਦੀ ਸੀ। ਲੋਕ ਇੱਕ-ਦੂਜੇ ਨੂੰ ਮਿਲਣ ਦੀ ਤਾਂਘ ਰੱਖਦੇ ਸਨ। ਉਨ੍ਹਾਂ ਸਮਿਆਂ ਵਿੱਚ ਲੋਕਾਂ ਵਿੱਚ ਦਿਖਾਵਟੀ ਰਿਸ਼ਤੇ ਨਹੀਂ ਸਨ ਸਗੋਂ ਭਾਵਨਾ-ਭਰਪੂਰ ਅਤੇ ਧੁਰਾਂ ਦੇ ਅਸਲ ਰਿਸ਼ਤੇ ਹੁੰਦੇ ਸਨ। ਲੋਕ ਇੱਕ-ਦੂਜੇ ਨੂੰ ਮਿਲ ਕੇ ਦੁੱਖ-ਸੁੱਖ ਫਰੋਲਿਆ ਕਰਦੇ ਸਨ। ਉਨ੍ਹਾਂ ਦਾ ਆਪਸ ਵਿੱਚ ਮਿਲ ਕੇ ਘੰਟਿਆਂ ਬੱਧੀ ਗੱਲਾਂ ਕਰਦੇ ਰਹਿਣਾ, ਆਮ ਗੱਲ ਹੁੰਦੀ ਸੀ।

ਦਰਅਸਲ, ਲੋਕ ਇੱਕ-ਦੂਜੇ ਨੂੰ ਦਿਲੋਂ ਪਿਆਰ ਕਰਦੇ ਸਨ ਅਤੇ ਦਿਲ ਦੀਆਂ ਗੱਲਾਂ ਸਾਂਝੀਆਂ ਕਰਦੇ ਸਨ, ਪਰ ਕਦੇ ਵੀ ਦਿਲਾਂ ਨਾਲ ਖੇਡਿਆ ਨਹੀਂ ਸੀ ਕਰਦੇ। ਉਨ੍ਹਾਂ ਸਮਿਆਂ ਵਿੱਚ ਇੱਕ-ਦੂਜੇ ਨੂੰ ਸਨੇਹੇ ਭੇਜਣ ਜ਼ਰੀਏ ਤਾਂ ਭਾਵੇਂ ਅੱਜ ਦੀ ਤਰ੍ਹਾਂ ਜ਼ਿਆਦਾ ਤੇਜ਼ ਨਹੀਂ ਸੀ ਹੁੰਦੇ, ਪਰ ਇੱਕ ਦੂਜੇ ਤੋਂ ਕੋਹਾਂ ਦੂਰ ਬੈਠੇ ਹੋਣ ਦੇ ਬਾਵਜੂਦ ਉਨ੍ਹਾਂ ਅੰਦਰ ਦਿਲਾਂ ਦੀ ਸਾਂਝ ਜ਼ਰੂਰ ਹੁੰਦੀ ਸੀ। ਜੇ ਇੱਕ ਦੂਜੇ ਨਾਲ ਚਿੱਠੀ ਜਾਂ ਖ਼ਤ ਰਾਹੀਂ ਖ਼ਤੋ-ਖ਼ਿਤਾਬਤ ਕੀਤੀ ਜਾਂਦੀ ਸੀ, ਪਰ ਇਨ੍ਹਾਂ ਚਿੱਠੀਆਂ-ਖ਼ਤਾਂ ਵਿੱਚ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਦਿਲੋਂ ਅਤੇ ਭਾਵਨਾ ਨਾਲ ਭਰਪੂਰ ਹੁੰਦਾ ਸੀ।

ਅਜੋਕੇ ਸਮੇਂ ਵਿੱਚ ਇਲੈਕਟ੍ਰਾਨਿਕ ਸਾਧਨਾਂ ਨਾਲ ਦੂਰ-ਦੁਰਾਡੇ ਬੈਠੇ ਰਿਸ਼ਤੇਦਾਰਾਂ ਨਾਲ ਵੀ ਗੱਲਾਂ-ਬਾਤਾਂ ਕਰਨਾ ਤਾਂ ਭਾਵੇਂ ਆਸਾਨ ਹੋ ਗਿਆ ਹੈ, ਪਰ ਗੱਲਾਂ ਵਿੱਚ ਪਹਿਲੇ ਸਮਿਆਂ ਵਾਲੀ ਦਿਲਾਂ ਦੀ ਤੇਹ ਅਤੇ ਸਨੇਹ ਨਹੀਂ ਰਿਹਾ। ਅੱਜ ਆਦਮੀ ਕੋਲ ਅਨੇਕਾਂ ਐਸੇ ਸਾਧਨ ਉਪਲੱਬਧ ਹਨ ਜੋ ਕਿ ਝੱਟ-ਪੱਟ ਹੀ ਦੂਜੇ ਬੰਦੇ ਤੱਕ ਪਹੁੰਚ ਕਰਾ ਦਿੰਦੇ ਹਨ। ਜਿਵੇਂ ਕਿ ਆਡੀਓ ਅਤੇ ਵੀਡੀਓ ਕਾਲਾਂ ਰਾਹੀਂ ਹਜ਼ਾਰਾਂ ਕਿਲੋਮੀਟਰ ਦੂਰ ਬੈਠੇ ਸੱਜਣਾਂ-ਮਿੱਤਰਾਂ ਨਾਲ ਮਿੰਟਾਂ-ਸਕਿੰਟਾਂ ਵਿੱਚ ਗੱਲ ਕਰਨੀ ਸੌਖੀ ਹੋ ਗਈ ਹੈ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਡਿਜੀਟਲ ਯੁੱਗ ਵਿੱਚ ਇੱਕ ਦੂਜੇ ਨਾਲ ਸੰਪਰਕ ਬਣਾਏ ਜਾਣ ਲਈ ਅਪਣਾਏ ਜਾਂਦੇ ਇਨ੍ਹਾਂ ਤਕਨੀਕੀ ਢੰਗ ਤਰੀਕਿਆਂ ਦੇ ਦੌਰ ਵਿੱਚ ਨਿੱਜੀ, ਘਰੇਲੂ ਅਤੇ ਸਮਾਜਿਕ ਰਿਸ਼ਤਿਆਂ ਦੀ ਅਹਿਮੀਅਤ ਕਿਤੇ ਜ਼ਿਆਦਾ ਘੱਟ ਗਈ ਹੈ। ਹੁਣ ਤਾਂ ਆਮ ਰਿਸ਼ਤਿਆਂ ਦੀ ਜਗ੍ਹਾ ਇੰਟਰਨੈੱਟ ਦੇ ਰਿਸ਼ਤਿਆਂ ਨੇ ਲੈ ਲਈ ਹੈ। ਇੰਟਰਨੈੱਟ ਦੇ ਰਿਸ਼ਤੇ ਉਹ ਰਿਸ਼ਤੇ ਹੁੰਦੇ ਹਨ ਜਿਹੜੇ ਕਿ ਆਨ-ਲਾਈਨ ਚੈਨਲਾਂ ਜਿਵੇਂ ਕਿ ਵਟ੍ਹਸਐਪ, ਫੇਸਬੁੱਕ, ਈ-ਮੇਲ ਜਾਂ ਵੀਡੀਓ ਕਾਨਫਰੰਸਿੰਗ ਆਦਿ ਰਾਹੀਂ ਬਣਾਏ ਜਾਂਦੇ ਹਨ। ਕਿਉਂਕਿ ਇਹ ਰਿਸ਼ਤੇ ਤਕਨੀਕੀ ਮਾਧਿਅਮਾਂ ਰਾਹੀਂ ਬਣਾਏ ਜਾਂਦੇ ਹਨ, ਇਸ ਲਈ ਇਨ੍ਹਾਂ ਨੂੰ ਤਕਨੀਕੀ ਰਿਸ਼ਤੇ ਵੀ ਕਹਿ ਦਿੱਤਾ ਜਾਂਦਾ ਹੈ।

ਇਸ ਗੱਲ 'ਚ ਕੋਈ ਦੋ ਰਾਇ ਨਹੀਂ ਕਿ ਇੰਟਰਨੈੱਟ ਦੇ ਰਿਸ਼ਤਿਆਂ ਦੇ ਆਪਣੇ ਕਈ ਫਾਇਦੇ ਹਨ। ਜੇਕਰ ਨਿੱਜੀ ਰਿਸ਼ਤਿਆਂ ਅਤੇ ਘਰੇਲੂ ਰਿਸ਼ਤਿਆਂ ਨੂੰ ਛੱਡ ਕੇ ਵਪਾਰਕ ਰਿਸ਼ਤਿਆਂ ਅਤੇ ਵਪਾਰਕ ਕੰਮਾਂ-ਕਾਰਾਂ ਦੀ ਗੱਲ ਕਰੀਏ ਤਾਂ ਇਸ ਖੇਤਰ ਨੂੰ ਪ੍ਰਫੁੱਲਿਤ ਕਰਨ ਵਿੱਚ ਇੰਟਰਨੈੱਟ ਦੇ ਰਿਸ਼ਤਿਆਂ ਨੇ ਬੇਹੱਦ ਸ਼ਲਾਘਾਯੋਗ ਯੋਗਦਾਨ ਪਾਇਆ ਹੈ। ਇਨ੍ਹਾਂ ਵਿੱਚੋਂ ਕੁਝ ਹਨ ਜਿਵੇਂ ਈ-ਕਾਮਰਸ, ਮੋਬਾਈਲ ਬੈਂਕਿੰਗ, ਆਨ-ਲਾਈਨ-ਕਲਾਸਾਂ, ਆਨ-ਲਾਈਨ ਗੇਮਿੰਗ ਰਿਸ਼ਤੇ, ਆਨ-ਲਾਈਨ ਵਪਾਰਕ ਰਿਸ਼ਤੇ, ਆਨ-ਲਾਈਨ ਗਾਹਕ ਜੋੜੂ ਰਿਸ਼ਤੇ, ਸਿਹਤ ਸੇਵਾਵਾਂ ਦੇਣ ਵਾਲਿਆਂ ਦੇ ਆਪਣੇ ਮਰੀਜ਼ਾਂ ਨਾਲ ਡਿਜੀਟਲ ਰਿਸ਼ਤੇ, ਆਨ-ਲਾਈਨ ਡੇਟਿੰਗ ਰਿਸ਼ਤੇ ਅਤੇ ਆਪਣੇ ਭਾਈਵਾਲਾਂ ਜਾਂ ਸਹਿਕਰਮੀਆਂ ਨਾਲ ਬਣਾਏ ਜਾਣ ਵਾਲੇ ਪੇਸ਼ੇਵਾਰਾਨਾ ਰਿਸ਼ਤੇ ਆਦਿ। ਈ-ਕਾਮਰਸ ਇੱਕ ਅਜਿਹਾ ਡਿਜੀਟਲ ਮਾਧਿਅਮ ਹੈ ਜਿਸ ਰਾਹੀਂ ਐਮਾਜ਼ਾਨ ਅਤੇ ਫਲਿਪਕਾਰਟ ਵਰਗੀਆਂ ਅਨੇਕਾਂ ਕੰਪਨੀਆਂ ਲੋਕਾਂ ਨੂੰ ਆਪਣੀਆਂ ਵਸਤਾਂ ਵੇਚਦੀਆਂ ਹਨ। ਮੋਬਾਈਲ ਬੈਂਕਿੰਗ ਦੁਆਰਾ ਆਦਮੀ ਆਪਣੇ ਘਰ 'ਚ ਹੀ ਬੈਠਾ ਦੂਜੇ ਆਦਮੀ ਨੂੰ ਰੁਪਈਆਂ ਦਾ ਭੁਗਤਾਨ ਕਰ ਸਕਦਾ ਹੈ। ਇਸ ਤੋਂ ਇਲਾਵਾ ਲੋਕ ਅੱਜ-ਕੱਲ੍ਹ ਬਾਜ਼ਾਰ ਵਿੱਚ ਆਫ-ਲਾਈਨ ਖਰੀਦਦਾਰੀ ਦਾ ਭੁਗਤਾਨ ਵੀ ਇੰਟਰਨੈੱਟ ਦੁਆਰਾ ਕਰਦੇ ਹਨ। ਇੱਕ ਅੰਦਾਜ਼ੇ ਮੁਤਾਬਕ ਪਿਛਲੇ ਦਸ ਕੁ ਸਾਲਾਂ ਵਿੱਚ ਆਨ-ਲਾਈਨ ਤਰੀਕੇ ਨਾਲ ਕੀਤੀ ਜਾਂਦੀ ਭੁਗਤਾਨਾਂ ਦੀ ਰਕਮ 100 ਗੁਣਾ ਤੱਕ ਵੱਧ ਚੁੱਕੀ ਹੈ। ਵਿਦਿਅਕ ਅਦਾਰਿਆਂ ਵੱਲੋਂ ਆਪਣੇ ਵਿਦਿਆਰਥੀਆਂ ਨੂੰ ਆਨ-ਲਾਈਨ ਕਲਾਸਾਂ ਦੁਆਰਾ ਹੀ ਪੜ੍ਹਾਈ ਦੇ ਲੈਕਚਰ ਦੇ ਦਿੱਤੇ ਜਾਂਦੇ ਹਨ। 2020 ਦੀ ਕੋਰੋਨਾ ਮਹਾਮਾਰੀ ਤੋਂ ਬਾਅਦ ਆਨ-ਲਾਈਨ ਕਲਾਸਾਂ ਦਾ ਰੁਝਾਨ ਤੇਜ਼ੀ ਨਾਲ ਵਧਿਆ ਹੈ। ਇਸੇ ਤਰ੍ਹਾਂ ਜੀਵਨ ਬੀਮਾ ਕੰਪਨੀਆਂ, ਸਿਹਤ ਬੀਮਾ ਕੰਪਨੀਆਂ, ਮੋਬਾਈਲ ਸੇਵਾ ਕੰਪਨੀਆਂ ਅਤੇ ਗੈਸ ਸਪਲਾਈ ਕੰਪਨੀਆਂ ਲੋਕਾਂ ਨਾਲ ਇੰਟਰਨੈੱਟ ਮਾਧਿਅਮ ਰਾਹੀਂ ਆਪਣੇ ਸੰਪਰਕ ਬਣਾਉਂਦੀਆਂ ਹਨ ਅਤੇ ਇਸੇ ਮਾਧਿਅਮ ਰਾਹੀਂ ਧਨ ਦੇ ਭੁਗਤਾਨ ਨੂੰ ਪਹਿਲ ਦਿੰਦੀਆਂ ਹਨ।



ਅਜੋਕੇ ਸਮੇਂ ਵਿੱਚ ਨਿੱਜੀ ਅਤੇ ਸਮਾਜਿਕ ਰਿਸ਼ਤਿਆਂ ਨਾਲੋਂ ਡਿਜੀਟਲ-ਸਮਾਜਿਕ ਰਿਸ਼ਤਿਆਂ ਦੀ ਅਹਿਮੀਅਤ ਬਹੁਤ ਜ਼ਿਆਦਾ ਵਧ ਗਈ ਹੈ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਅਜੋਕੇ ਮਸ਼ੀਨੀ ਯੁੱਗ ਵਿੱਚ ਹਰੇਕ ਆਦਮੀ ਤਕਨੀਕ-ਯੁਕਤ ਪ੍ਰੰਤੂ ਦਿਲੀ ਭਾਵਨਾਵਾਂ ਤੋਂ ਸੱਖਣਾ ਹੋ ਚੁੱਕਿਆ ਹੈ। ਰੂਹ ਨਾਲ ਨਿਭਾਏ ਜਾਣ ਵਾਲੇ ਰਿਸ਼ਤੇ ਅਤੀਤ ਕਾਲ ਦੀ ਘਟਨਾ ਬਣ ਚੁੱਕੀ ਹੈ। ਨਾਲ ਦੀ ਨਾਲ ਇੰਟਰਨੈੱਟ ਦੇ ਰਿਸ਼ਤਿਆਂ ਵਿੱਚ ਭੂਗੋਲਿਕ ਦੂਰੀ ਕਾਫ਼ੀ ਹੱਦ ਤੱਕ ਘੱਟ ਜਾਂਦੀ ਹੈ ਅਤੇ ਰੁਪਏ-ਪੈਸੇ ਅਤੇ ਸਮੇਂ ਦੀ ਕਾਫ਼ੀ ਹੱਦ ਤੱਕ ਬੱਚਤ ਹੋ ਜਾਂਦੀ ਹੈ। ਭਾਵੇਂ ਤੁਸੀਂ ਸੱਤ ਸਮੁੰਦਰ 'ਤੇ ਇੱਕ ਦੂਜੇ ਕੋਲੋਂ ਜਿੰਨੀ ਮਰਜ਼ੀ ਦੂਰ ਬੈਠੇ ਹੋਵੋ ਤਾਂ ਵੀ ਇੱਕ ਦੂਜੇ ਦੇ ਸੰਪਰਕ ਵਿੱਚ ਰਹਿ ਸਕਦੇ ਹੋ। ਆਦਮੀ ਆਪਣੇ ਹਮ-ਵਿਚਾਰਾਂ ਵਾਲੇ ਅਤੇ ਆਪਣੇ ਸੁਭਾਅ ਨਾਲ ਰਲਦੇ-ਮਿਲਦੇ ਲੋਕਾਂ ਨਾਲ ਆਸਾਨੀ ਨਾਲ ਸਬੰਧ ਬਣਾ ਸਕਦਾ ਹੈ। ਇਸ ਤੋਂ ਇਲਾਵਾ ਡਿਜੀਟਲ ਪਲੇਟਫਾਰਮ ਗਿਆਨ ਪ੍ਰਾਪਤੀ ਅਤੇ ਵਿਦਿਆ ਹਾਸਲ ਕਰਨ ਦਾ ਵੀ ਇੱਕ ਸ਼ਾਨਦਾਰ ਮਾਧਿਅਮ ਬਣਿਆ ਹੋਇਆ ਹੈ। ਇੰਟਰਨੈੱਟ ਦੇ ਰਿਸ਼ਤੇ ਐਮਰਜੈਂਸੀ ਹਾਲਤਾਂ ਵਿੱਚ ਆਦਮੀ ਲਈ ਬਹੁਤ ਹੀ ਫ਼ਾਇਦੇਮੰਦ ਹੋ ਸਕਦੇ ਹਨ। ਜਿਵੇਂ ਅਚਨਚੇਤੀ ਹਾਲਤਾਂ ਵਿੱਚ ਕਿਸੇ ਨੂੰ ਖੂਨ ਦੀ ਲੋੜ ਪੈ ਜਾਵੇ ਤਾਂ ਅਜਿਹੀ ਅਵਸਥਾ ਵਿੱਚ ਫੌਰੀ ਸਹਾਇਤਾ ਪ੍ਰਾਪਤ ਕਰਨ ਦਾ ਡਿਜੀਟਲ ਪਲੇਟਫਾਰਮ ਤੋਂ ਵਧੀਆ ਅਤੇ ਤੇਜ਼ ਢੰਗ ਹੋਰ ਕੋਈ ਨਹੀਂ ਹੋ ਸਕਦਾ।

ਇੰਟਰਨੈੱਟ ਦੇ ਰਿਸ਼ਤਿਆਂ ਦੀਆਂ ਅਨੇਕਾਂ ਚਣੌਤੀਆਂ ਵੀ ਹਨ। ਉਦਾਹਰਨ ਵਜੋਂ ਇੰਟਰਨੈੱਟ ਦੇ ਰਿਸ਼ਤੇ ਬਣਾ ਕੇ ਆਦਮੀ ਦੇ ਅਨੇਕਾਂ ਸੱਜਣ-ਮਿੱਤਰ ਅਤੇ ਸਹਿਯੋਗੀ ਤਾਂ ਜ਼ਰੂਰ ਬਣ ਜਾਂਦੇ ਹਨ, ਪਰ ਉਹ ਦੂਰ-ਦੁਰਾਡੇ ਹੋਣ ਕਰਕੇ ਅਤੇ ਨਿੱਜੀ ਸੰਪਰਕ ਵਿੱਚ ਨਾ ਹੋਣ ਕਰਕੇ ਉਹ ਲੋੜ ਪੈਣ 'ਤੇ ਆਦਮੀ ਦੇ ਕੰਮ ਨਹੀਂ ਆ ਸਕਦੇ। ਇਸ ਤਰ੍ਹਾਂ ਇੰਨੇ ਸੱਜਣ-ਮਿੱਤਰ ਹੋਣ ਦੇ ਬਾਵਜੂਦ ਆਦਮੀ ਇਕਲਾਪੇ ਅਤੇ ਅੱਡਰੇਪਨ ਦਾ ਸ਼ਿਕਾਰ ਹੋਇਆ ਰਹਿੰਦਾ ਹੈ। ਡਿਜੀਟਲ ਰਿਸ਼ਤਿਆਂ ਦੀ ਸਭ ਤੋਂ ਵੱਡੀ ਘਾਟ ਇਹ ਹੈ ਕਿ ਇਸ ਨਾਲ ਆਦਮੀ ਦੀ ਨਿੱਜਤਾ ਦਾ ਲੁਕਾਅ-ਛਿਪਾਅ ਨਹੀਂ ਰਹਿ ਜਾਂਦਾ। ਆਪਣੀਆਂ ਨਿੱਜੀ ਜਾਣਕਾਰੀਆਂ ਨੂੰ ਜਨਤਕ ਕਰਨ ਨਾਲ ਤੁਹਾਡੇ ਨਾਲ ਵਿੱਤੀ ਧੋਖੇਬਾਜ਼ੀਆਂ ਹੋ ਸਕਦੀਆਂ ਹਨ। ਨਿੱਜੀ ਰਿਸ਼ਤਿਆਂ ਦੀ ਬਜਾਏ ਇੰਟਰਨੈੱਟ ਰਿਸ਼ਤਿਆਂ ਉੱਤੇ ਨਿਰਭਰ ਕਰਨ ਨਾਲ ਅਸਲ ਜ਼ਿੰਦਗੀ ਦੀ ਭਾਵਨਾਤਮਕ ਸਾਂਝ ਗੁਆਚ ਜਾਂਦੀ ਹੈ। ਇਨ੍ਹਾਂ ਰਿਸ਼ਤਿਆਂ ਨਾਲ ਇੱਕ ਦੂਜੇ ਦੇ ਅੰਦਰੂਨੀ ਦੁੱਖਾਂ ਨੂੰ ਜਾਂ ਭਾਵਨਾਵਾਂ ਨੂੰ ਉਸ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ ਜਿਵੇਂ ਕਿ ਇੱਕ ਦੂਜੇ ਦੇ ਆਮ੍ਹਣੇ-ਸਾਮ੍ਹਣੇ ਬੈਠ ਕੇ ਅਤੇ ਇੱਕ ਦੂਜੇ ਦੇ ਚਿਹਰੇ ਨੂੰ ਵੇਖ ਕੇ ਸਮਝਿਆ ਜਾ ਸਕਦਾ। ਇੰਟਰਨੈੱਟ ਦੇ ਰਿਸ਼ਤੇ ਕਾਇਮ ਕਰਨ ਲਈ ਆਦਮੀ ਨੂੰ ਲੰਮਾ ਸਮਾਂ ਮੋਬਾਈਲ ਦੀਆਂ ਐਪਾਂ ਦੀ ਵਰਤੋਂ ਕਰਨੀ ਪੈਂਦੀ ਹੈ ਅਤੇ ਇਸ ਤਰ੍ਹਾਂ ਇੰਟਰਨੈੱਟ ਦੀ ਜ਼ਿਆਦਾ ਵਰਤੋਂ ਕਰਨ ਨਾਲ ਆਦਮੀ ਡਿਜੀਟਲ ਨਸ਼ੇ ਦਾ ਆਦੀ ਹੋ ਜਾਂਦਾ ਹੈ।

ਜਦੋਂ ਅਸੀਂ ਕਿਸੇ ਨੂੰ ਮਿਲਦੇ ਹਾਂ ਤਾਂ ਉਸ ਦੇ ਹਾਵ-ਭਾਵ ਵੇਖ ਕੇ ਨਿੱਜੀ ਤੌਰ 'ਤੇ ਆਪਣੇ ਸਾਹਮਣੇ ਚਿਹਰੇ ਦੀਆਂ ਭਾਵਨਾਵਾਂ ਅਤੇ ਸਰੀਰਕ ਹਾਂ। ਉਸ ਦਾ ਇਰਾਦਾ ਜਾਂ ਮਨਸ਼ਾ ਸਮਝ ਜਾਂਦੇ ਡਿਜੀਟਲ ਰਿਸ਼ਤਿਆਂ ਵਿੱਚ ਇਹ ਸਾਰਾ ਕੁਝ ਸੰਭਵ ਨਹੀਂ ਹੁੰਦਾ। ਇੱਕ ਗੱਲ ਹੋਰ ਕਿ ਨਿੱਜੀ ਤੌਰ 'ਤੇ ਮਿਲ ਕੇ ਬਣੇ ਰਿਸ਼ਤਿਆਂ ਵਿੱਚ ਹੱਥ ਮਿਲਾਉਣ ਨਾਲ ਅਤੇ ਗਲਵੱਕੜੀ ਪਾਉਣ ਨਾਲ ਰਿਸ਼ਤਿਆਂ ਵਿੱਚ ਨਿੱਘ ਪੈਦਾ ਹੁੰਦਾ ਹੈ ਜੋ ਕਿ ਡਿਜੀਟਲ ਰਿਸ਼ਤਿਆਂ ਵਿੱਚ ਸੰਭਵ ਨਹੀਂ ਹੁੰਦਾ ਹੈ। ਨਿੱਜੀ ਤੌਰ 'ਤੇ ਮਿਲ ਕੇ ਅਸੀਂ ਆਪਣੀ ਭਾਵਨਾਤਮਕ ਬੁੱਧੀ ਦੀ ਵਰਤੋਂ ਕਰਕੇ ਸਾਹਮਣੇ ਵਾਲੇ ਆਦਮੀ ਨੂੰ ਸਮਝਣ ਅਤੇ ਉਸ ਨੂੰ ਆਪਣੇ ਅਨੁਸਾਰ ਢਾਲਣ ਵਿੱਚ ਸਫਲ ਹੋ ਜਾਂਦੇ ਹਾਂ ਜੋ ਕਿ ਇੰਟਰਨੈੱਟ ਦੇ ਰਿਸ਼ਤਿਆਂ ਵਿੱਚ ਸੰਭਵ ਨਹੀਂ ਹੁੰਦਾ। ਵੈਸੇ ਵੀ ਆਨ-ਲਾਈਨ ਰਿਸ਼ਤਿਆਂ ਵਿੱਚ ਆਪਣੀਆਂ ਭਾਵਨਾਵਾਂ ਨੂੰ ਕੰਟਰੋਲ ਵਿੱਚ ਰੱਖਣਾ ਅਤੇ ਦੂਜੇ ਦੀਆਂ ਭਾਵਨਾਵਾਂ ਨੂੰ ਸਮਝ ਪਾਉਣਾ ਮੁਸ਼ਕਿਲ ਹੁੰਦਾ ਹੈ।

ਅਸ਼ਵਨੀ ਕੁਮਾਰ
ਸੰਪਰਕ: 62842-20595

# ਨਵਾਂ ਸ਼ਹਿਰ... ਨਵੇਂ ਲੋਕ...



ਚੰਡੀਗੜ੍ਹ ਸ਼ਿਫਟ ਹੋਣ ਮਗਰੋਂ ਛੇਤੀ ਹੀ ਇਹਨਾਂ ਨੂੰ ਦੋ ਮਹੀਨੇ ਦੀ ਟਰੇਨਿੰਗ ਲਈ ਬੰਗਲੌਰ ਨਿੱਕਲਣਾ ਪਿਆ...ਨਵਾਂ ਸ਼ਹਿਰ...ਨਵੇਂ ਲੋਕ..ਸਾਰਾ ਕੁਝ ਹੀ ਵੱਖਰਾ ਜਿਹਾ ਲੱਗਦਾ ਸੀ..!

ਇੱਕ ਦਿਨ ਬੂਹੇ ਤੇ ਦਸਤਕ ਹੋਈ..ਕੋਈ ਵੀਹਾਂ ਬਾਈਆਂ ਸਾਲਾਂ ਦੀ ਅਣਜਾਣ ਜਿਹੀ ਕੁੜੀ ਸੀ..ਗੋਡਿਆਂ ਤੋਂ ਪਾਟੀ ਹੋਈ ਟਾਈਟ ਜੀਨ..ਕੰਨਾਂ ਵਿਚ ਈਅਰ ਪਲੱਗ..ਨੱਕ ਵਿਚ ਨੱਥ..ਸਾਰਾ ਕੁਝ ਬੜਾ ਹੀ ਅਜੀਬ ਜਿਹਾ ਲੱਗਾ!

"ਹੈਲੋ" ਆਖ ਅੰਦਰ ਲੰਘ ਆਈ ਤੇ ਆਖਣ ਲੱਗੀ "ਆਂਟੀ ਨਾਲ ਹੀ ਤੀਜੀ ਮੰਜਿਲ ਵਾਲੇ ਫਲੈਟ ਵਿਚ ਰਹਿੰਦੀ ਹਾਂ..ਕੱਲ ਨੂੰ ਮੇਰਾ ਇੱਕ ਪਾਰਸਲ ਆਉਣਾ..ਜੇ ਬੁਰਾ ਨਾ ਮੰਨੋਂ ਤਾਂ ਲੈ ਕੇ ਰੱਖ ਲੈਣਾ..ਮੈਂ ਪੈਸੇ ਦੇ ਦਿਆਂਗੀ ਬਾਅਦ ਵਿਚ..ਨਾਲ ਹੀ ਆਪਣਾ ਨੰਬਰ ਇੱਕ ਪਰਚੀ ਤੇ ਲਿਖ ਟੇਬਲ ਤੇ ਰੱਖ ਦਿੱਤਾ ਤੇ ਥੈਂਕ ਯੂ ਆਖਦੀ ਹੋਈ ਬਾਹਰ ਨੂੰ ਨਿੱਕਲ ਗਈ!

"ਅਜੀਬ ਵਰਤਾਰਾ ਸੀ..ਨਾ ਜਾਣ ਤੇ ਨਾ ਪਹਿਚਾਣ..ਇਹ ਵੀ ਪਤਾ ਨੀ ਪਾਰਸਲ ਵਿਚ ਕੀ ਹੋਵੇਗਾ?

ਨਸ਼ੇ ਵੰਡਦੀ ਅੱਜਕੱਲ ਦੀ ਇਹ ਨਵੀਂ ਪੀੜੀ ਦਾ ਕੀ ਭਰੋਸਾ..ਨਿਰੀ ਸਿਰਦਰਦੀ ਦਾ ਘਰ..ਚੰਗਾ ਹੋਇਆ ਮੇਰੀ ਕੋਈ "ਕੁੜੀ" ਨਹੀਂ..ਨਹੀਂ ਤੇ ਪਤਾ ਨਹੀਂ ਕੀ ਕੀ?

ਉਸ ਦਿਨ ਮਗਰੋਂ ਮੇਰਾ ਧਿਆਨ ਅਕਸਰ ਹੀ ਉਸਦੇ ਫਲੈਟ ਵੱਲ ਚਲਾ ਜਾਇਆ ਕਰਦਾ..ਦੇਰ ਰਾਤ ਤੱਕ ਚੱਲਦਾ ਰਹਿੰਦਾ ਮਹਿਫ਼ਿਲਾਂ ਦਾ ਇੱਕ ਵੱਡਾ ਦੌਰ..ਉਚੀ ਵਾਜ ਵਾਲਾ ਗੀਤ ਸੰਗੀਤ..ਖਾਣ ਪੀਣ..ਡਾਂਸ ਤੇ ਰੌਣਕ ਮੇਲਾ..ਅਤੇ ਹੋਰ ਵੀ ਪਤਾ ਨਹੀਂ ਕੀ ਕੀ..!

ਅਕਸਰ ਸੋਚਦੀ ਰਹਿੰਦੀ "ਪਤਾ ਨਹੀਂ ਸੌਂਦੀ ਕਿਹੜੇ ਵੇਲੇ ਹੋਵੇਗੀ ਅਤੇ ਕੰਮ ਕਿਹੜਾ ਕਰਦੀ ਹੋਵੇਗੀ"?

ਇੱਕ ਦਿਨ ਸੁਵੇਰ ਉਠਦਿਆਂ ਹੀ ਮੈਨੂੰ ਮਹਿਸੂਸ ਹੋਣ ਲੱਗ ਗਿਆ ਜਿਦਾਂ ਸਾਰਾ ਸਰੀਰ ਸਰਵਾਈਕਲ ਦੇ ਵੱਡੇ ਅਟੈਕ ਨਾਲ ਜਕੜਿਆਂ ਪਿਆ ਸੀ...।

ਮਸਾਂ ਚਾਹ ਦੀ ਪਤੀਲੀ ਧਰੀ ਹੀ ਸੀ ਕੇ ਇੰਝ ਜਾਪਿਆ ਜਿੱਦਾਂ ਪੀੜ ਨਾਲ ਹੁਣੇ ਹੀ ਮਰ ਜਾਵਾਂਗੀ..ਉੱਤੋਂ ਬੇਗਾਨਾ ਸ਼ਹਿਰ ਅਤੇ ਬੇਗਾਨੇ ਲੋਕ..ਹੁਣ ਬੁਲਾਵਾਂ ਵੀ ਤਾਂ ਕਿਸ ਨੂੰ?
ਅਚਾਨਕ ਫੋਨ ਲਾਗੇ ਪਈ ਹੋਈ ਉਸਦੀ ਲਿਖੀ ਪਰਚੀ ਦਿਸ ਪਈ..ਛੇਤੀ ਨਾਲ ਉਸਦਾ ਨੰਬਰ ਘੁਮਾ ਦਿੱਤਾ..ਮਗਰੋਂ ਐਸਾ ਚੱਕਰ ਆਇਆ ਕੇ ਕੰਨੀ ਪੈਂਦੀ 'ਹੈਲੋ-ਹੈਲੋ' ਦੀ ਹਲਕੀ ਜਿਹੀ ਅਵਾਜ ਦਾ ਜੁਆਬ ਦੇਣ ਦੀ ਹਿੰਮਤ ਤੱਕ ਵੀ ਨਾ ਰਹੀ..ਤੇ ਮੁੜ ਬੇਹੋਸ਼ ਹੋ ਕੇ ਓਥੇ ਹੀ ਡਿੱਗ ਪਈ..!

ਜਦੋਂ ਹੋਸ਼ ਆਇਆ ਤਾਂ ਓਹੀ ਕੁੜੀ ਸਿਰਹਾਣੇ ਬੈਠੀ ਹੋਈ ਮੇਰੇ ਵਾਲਾਂ ਵਿਚ ਹਲਕਾ ਹਲਕਾ ਜਿਹਾ ਹੱਥ ਫੇਰ ਰਹੀ ਸੀ..।

ਕੋਲ ਖਲੋਤੀ ਨਰਸ ਦੱਸਣ ਲੱਗੀ ਕੇ ਇਹੋ ਹੀ ਉਸ ਦਿਨ ਤਿੰਨ ਮੰਜਿਲਾਂ ਉਚੀ ਬਿਨਾ ਕੰਢੇ ਵਾਲੀ ਬਾਲਕੋਨੀ ਟੱਪ ਅੰਦਰ ਆ ਕੇ ਮੈਨੂੰ ਹਸਪਤਾਲ ਲੈ ਕੇ ਆਈ ਸੀ ਤੇ ਪਿਛਲੇ ਤਿੰਨ ਤੋਂ ਇਹ ਤੇ ਇਸਦੇ ਸਾਥੀ ਹੀ ਦਿਨ ਰਾਤ ਮੇਰੀ ਦੇਖਭਾਲ ਵਿਚ ਲੱਗੇ ਹੋਏ ਹਨ!

ਮੁੜ ਉਹ ਆਪ ਹੀ ਹਸਪਤਾਲ ਦੇ ਬਿੱਲ ਦੀ ਅਦਾਇਗੀ ਕਰ ਮੈਨੂੰ ਆਪਣੇ ਘਰ ਲੈ ਆਈ..। ਉਸਦੇ ਘਰ ਵਿਚ ਏਨੀ ਸਫਾਈ ਕੇ ਬਸ ਪੁਛੋ ਨਾ..ਉਸਨੇ ਮੈਨੂੰ ਅੰਦਰ ਮੰਜੇ ਤੇ ਪਈ ਅਧਰੰਗ ਨਾਲ ਪੀੜਤ ਆਪਣੀ ਮਾਂ ਨਾਲ ਵੀ ਮਿਲਾਇਆ..!

ਉਸਦੀ ਮਾਂ ਨੇ ਗੱਲਾਂ ਗੱਲਾਂ ਵਿਚ ਦਸਿਆ ਕੇ ਨੌਕਰੀ ਦੇ ਨਾਲ ਨਾਲ ਕਾਲਜ ਵੇਲੇ ਦੇ ਦੋਸਤਾਂ ਨਾਲ ਮਿਲ ਕੇ ਇੱਕ ਐਨ.ਜੀ.ਓ ਗਰੁੱਪ ਬਣਾਇਆ ਹੋਇਆ ਹੈ ਜਿਹੜਾ ਲਾਗੇ ਚਾਗੇ ਝੁੱਗੀ-ਝੌਂਪੜੀ ਵਿਚ ਰਹਿੰਦੇ ਕਿੰਨੇ ਡਾਰੇ ਗਰੀਬ ਬੱਚਿਆਂ ਨੂੰ ਮੁਫ਼ਤ ਟਿਊਸ਼ਨ ਪੜਾਉਂਦਾ ਹੈ ਤੇ ਓਹਨਾ ਦੀ ਸਕੂਲ ਦੀ ਫੀਸ ਅਤੇ ਵਰਦੀਆਂ ਦਾ ਬੰਦੋਬਸਤ ਵੀ ਕਰਦਾ ਏ..!

ਏਨੀਆਂ ਗੱਲਾਂ ਸੁਣ ਸੋਚਣ ਲਈ ਮਜਬੂਰ ਹੋ ਗਈ ਕੇ ਨਵੇਂ ਜਮਾਨੇ ਦੇ ਤੌਰ ਤਰੀਕਿਆਂ ਨਾਲ ਵਿੱਚਰਦੇ ਹੋਏ ਕਿੰਨੇ ਸਾਰੇ ਸਾਫ ਦਿਲ "ਰੱਬ"..ਸ਼ਾਇਦ ਲੰਮੇ ਚੋਲਿਆਂ ਵਾਲੇ ਓਹਨਾ ਹਜਾਰਾਂ ਪਾਖੰਡੀਆਂ ਤੋਂ ਕਈ ਗੁਣਾਂ ਬੇਹਤਰ ਹਨ ਜਿਹੜੇ ਲੋਕਾਂ ਵਿਚ ਅਣਗਿਣਤ ਭਰਮ ਭੁਲੇਖੇ ਪੈਦਾ ਕਰ ਦਿਨੋਂ ਦਿਨ ਆਪਣੇ ਢੇਰ ਉਚੇ ਕਰਨ ਵਿਚ ਰੁੱਝੇ ਹੋਏ ਨੇ..!

ਅਖੀਰ ਕਿੰਨੇ ਦਿਨਾਂ ਮਗਰੋਂ ਮੇਰੀ ਆਪਣੇ ਘਰ ਮੁੜ ਵਾਪਸੀ ਹੋਈ..ਪਰ ਪਤਾ ਨਹੀਂ ਇੰਝ ਕਿਓਂ ਲੱਗੀ ਜਾ ਰਿਹਾ ਸੀ ਜਿੱਦਾਂ ਮੈਂ ਆਪਣੀ "ਰੂਹ" ਓਥੇ ਹੀ ਛੱਡ ਆਈ ਹੋਵਾਂ..!

ਜਦੋਂ ਦੀ ਪਰਤ ਕੇ ਆਈ ਹਾਂ ਮਨ ਵਿਚ ਬਾਰ ਬਾਰ ਬੱਸ ਇਹੋ ਗੱਲ ਆਈ ਜਾ ਰਹੀ ਸੀ ਕਾਸ਼ ਉਸ ਵਰਗੀ ਮੇਰੀ ਵੀ ਕੋਈ "ਧੀ" ਹੁੰਦੀ..!

ਹਰਪ੍ਰੀਤ ਸਿੰਘ ਜਵੰਦਾ

# ਵਧਾਈ ਸੰਦੇਸ਼ਾਂ ਦਾ ਬਦਲਦਾ ਰੂਪ




ਅਤੇ ਆਪਣਾਪਨ ਲੁਕਿਆ ਹੁੰਦਾ। ਕਾਰਡਾਂ 'ਤੇ ਲਿਖੇ ਕੁਝ ਸ਼ਬਦ ਸਾਲਾਂ ਤੱਕ ਸਾਂਭ ਕੇ ਰੱਖੇ ਜਾਂਦੇ। ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀ ਤਾਂ ਆਪਣੇ ਹੱਥੀਂ ਬਣਾਏ ਖ਼ੂਬਸੂਰਤ ਕਾਰਡਾਂ ਰਾਹੀਂ ਦੋਸਤਾਂ ਅਤੇ ਅਧਿਆਪਕਾਂ ਨੂੰ ਵਧਾਈ ਦੇ ਕੇ ਆਪਣੇ ਜਜ਼ਬਾਤ ਨੂੰ ਬਿਆਨ ਕਰਦੇ।

ਪਰ ਜਿਵੇਂ-ਜਿਵੇਂ ਸਮੇਂ ਨੇ ਅੱਗੇ ਵੱਲ ਕਦਮ ਵਧਾਏ, ਤਕਨਾਲੋਜੀ ਨੇ ਮਨੁੱਖੀ ਸੰਵੇਦਨਾਵਾਂ ਨੂੰ ਪਿੱਛੇ ਛੱਡ ਦਿੱਤਾ। ਆਧੁਨਿਕ ਯੁਗ ਨੇ ਵਧਾਈ ਦੇਣ ਦੇ ਪੁਰਾਣੇ ਤਰੀਕਿਆਂ ਨੂੰ ਲਗਭਗ ਖਤਮ ਹੀ ਕਰ ਦਿੱਤਾ। ਅੱਜ ਨਵੇਂ ਸਾਲ,ਲੋਹੜੀ,ਵਿਸਾਖੀ,ਦੀਵਾਲੀ ਜਾਂ ਕਿਸੇ ਹੋਰ ਦਿਨ ਮੌਕੇ 'ਤੇ ਮੋਬਾਈਲ ਫੋਨ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਮੈਸੇਜਾਂ ਅਤੇ ਇਮੋਜੀਆਂ ਨਾਲ ਭਰ ਜਾਂਦੇ ਹਨ। ਹੁਣ ਵਧਾਈ ਭੇਜਣ ਲਈ ਕਿਸੇ ਵਿਸ਼ੇਸ਼ ਯਤਨ ਦੀ ਲੋੜ ਨਹੀਂ ਰਹੀ,ਸਿਰਫ਼ ਮੋਬਾਈਲ ਫੋਨ ਤੇ ਇੱਕ ਅੰਗੂਠੇ ਦੀ ਛੂਹ ਨਾਲ ਸੰਦੇਸ਼ ਦੂਜਿਆ ਤੀਕ ਪਹੁੰਚ ਜਾਂਦਾ ਹੈ।

ਤਕਨਾਲੋਜੀ ਨੇ ਜਿੱਥੇ ਇਹ ਵਧਾਈ ਸੁਨੇਹੇ ਦੇਣ ਦੀ ਰਫ਼ਤਾਰ ਨੂੰ ਤੇਜ਼ ਕੀਤੀ, ਉੱਥੇ ਹੀ ਮਨੁੱਖੀ ਰਿਸ਼ਤਿਆਂ ਨੂੰ ਮਸ਼ੀਨੀ ਯੁੱਗ ਵੱਲ ਧੱਕ ਦਿੱਤਾ। ਕਦੇ ਲੋਕ ਆਪਣੇ ਦੋਸਤਾਂ ਅਤੇ ਪਰਿਵਾਰ ਨਾਲ ਸਮਾਂ ਬਿਤਾਉਣ ਨੂੰ ਤਰਜੀਹ ਦਿੰਦੇ ਸਨ, ਅੱਜ ਉਹੀ ਖ਼ੁਸ਼ੀਆਂ ਸਿਰਫ਼ ਡਿਜ਼ੀਟਲ ਸਕਰੀਨਾਂ ਤੱਕ ਹੀ ਸੀਮਿਤ ਹੋ ਕੇ ਰਹਿ ਗਈਆਂ।

ਵਧਾਈ ਸੰਦੇਸ਼ ਦੇਣ ਦੇ ਢੰਗ ਹਮੇਸ਼ਾਂ ਤੋਂ ਹੀ ਸਮੇਂ ਦੀ ਧਾਰ ਨਾਲ ਬਦਲਦੇ ਰਹੇ ਹਨ। ਪ੍ਰਾਚੀਨ ਕਾਲ ਵਿੱਚ ਜਦੋਂ ਸੰਚਾਰ ਦੇ ਸਾਧਨ ਸੀਮਿਤ ਸਨ, ਤਾਂ ਵਧਾਈਆਂ ਕਬੂਤਰਾਂ ਅਤੇ ਦੂਤਾਂ ਰਾਹੀਂ ਦਿਲੋਂ ਦਿਲਾਂ ਤੱਕ ਪਹੁੰਚਦੀਆਂ ਸਨ। ਭਾਰਤ ਵਿੱਚ ਰਾਜੇ ਮਹਾਰਾਜਿਆਂ ਵਲੋਂ ਕੇਲੇ ਦੇ ਪੱਤਿਆਂ, ਕਪੜਿਆਂ ਅਤੇ ਸੋਨੇ-ਚਾਂਦੀ ਦੇ ਪੱਤਲਾਂ ਉੱਤੇ ਲਿਖੇ ਵਧਾਈ ਸੁਨੇਹਿਆਂ ਨੂੰ ਭੇਜਣ ਅਤੇ ਲੈਣ ਦੀ ਵੀ ਇਕ ਵਿਲੱਖਣ ਪਰੰਪਰਾ ਰਹੀ ਹੈ। ਚੀਨ ਅਤੇ ਮਿਸਰ ਵਰਗੇ ਦੇਸ਼ਾਂ ਵਿੱਚ ਅੱਜ ਵੀ ਇਤਿਹਾਸਕ ਸਬੂਤ ਮਿਲਦੇ ਹਨ, ਜਿੱਥੇ ਇੱਤਰ ਦੀਆਂ ਸ਼ੀਸ਼ੀਆਂ ਉੱਤੇ ਲਿਖੇ ਵਧਾਈ ਸੰਦੇਸ਼ ਮਨੁੱਖੀ ਭਾਵਨਾਵਾਂ ਦੀ ਮਹਿਕ ਨੂੰ ਬਿਖੇਰਦੇ ਰਹੇ ਹਨ।

ਸਮਾਂ ਬਦਲਿਆ ਤਾਂ ਰਿਸ਼ਤਿਆਂ ਵਿੱਚ ਜੋਸ਼ ਅਤੇ ਪਿਆਰ ਦੀ ਨਵੀਂ ਖ਼ੁਸ਼ਬੂ ਭਰਨ ਲਈ ਗ੍ਰੀਟਿੰਗ ਕਾਰਡਾਂ ਨੇ ਜਨਮ ਲਿਆ। ਬਾਜ਼ਾਰਾਂ ਵਿੱਚ ਇੱਕ ਰੁਪਏ ਤੋਂ ਲੈਕੇ ਹਜ਼ਾਰਾਂ ਰੁਪਿਆਂ ਤੱਕ ਦੇ ਸੁੰਦਰ ਅਤੇ ਆਕਰਸ਼ਕ ਵਧਾਈ ਕਾਰਡ ਉਪਲਬਧ ਹੋਏ। ਆਰਚੀਜ਼ ਵਰਗੀਆਂ ਕੰਪਨੀਆਂ ਨੇ ਸਿਰਫ਼ ਵਧਾਈ ਕਾਰਡਾਂ ਦੇ ਸਹਾਰੇ ਹੀ ਦੁਨੀਆ ਭਰ ਵਿੱਚ ਕਰੋੜਾਂ ਦਾ ਵਪਾਰ ਕੀਤਾ। ਭਾਰਤੀ ਡਾਕ ਵਿਭਾਗ ਅਤੇ ਕੋਰੀਅਰ ਕੰਪਨੀਆਂ ਖ਼ਾਸ ਦਿਨ ਤਿਉਹਾਰਾਂ ਮੌਕਿਆਂ 'ਤੇ ਇਨ੍ਹਾਂ ਕਾਰਡਾਂ ਨੂੰ ਸਮੇਂ ਸਿਰ ਪਹੁੰਚਾਉਣ ਲਈ ਵਿਸ਼ੇਸ਼ ਪ੍ਰਬੰਧ ਕਰਦੀਆਂ ਰਹੀਆਂ।

ਹਰ ਗ੍ਰੀਟਿੰਗ ਕਾਰਡ ਦੇ ਪਿੱਛੇ ਭੇਜਣ ਵਾਲੇ ਦੀਆਂ ਯਾਦਾਂ, ਭਾਵਨਾਵਾਂ



ਬਲਦੇਵ ਸਿੰਘ ਬੇਦੀ, ਜਲੰਧਰ,
9041925181

# ਬੰਦੇ ਨੂੰ ਬੁਢਾਪੇ 'ਚ ਇਕੱਲੇ ਰਹਿਣਾ ਬੜਾ ਔਖਾ!



ਸਾਡੇ ਪੰਜਾਬੀ ਸਮਾਜ ਦੀ ਇੱਕ ਬਹੁਤ ਵੱਡੀ ਸਮੱਸਿਆ ਹੈ। ਅਸੀਂ ਆਪਣੇ ਮਾਤਾ ਪਿਤਾ ਨੂੰ 60 ਕੁ ਸਾਲ ਦੀ ਉਮਰ ਵਿੱਚ ਇਸ ਤਰ੍ਹਾਂ ਰਹਿੰਦੇ ਹਾਂ ਕਿ ਬਸ ਇਹ ਹੁਣ ਮੌਤ ਦਾ ਇੰਤਜ਼ਾਰ ਕਰਨ। ਜੇਕਰ ਉਹਨਾਂ ਵਿੱਚੋਂ ਇੱਕ ਗੁਜ਼ਰ ਜਾਵੇ ਤਾਂ ਦੂਸਰੇ ਨੂੰ ਇਕੱਲ ਭੋਗਣਾ ਪੈਂਦਾ ਹੈ। ਤਾਂ ਔਖੇ ਸੌਖੇ ਸਮਾਂ ਪਾਸ ਕਰ ਹੀ ਲੈਂਦੀਆਂ ਹਨ। ਉਹਨਾਂ ਨੇ ਪਹਿਲਾਂ ਤੋਂ ਹੀ ਆਪਣਾ ਮਨ ਬਹੁਤ ਵਾਰ ਮਾਰਿਆ ਹੁੰਦਾ ਹੈ ਇਸ ਲਈ ਉਹਨਾਂ ਨੂੰ ਜਿਆਦਾ ਔਖ ਨਹੀਂ ਹੁੰਦੀ।

ਪਰ ਬੰਦੇ ਲਈ ਇਕੱਲਿਆਂ ਜੀਣਾ ਬਹੁਤ ਔਖਾ ਹੈ। ਖਾਸ ਤੌਰ ਤੇ ਹੁਣ ਜਦੋਂ ਬੱਚੇ ਦੂਰ ਦੁਰਾਡੇ ਨੌਕਰੀਆਂ ਕਰਦੇ ਹਨ। ਪਿਤਾ ਜਾਂ ਤਾਂ ਉਹਨਾਂ ਦੇ ਕੋਲ ਜਾ ਕੇ ਰਵੇ ਜਾਂ ਫਿਰ ਪਿੱਛੇ ਇਕੱਲਾ।

ਜੇ ਬੱਚਿਆਂ ਦੇ ਕੋਲ ਜਾ ਕੇ ਰਹੇ ਤਾਂ ਉਸ ਲਈ ਬਹੁਤ ਔਖਾ ਹੋ ਜਾਂਦਾ ਹੈ। ਜੇਕਰ ਉਹ ਪਿੱਛੇ ਇਕੱਲਾ ਰਹਿ ਜਾਵੇ ਤਾਂ ਇਕੱਲ ਭੋਗਣਾ ਵੀ ਬਹੁਤ ਮੁਸ਼ਕਿਲ ਹੈ। 60 ਸਾਲ ਦਾ ਬੰਦਾ ਤੰਦਰੁਸਤ ਹੁੰਦਾ ਹੈ।

ਉਸਦੀਆਂ ਮਾਨਸਿਕ ਅਤੇ ਸਰੀਰਕ ਜਰੂਰਤਾਂ ਵੀ ਹੁੰਦੀਆਂ ਹਨ। ਇਹ ਤਾਂ ਅਸੀਂ ਇੱਕ ਰੀਤ ਬਣਾ ਲਈ ਹੈ ਕਿ ਸਿਆਣਾ ਬੰਦਾ ਬਸ ਗੁਰਦੁਆਰੇ ਹੀ ਜਾਵੇ। ਅਸੀਂ ਉਸ ਲਈ ਜਿਉਣ ਦਾ ਕੋਈ ਰਾਹ ਛੱਡਦੇ ਹੀ ਨਹੀਂ। ਉਸ ਬੰਦੇ ਤੇ ਕੀ ਬੀਤਦੀ ਹੈ ਇਸ ਬਾਰੇ ਅਸੀਂ ਸੋਚਦੇ ਹੀ ਨਹੀਂ।

ਸਾਨੂੰ ਆਪਣੇ ਪਿਤਾ ਬਾਰੇ ਸੋਚਣ ਨਾਲੋਂ ਵੱਧ ਖਿਆਲ ਇਸ ਗੱਲ ਦਾ ਹੁੰਦਾ ਹੈ ਕਿ ਜੇਕਰ ਉਸਨੇ ਹੋਰ ਵਿਆਹ ਕਰਾ ਲਿਆ ਤਾਂ ਜਾਇਦਾਦ ਵਿੱਚ ਇੱਕ ਹਿੱਸਾ ਵੱਧ ਵੰਡਿਆ ਜਾਵੇਗਾ। ਸਾਡੀ ਸੋਚ ਇੱਥੇ ਹੀ ਰੁਕ ਜਾਂਦੀ ਹੈ। ਹੁਣ ਜਦੋਂ ਔਸਤ ਉਮਰ ਵਧ ਗਈ ਹੈ ਤੇ ਸਿਹਤ ਦੀਆਂ ਸੁਵਿਧਾਵਾਂ ਵੀ ਬਹੁਤ ਹਨ।

ਅਜਿਹੇ ਵਿੱਚ ਮਨੁੱਖ ਲਈ ਇਕੱਲੇ ਜ਼ਿੰਦਗੀ ਦਾ ਇੱਕ ਲੰਬਾ ਸਮਾਂ ਬਿਤਾਉਣਾ ਬਹੁਤ ਮੁਸ਼ਕਿਲ ਹੈ। ਮਾਂ ਬਾਪ ਹਮੇਸ਼ਾ ਹੀ ਆਪਣੀ ਔਲਾਦ ਦੀ ਖੁਸ਼ੀ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਉਹਨਾਂ ਦੇ ਬੱਚੇ ਖੁਸ਼ ਰਹਿਣ ਇਸ ਲਈ ਉਹ ਉਹਨਾਂ ਦੀ ਹਰ ਗੱਲ ਮੰਨਦੇ ਹਨ। ਪਰ ਔਲਾਦ ਆਪਣੇ ਆਪ ਤੱਕ ਸੋਚਦੀ ਹੈ।

ਆਪਣੀ ਖੁਦਗਰ ਸੋਚ ਵਿੱਚ ਉਹ ਆਪਣੇ ਮਾਤਾ ਪਿਤਾ ਦੇ ਅਗਲੇ ਜੀਵਨ ਬਾਰੇ ਨਹੀਂ ਸੋਚਦੀ ਖਾਸ ਤੌਰ ਤੇ ਪਿਤਾ ਬਾਰੇ। ਇਹ ਸੋਚ ਨੂੰ ਬਦਲਣ ਦੀ ਜਰੂਰਤ ਹੈ। ਜੀਵਣ ਸਾਥੀ ਦੇ ਗੁਜ਼ਰ ਜਾਣ ਤੇ ਦੂਜਾ ਵਿਆਹ ਕਰਾਉਣਾ ਕੋਈ ਗੁਨਾਹ ਨਹੀਂ।

ਬੰਦਾ ਜਵਾਨੀ ਵਿੱਚ ਇਕੱਲ ਭੋਗ ਲੈਂਦਾ ਹੈ ਪਰ ਬੁਢਾਪੇ ਵਿੱਚ ਇਹ ਬਹੁਤ ਮੁਸ਼ਕਿਲ ਹੈ। ਬੱਚੇ ਮਾਂ ਬਾਪ ਨੂੰ ਨਾਲ ਰੱਖਣਾ ਨਹੀਂ ਚਾਹੁੰਦੇ ਤੇ ਇਹ ਵੀ ਨਹੀਂ ਚਾਹੁੰਦੇ ਕਿ ਉਹ ਆਪਣੀ ਜ਼ਿੰਦਗੀ ਦਾ ਕੋਈ ਨਵਾਂ ਰਾਹ ਲੱਭਣ।

ਸਾਨੂੰ ਆਪਣੀ ਮਾਨਸਿਕਤਾ ਬਦਲਣ ਦੀ ਸਖਤ ਜਰੂਰਤ ਹੈ। ਇਹ ਧਾਰਨਾ ਬਦਲਣੀ ਪਵੇਗੀ ਕਿ 60 ਸਾਲ ਦੀ ਉਮਰ ਤੋਂ ਬਾਅਦ ਬੰਦਾ ਸਿਰਫ ਮੌਤ ਦਾ ਇੰਤਜ਼ਾਰ ਕਰੇ। ਉਹ ਆਖਰੀ ਸਾਹ ਤੱਕ ਜਿਉਂਦਾ ਹੈ ਤੇ ਜ਼ਿੰਦਗੀ ਨੂੰ ਖੁਸ਼ ਹੋ ਕੇ ਬਿਤਾਉਣ ਦਾ ਹੱਕਦਾਰ ਹੈ।

(ਅੱਜ ਸਿਰਫ ਇੱਕ ਪੁਰਖ ਦੇ ਪੱਖ ਤੋਂ ਲਿਖਿਆ ਹੈ। ਇਸਤਰੀ ਦੇ ਪੱਖ ਤੋਂ ਫੇਰ ਸਹੀ)

# ਪੜ੍ਹ ਮੇਰੀ ਬੇਟੀ ਪੜ੍ਹ



ਪੜ੍ਹ ਮੇਰੀ ਪਿਆਰੀ ਬੇਟੀ ਪੜ੍ਹ।
ਪੜ੍ਹ ਮੇਰੀ ਲਾਡਲੀ ਬੇਟੀ ਪੜ੍ਹ।
ਪੜ੍ਹ ਕਿ ਯੁਗ ਪਲਟਿਆ ਹੈ
ਪੜ੍ਹ ਕਿ ਪੜ੍ਹਨ ਦਾ ਸਮਾਂ ਆਇਆ ਹੈ
ਸਦੀਆਂ ਤੋਂ ਨਾਰੀ ਦੀ ਜ਼ਿੰਦਗੀ ਦਾ ਦਾਇਰਾ
ਸਿਮਟਿਆ ਸੀ ਕਿਚਨ ਤੋਂ ਕਮਰੇ ਤੱਕ।
ਉਸ ਦਾਇਰੇ ਨੂੰ ਤੋੜਨ ਦਾ ਹੁਣ ਸਮਾਂ ਆਇਆ ਹੈ
ਪੜ੍ਹ ਕਿ ਇਕ ਦਿਨ ਬੰਦ ਦਰਵਾਜ਼ੇ ਖੁਲ੍ਹਣਗੇ
ਤਰੱਕੀ ਦੇ ਤੇਰੇ ਵਾਸਤੇ
ਉਹ ਦਰਵਾਜ਼ੇ ਜਿਨ੍ਹਾਂ ਦੀਆਂ ਚਾਬੀਆਂ
ਬੰਦ ਹਨ ਆਦਮੀ ਦੇ ਸਖ਼ਤ ਹੱਥਾਂ ਵਿਚ।
ਪੜ੍ਹ ਮੇਰੀ ਬੇਟੀ ਕਿ ਹਾਲੇ ਵੀ ਘੁੰਘਟ ਦੀਆਂ
ਦੂਰੀਆਂ ਤੋਂ ਬਾਹਰ ਲਗੇ ਹੋਏ ਨੇ
ਆਦਮੀ ਦੇ ਸਖ਼ਤ ਪਹਿਰੇ
ਤੇ ਬੜਾ ਮੁਸ਼ਕਿਲ ਹੈ ਉਨਾਂ ਪਹਿਰਿਆਂ ਵਿਚੋਂ
ਬਾਹਰ ਨਿਕਲਣਾ।
ਪੜ੍ਹ ਮੇਰੀ ਬੇਟੀ ਕਿ ਇਸ ਦੁਨੀਆ ਵਿਚ
ਰੋਜ਼ ਬਦਲਦੇ ਨੇ ਚਿਹਰੇ ਉਨ੍ਹਾਂ ਆਦਮੀਆਂ ਦੇ
ਜੋ ਇਸਤਰੀ ਦੀ ਪੜ੍ਹਾਈ ਤੋਂ ਇਨਕਾਰੀ ਹਨ।
ਸਦੀਆਂ ਤੋਂ ਆਦਮੀ ਨੇ ਤੈਨੂੰ ਸਮਝਿਆ ਹੈ
ਰੂਈ ਵਰਗੀ ਹਲਕੀ ਅਤੇ ਫੁੱਲਾਂ ਤੋਂ ਵੱਧ ਕੋਮਲ
ਰਚੇ ਨੇ ਆਦਮੀ ਨੇ ਕਈ ਚਕਰਵਿਊ
ਸ਼ਾਇਦ ਇਸੇ ਲਈ ਤੇਰੇ ਇਰਦ-ਗਿਰਦ।
ਕਦੇ 'ਜੌਹਰ' ਦੀ ਅਗਨੀ ਵਿਚ ਝੋਕਿਆ,
ਕਦੀ ਲਈ ਸੁੱਚਤਾ ਦੀ 'ਅਗਨੀ ਪ੍ਰੀਖਿਆ'
ਕਦੇ ਹੋਈ 'ਸਤੀ' ਤੇ ਕਦੇ ਬਣੀ
ਮੰਦਿਰ ਦੇ ਪੁਜਾਰੀਆਂ ਦੀ ਦਾਸੀ
ਕਦੇ ਦਾਜ ਦੇ ਲੋਭੀਆਂ ਨੇ ਲਟਕਾਇਆਂ ਫਾਂਸੀ ਤੇ
ਉੱਠ ਬੇਟੀ ਹੱਥ 'ਚ ਫੜਕੇ
ਸਮੇਂ ਦਾ ਸੁਨਹਿਰੀ ਅਵਸਰ
ਅਤੇ ਵਿੱਦਿਆ ਦੇ ਗਹਿਣੇ ਪਹਿਨਕੇ
'ਅਬਲਾ ਨਾਰੀ' ਤੋਂ 'ਸਬਲਾ ਨਾਰੀ' ਬਣ।
ਕੁਦਰਤ ਨੇ ਤੈਨੂੰ ਬਖ਼ਸ਼ੀਆਂ ਨੇ ਅਸੀਮ ਸ਼ਕਤੀਆਂ
ਤੂੰ 'ਸੁਨੀਤਾ ਵਿਲੀਅਮ' ਜਾਂ 'ਕਲਪਣਾ ਚਾਵਲਾ' ਬਣ
ਛੂਹਣਾ ਚਾਹੇਂ ਜੇ ਅਕਾਸ਼ ਨੂੰ ਤੂੰ 'ਨੀਰਜਾ ਭਨੋਟ' ਬਣ।
ਤੇਰੇ ਵਿਚ ਹਿੰਮਤ ਹੈ ਜ਼ੁਲਮ ਦਾ ਟਾਕਰਾ ਕਰਨ ਦੀ
ਤੂੰ 'ਮਾਈ ਭਾਗੋ' ਬਣ ਜਾਂ 'ਝਾਂਸੀ ਦੀ ਰਾਣੀ' ਬਣ।

-ਗੁਰਮੀਤ ਸਿੰਘ

# ਨਵਾਂ ਸਾਲ

ਨਵੇਂ ਸਾਲ ਦੀਆਂ,ਲੱਖ-ਵਧਾਈਆਂ
ਇੱਧਰੋ ਗਈਆਂ,ਉੱਧਰੋ ਆਈਆਂ
ਮੈਂ ਵੀ ਤੱਕਿਆ,ਬਾਹਰ ਨਿਕਲ ਕੇ
ਦੇਖਾਂ ਕੀ ਕੁਝ, ਬਦਲ ਗਿਆ ਏ
ਸਾਨੂੰ ਲੁੱਟਣ ਕੁੱਟਣ ਵਾਲਾ
ਕੀ ਉਹ ਹਾਕਮ, ਬਦਲ ਗਿਆ ਏ
ਕੁਝ ਨੀ ਬਦਲਿਆ, ਉਹੀ ਹਾਕਮ
ਉਂਨਾਂ ਦੀਆ ਤਾਂ ਹੋਰ ਚੜਾਈਆਂ
ਨਵੇਂ ਸਾਲ ਦੀਆ, ਲੱਖ-ਵਧਾਈਆਂ
ਇੱਧਰੋ ਗਈਆਂ, ਉੱਧਰੋ ਆਈਆਂ
ਫਿਰ ਮੈਂ ਘੁੰਮਿਆ,ਆਪਣੇ ਪਿੰਡ ਵਿੱਚ
ਦੇਖਾਂ, ਕੀ ਤਬਦੀਲੀ ਆਈ
ਕੀ ਕਿਧਰੇ, ਕੋਈ ਹੱਸਦਾ ਚਿਹਰਾ
ਦੇਖਣ ਨੂੰ, ਮਿਲ ਜਾਵੇ ਭਾਈ
ਕਰਜ਼ੇ ਥੱਲੇ, ਦੱਬਿਆ ਕਿਰਤੀ
ਥੱਕ-ਹਾਰ ਕਰ, ਗਿਆ ਚੜ੍ਹਾਈਆਂ
ਨਵੇਂ ਸਾਲ ਦੀਆ, ਲੱਖ-ਵਧਾਈਆਂ
ਇੱਧਰੋ ਗਈਆਂ, ਉੱਧਰੋਂ ਆਈਆਂ
ਮਾਂ ਦੀਆਂ ਰੀਝਾਂ, ਬਾਪ ਦੇ ਸੁਪਨੇ
ਦੱਬ ਗਏ ਸਭ, ਕਰਜ਼ੇ ਥੱਲੇ
ਵਕਤ ਆ ਗਿਆ, ਕੱਠੇ ਹੋਜੋ
ਲੜੀਏ ਨਾ ਹੁਣ ,ਕੱਲੇ-ਕੱਲੇ
ਲੋਕ ਲਹਿਰਾਂ ਜਦ,ਖੜੀਆ ਹੁੰਦੀਆਂ
ਜ਼ੁਲਮਾਂ ਨਾਲ ਨਾ ,ਜਾਣ ਦਬਾਈਆਂ
ਨਵੇਂ ਸਾਲ ਦੀਆਂ, ਲੱਖ-ਵਧਾਈਆਂ
ਇੱਧਰੋ ਗਈਆ, ਉੱਧਰੋਂ ਆਈਆਂ
ਕੀ ਕੁਝ ਬਦਲਿਆ, ਕੀ ਬਦਲੇਗਾ
ਖ਼ੁਦ ਤੇਰੇ ਤੇ ਨਿਰਭਰ ਕਰਦੈ
ਆਪਣੇ ਅੰਦਰ ਮੈਂ ਪਹਿਲਾ ਬਦਲਾ
ਇਹ ਮੇਰੇ ਤੇ ਨਿਰਭਰ ਕਰਦਾ
ਪਲ ਭਰ ਵਿੱਚ "ਜੱਸੀ" ਜਿੱਤ ਨਹੀਂ ਹੋਣੀ
ਸਦੀਆਂ ਤੋਂ ਹਨ, ਇਹ ਲੜਾਈਆਂ
ਨਵੇਂ ਸਾਲ ਦੀਆਂ, ਲੱਖ-ਵਧਾਈਆਂ
ਇੱਧਰੋਂ ਗਈਆਂ, ਉੱਧਰੋਂ ਆਈਆਂ।



ਜੱਸੀ ਭੁੱਲਰ (ਕੈਨੇਡਾ)
416-816-7427

# ਮਿੰਨੀ ਕਹਾਣੀ – ਦੇਵਤੇ ਅਜੇ ਮੌਜੂਦ ਹਨ

ਮਾਸਟਰ ਹਰਬੰਸ ਸਿੰਘ ਦੀ ਡਿਉਟੀ ਤਲਵੰਡੀ ਬਤੌਰ ਬੀ ਐਡ ਟੀਚਰ ਸੀ। ਇੱਕ ਦਿਨ ਸਿਆਲ ਦੇ ਦਿਨਾਂ ਵਿੱਚ ਸਕੂਲ ਤੋਂ ਡਿਓਟੀ ਕਰਕੇ ਆਪਣੇ ਪਿੰਡ ਆ ਰਿਹਾ ਸੀ, ਉਸ ਦਿਨ ਧੁੰਧ ਵੀ ਅੰਤਾਂ ਦੀ ਸੀ। ਜਦ ਉਸ ਨੇ ਮੇਨ ਰੋਡ ਤੇ ਆਪਣਾ ਸਕੂਟਰ ਚੜਾਇਆ ਤਾਂ ਅਚਾਨਕ ਇੱਕ ਟਰੱਕ ਨਾਲ ਟੱਕਰ ਹੋ ਗਈ। ਦੋ ਉਸ ਦੇ ਸਕੂਲ ਦੇ ਦੋ ਬਾਰਵੀਂ ਦੇ ਵਿਦਿਆਰਥੀ ਜੋ ਉਸ ਦੇ ਪਿੱਛੇ ਹੀ ਸਾਈਕਲਾਂ ਤੇ ਆ ਰਹੇ ਸਨ, ਉਨਾਂ ਨੇ ਹਰਬੰਸ ਨੂੰ ਸੰਭਾਲਿਆ ਤੇ ਮੌਕੇ ਤੇ ਇੱਕ ਕਰ ਵਾਲੇ ਨੂੰ ਹੱਥ ਦੇ ਕੇ ਕਾਰ ਰੁਕਵਾਈ ਤੇ ਹਰਬੰਸ ਨੂੰ ਹਸਪਤਾਲ ਲਿਜਾਣ ਦੀ ਬੇਨਤੀ ਕੀਤੀ ਤਾਂ ਉਸ ਸ਼ਖਸ਼ ਨੇ ਬਿਨਾਂ ਦੇਰੀ ਨੇੜ ਦੇ ਹਸਪਤਾਲ ਪੁਚਾ ਦਿੱਤਾ ਪਰ ਉਹ ਬਚ ਨਾ ਸਕਿਆ । ਅੱਜ ਉਸ ਦੀ ਆਤਮਕ ਸ਼ਾਂਤੀ ਲਈ ਰੱਖੇ ਪਾਠ ਦੇ ਭੋਗ ਤੋਂ ਬਾਅਦ ਉਸ ਦਾ ਪ੍ਰੀਵਾਰ, ਰਿਸ਼ਤੇਦਾਰ ਤੇ ਪਿੰਡ ਦੇ ਪਤਵੰਤੇ ਲੋਕ ਇਕੱਠੇ ਹੋ ਕੇ ਬੈਠ ਗਏ। ਬੈਂਕ ਵਿੱਚ ਕੈਸ਼ੀਅਰ ਲੱਗੀ ਹਰਬੰਸ ਦੀ ਵਿਧਵਾ ਪਤਨੀ ਮਨਜੀਤ ਸਫੈਦ ਕਪੜੇ ਪਾਈ ਗੁੰਮ ਸੁੰਮ ਬੈਠੀ ਸੀ। ਉਸ ਨੂੰ ਪਤਾ ਸੀ ਕਿ ਇਹ ਇਕੱਠ ਕਿਸ ਲਈ ਹੋਇਆ ਹੈ। ਉਹ ਚਾਹੁੰਦੀ ਤਾਂ ਆਪਣੇ ਭਵਿਖ ਸਬੰਧੀ ਫੈਸਲਾ ਆਪ ਕਰ ਸਕਦੀ ਸੀ, ਪਰ ਹਰਬੰਸ ਦੇ ਪ੍ਰੀਵਾਰ ਨੇ ਉਸ ਨੂੰ ਬਹੁਤ ਸਤਿਕਾਰ ਦਿੱਤਾ ਸੀ, ਇਸ ਨੂੰ ਧਿਆਨ ਵਿੱਚ ਰੱਖ ਕੇ ਉਸ ਨੇ ਫੈਸਲਾ ਉਨਾਂ ਉੱਤੇ ਹੀ ਛੱਡ ਦਿੱਤਾ।

ਮਨਜੀਤ ਦੀਆਂ ਦੋਨੋ ਨਨਾਣਾਂ ਉਸ ਨੂੰ ਆਪਣੇ ਵੱਡੇ ਵੀਰ ਗੁਰਨਾਮ ਸਿੰਘ ਤੇ ਚਾਦਰ ਪਾਉਣ ਲਈ ਜੋਰ ਪਾ ਰਹੀਆਂ ਸਨ ਜਿਹੜਾ ਫੌਜ ਵਿੱਚ ਅਹੁਦੇਦਾਰ ਸੀ ਤੇ ਸ਼ਾਦੀ ਸੁਧਾ ਸੀ। ਸਾਰੀ ਪੰਚਾਇਤ ਨੇ ਆਖਿਰ ਫੈਸਲਾ ਕੀਤਾ ਕਿ ਮਨਜੀਤ ਆਪਣੇ ਜੇਠ ਗੁਰਨਾਮ ਸਿੰਘ ਦੇ ਘਰ ਬੈਠ ਜਾਵੇ।

"ਨਹੀਂ ਨਹੀਂ ਇਹ ਫੈਸਲਾ ਮੈਨੂੰ ਮਨਜੂਰ ਨਹੀਂ, ਜਿਹੜੀ ਮਨਜੀਤ ਪਿਛਲੇ ਤਿੰਨ ਸਾਲ ਤੋਂ ਮੈਨੂੰ ਵੀਰ ਜੀ ਵੀਰ ਜੀ ਕਰਦੀ ਥੱਕਦੀ ਨਹੀਂ ਸੀ, ਉਹ ਤਾਂ ਮੇਰੀਆਂ ਭੈਣਾਂ ਤੋਂ ਵੱਧ ਹੈ, ਮੈਂ ਕਿਸ ਤਰਾਂ ਉਸ ਨੂੰ ਵਸਾ ਲਵਾਂ"। ਉਸ ਦੀ ਗੱਲ ਸੁਣ ਕੇ ਸਾਰੇ ਹੈਰਾਨ ਸਨ।

" ਫੇਰ ਗੁਰਨਾਮ ਸਿਆਂ ਸਾਨੂੰ ਕੋਈ ਫੈਸਲਾ ਤਾਂ ਕਰਨਾ ਹੀ ਪਵੇਗਾ, ਜੇ ਕੁੜੀ ਦੇ ਕੋਈ ਬੱਚਾ ਹੁੰਦਾ ਤਾਂ ਉਹ ਬੱਚੇ ਨੂੰ ਪਾਲ ਕੇ ਜਿੰਦਗੀ ਬਸਰ ਕਰ ਲੈਂਦੀ" ਪੰਚਾਇਤ ਨੇ ਕਿਹਾ।

"ਠਹਿਰੋ ਫੈਸਲਾ ਹੈ, ਮੇਰਾ ਬੇਟਾ ਮਨਜੋਤ ਜੋ ਤਲਵੰਡੀ ਹੀ ਟੀਚਰ ਹੈ ਤੇ ਹਰਬੰਸ ਦਾ ਪੱਗ ਵੱਟ ਦੋਸਤ ਹੈ, ਉਹ ਦੋਵੇਂ ਇਕੱਠੇ ਹੀ ਪੜਦੇ ਰਹੇ ਹਨ, ਉਹ ਹਰਬੰਸ ਦੇ ਘਰ ਆਉਂਦਾ ਜਾਂਦਾ ਪ੍ਰੀਵਾਰ ਨੂੰ ਜਾਣਦਾ ਹੈ ਤੇ ਕੁਆਰਾ ਵੀ ਹੈ, ਜੇ ਪੰਚਾਇਤ ਨੂੰ ਫੈਸਲਾ ਮਨਜੂਰ ਹੈ ਤਾਂ ਮੈ ਮਨਜੀਤ ਬੇਟੀ ਦਾ ਹੱਥ ਉਸ ਲਈ ਮੰਗਦਾ ਹਾਂ, ਮੈਨੂੰ ਯਕੀਨ ਹੈ ਕਿ ਉਹ ਇਹ ਫੈਸਲਾ ਮੰਨ ਲਵੇਗਾ, ਔਹ ਬੈਠਾ ਹੈ ਪੰਚਾਇਤ ਵਿੱਚ ਤੁਹਾਡੇ ਸਾਹਮਣੇ"। ਬਲਵੰਤ ਸਿੰਘ ਜੋ ਪਿੰਡ ਥਰਾਜ ਤੋਂ ਸੀ ਨੇ ਹੱਥ ਜੋੜ ਕੇ ਬੇਨਤੀ ਕੀਤੀ।

ਪੰਚਾਇਤ ਨੇ ਜਦ ਨਵਜੋਤ ਨੂੰ ਪੁੱਛਿਆ ਤਾਂ ਉਸ ਨੇ ਕਿਹਾ " ਸੰਗਤੇ ਮੈਂ ਆਪਣੇ ਬਾਪ ਦਾ ਆਖਿਆ ਮੋੜ ਨਹੀਂ ਸਕਦਾ ਤੇ ਹਰਬੰਸ ਮੇਰਾ ਪਿਆਰਾ ਦੋਸਤ ਵੀ ਸੀ, ਮੈ ਮਨਜੀਤ ਨੂੰ ਅਪਨਾਉਣ ਲਈ ਤਿਆਰ ਹਾਂ, ਮੇਰੇ ਲਈ ਇਹ ਹਰਬੰਸ ਲਈ ਸੱਚੀ ਸਰਧਾਂਜਲੀ ਹੋਵੇਗੀ"। ਜਦ ਇਸ ਫੈਸਲੇ ਬਾਰੇ ਮਨਜੀਤ ਨੂੰ ਪੁੱਛਿਆ ਗਿਆ ਤਾਂ ਉਸ ਨੇ ਕਿਹਾ " ਜੋ ਫੈਸਲਾ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਰੱਬ ਵਰਗੀ ਪੰਚਾਇਤ ਨੇ ਕੀਤਾ, ਮੈਨੂੰ ਮਨਜੂਰ ਹੈ, ਮੈਂ ਮਨੋਜ ਨਾਲ ਜਾਣ ਲਈ ਤਿਆਰ ਹਾਂ ਪਰ ਮੇਰਾ ਵੀਰ ਗੁਰਨਾਮ ਦੇ ਘਰ ਨਾਲ ਅਤੁੱਟ ਰਿਸ਼ਤਾ ਰਹੇਗਾ। ਜਦ ਪੰਚਾਇਤ ਫੈਸਲਾ ਕਰਕੇ ਜਾਣ ਲੱਗੀ ਤਾਂ ਸਿਆਣੇ ਲੋਕ ਇਸ ਫੈਸਲੇ ਤੇ ਗਦ ਗਦ ਹੋ ਕੇ ਆਪਸ ਵਿੱਚ ਕਹਿ ਰਹੇ ਸਨ," ਬਈ ਅਜੇ ਕਿਸੇ ਚੀਜ਼ ਦਾ ਬੀ ਨਾਸ ਨਹੀਂ ਹੋਇਆ ਦੇਵਤੇ ਪ੍ਰਤੱਖ ਮੌਜੂਦ ਹਨ।

## ਵਿਸ਼ਵ ਦੇ ਮਹਾਨ ਖਿਡਾਰੀ

# ਵਿਸ਼ਵ ਦੀ ਸਰਬੋਤਮ ਅਥਲੀਟ ਜੈਕੀ ਜੋਏਨਰ



ਪ੍ਰਿੰ. ਸਰਵਣ ਸਿੰਘ

ਜੈਕੀ ਜੋਏਨਰ ਦਾ ਪੂਰਾ ਨਾਂ ਜੈਕੁਲਿਨ ਜੋਏਨਰ ਕਰਸੀ ਹੈ। ਉਹਦੀ ਦਾਦੀ ਨੇ ਉਸ ਦਾ ਨਾਂ ਜੈਕੁਲਿਨ 'ਜੈਕੀ' ਅਮਰੀਕਾ ਦੀ ਪ੍ਰਥਮ ਲੇਡੀ ਜੈਕੁਲਿਨ ਕਨੇਡੀ ਦੇ ਨਾਂ ਦੀ ਨਕਲ ਕਰਦਿਆਂ ਰੱਖਿਆ ਸੀ। ਉਦੋਂ ਕਿਸੇ ਦੇ ਖ਼ਾਬ ਖਿਆਲ ਵਿਚ ਵੀ ਨਹੀਂ ਹੋਣਾ ਕਿ ਪਛੜੇ ਗਰੀਬ ਘਰ ਦੀ ਬੱਚੀ 20ਵੀਂ ਸਦੀ ਦੀ ਸਭ ਤੋਂ ਤਕੜੀ ਅਥਲੀਟ ਬਣੇਗੀ ਜੋ ਖੇਡਾਂ 'ਚ ਸੱਚੀਂ ਅਮਰੀਕਾ ਦੀ ਪ੍ਰਥਮ ਲੇਡੀ ਸਾਬਤ ਹੋਵੇਗੀ। ਉਹ ਆਪਣੀ ਸਖ਼ਤ ਮਿਹਨਤ ਤੇ ਕੋਚਾਂ ਦੀ ਸੁਚੱਜੀ ਕੋਚਿੰਗ ਨਾਲ ਐਸੀ ਸਰਬਪੱਖੀ ਅਥਲੀਟ ਬਣੀ ਕਿ ਉਸ ਨੂੰ ਮਿਲੇ ਵਿਸ਼ਵ ਪੱਧਰ ਦੇ ਮਾਣ ਸਨਮਾਨਾਂ ਦਾ ਕੋਈ ਅੰਤ ਨਾ ਰਿਹਾ। ਹੁਣ ਉਹ ਪੁੰਗਰਦੇ ਖਿਡਾਰੀਆਂ ਨੂੰ ਵੱਡੀਆਂ ਮੱਲਾਂ ਮਾਰਨ ਲਈ ਤਿਆਰ ਕਰ ਰਹੀ ਹੈ। ਜਿਵੇਂ ਮਰਦਾਂ ਦਾ ਸਭ ਤੋਂ ਔਖਾ ਈਵੈਂਟ ਡੀਕੈਥਲਨ ਗਿਣਿਆ ਜਾਂਦਾ ਹੈ ਉਵੇਂ ਔਰਤਾਂ ਦਾ ਸਭ ਤੋਂ ਔਖਾ ਈਵੈਂਟ ਹੈਪਟੈਥਲਨ ਹੈ। ਉਸ ਵਿਚ 100 ਮੀਟਰ ਹਰਡਲਜ਼ ਦੌੜ, ਉੱਚੀ ਛਾਲ, ਗੋਲਾ ਸੁੱਟਣਾ, 200 ਮੀਟਰ ਦੌੜ, ਲੰਮੀ ਛਾਲ, ਜੈਵਲਿਨ ਸੁੱਟਣਾ ਤੇ 800 ਮੀਟਰ ਦੌੜ ਦੇ ਈਵੈਂਟ ਹੁੰਦੇ ਹਨ। ਹਰੇਕ ਈਵੈਂਟ ਦੀ ਕਾਰਗੁਜ਼ਾਰੀ ਅਨੁਸਾਰ ਅੰਕ ਜੋੜੇ ਜਾਂਦੇ ਹਨ। ਸਿਓਲ-1988 ਦੀਆਂ ਓਲੰਪਿਕ ਖੇਡਾਂ 'ਚ ਹੈਪਟੈਥਲਨ ਦਾ 7291 ਅੰਕਾਂ ਦਾ ਵਿਸ਼ਵ ਰਿਕਾਰਡ ਅਜੇ ਵੀ ਉਹਦੇ ਨਾਂ ਖੜ੍ਹਾ ਹੈ। ਉਥੇ ਉਸ ਨੇ 100 ਮੀਟਰ ਹਰਡਲਜ਼ ਦੌੜ 12.69 ਸਕਿੰਟ, 200 ਮੀਟਰ 22.56 ਸਕਿੰਟ, 800 ਮੀਟਰ 2 ਮਿੰਟ 8.51 ਸਕਿੰਟ, ਲੰਮੀ ਛਾਲ 7.27 ਮੀਟਰ ਤੇ ਉੱਚੀ ਛਾਲ 1.86 ਮੀਟਰ ਵਿਚ ਲਾਈ। ਗੋਲ਼ਾ 15.80 ਮੀਟਰ ਤੇ ਜੈਵਲਿਨ 45.66 ਮੀਟਰ ਸੁੱਟਿਆ। ਉਹਦੇ ਸਭ ਤੋਂ ਵੱਧ ਅੰਕ ਲੰਮੀ ਛਾਲ ਦੇ ਹੁੰਦੇ ਸਨ ਜਿਸ ਵਿਚ ਉਹ ਵਿਸ਼ਵ ਚੈਂਪੀਅਨ ਵੀ ਬਣਦੀ ਰਹੀ।

ਉਂਜ ਉਸ ਦਾ 100 ਮੀਟਰ ਹਰਡਲਜ਼ ਦੌੜ ਦਾ ਬਿਹਤਰੀਨ ਸਮਾਂ 12.61 ਸਕਿੰਟ, ਲੰਮੀ ਛਾਲ 7.49 ਮੀਟਰ, ਉੱਚੀ ਛਾਲ 1.93 ਮੀਟਰ, 200 ਮੀਟਰ ਦੌੜ 22.30 ਸਕਿੰਟ, ਸ਼ਾਟ ਪੁੱਟ 16.84 ਮੀਟਰ, ਜੈਵਲਿਨ ਥਰੋਅ 50.12 ਮੀਟਰ ਤੇ 800 ਮੀਟਰ ਦੌੜ 2 ਮਿੰਟ 8.51 ਸਕਿੰਟ ਹੈ। ਸਿਆਹਫਾਮ ਨਸਲ ਦੀ ਸਧਾਰਨ ਕੁੜੀ ਨੇ ਉਹ ਕੁਝ ਕਰ ਵਿਖਾਇਆ ਜੋ ਕਰੋੜਾਂ ਕੁੜੀਆਂ ਲਈ ਲਟ-ਲਟ ਜਗਦੀ ਮਿਸਾਲ ਹੈ। ਉਸ ਨੇ ਚਾਰ ਓਲੰਪਿਕ ਖੇਡਾਂ 'ਚ ਭਾਗ ਲਿਆ ਜਿਨ੍ਹਾਂ ਵਿਚੋਂ 3 ਗੋਲਡ, 1 ਸਿਲਵਰ ਤੇ 2 ਬ੍ਰੌਂਜ਼ ਮੈਡਲ ਜਿੱਤੇ। ਨੈਸ਼ਨਲ ਤੇ ਇੰਟਰਨੈਸ਼ਨਲ ਅਥਲੈਟਿਕਸ ਮੀਟਾਂ ਦੇ ਅਨੇਕ ਮੈਡਲ ਜਿੱਤਣ ਨਾਲ ਉਸ ਨੇ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ 'ਚੋਂ ਵੀ 4 ਗੋਲਡ ਮੈਡਲ ਜਿੱਤੇ। ਉਹ ਹੁਣ 64ਵੇਂ ਸਾਲ 'ਚ ਵਿਚਰ ਰਹੀ ਹੈ ਅਤੇ ਗਰੀਬ ਬੱਚਿਆਂ ਲਈ ਭਲਾਈ ਸਕੀਮਾਂ ਤੇ ਕਈ ਹੋਰ ਪ੍ਰੋਗਰਾਮ ਚਲਾ ਰਹੀ ਹੈ।

ਉਸ ਦਾ ਜਨਮ ਅਮਰੀਕਾ ਦੀ ਸਟੇਟ ਇਲਨੌਇਸ ਦੇ ਸ਼ਹਿਰ ਈਸਟ ਸੇਂਟ ਲੂਈਸ ਵਿਚ 3 ਮਾਰਚ 1963 ਨੂੰ ਮੇਰੀ ਜੋਏਨਰ ਦੀ ਕੁੱਖੋਂ ਐੱਲਫ੍ਰੈਡ ਜੋਏਨਰ ਦੇ ਘਰ ਹੋਇਆ ਸੀ। ਉਨ੍ਹਾਂ ਦੇ ਤਿੰਨ ਬੱਚੇ ਹੋਰ ਹਨ। ਅਲ ਜੋਏਨਰ, ਡੇਬਰਾ ਮੈਕਨਾਇਰ ਤੇ ਅੰਗੇਲਾ ਜੋਏਨਰ। ਅਲ ਜੋਏਨਰ ਤੀਹਰੀ ਛਾਲ ਦਾ ਓਲੰਪਿਕ ਚੈਂਪੀਅਨ ਬਣ ਚੁੱਕਾ ਹੈ। ਜੈਕੀ ਨੇ ਆਪਣੀ ਪੜ੍ਹਾਈ ਈਸਟ ਸੇਂਟ ਲੂਈਸ ਸਕੂਲ ਤੋਂ ਕੀਤੀ ਜਿਥੇ ਉਸ ਨੂੰ ਵਾਲੀਬਾਲ, ਬਾਸਕਟਬਾਲ ਤੇ ਅਥਲੈਟਿਕਸ ਆਦਿ ਖੇਡਾਂ ਦੀ ਜਾਗ ਲੱਗੀ।

ਉਹ ਅਜੇ 9 ਸਾਲ ਦੀ ਸੀ ਕਿ ਸਪੈਸ਼ਲ ਕਮਿਊਨਟੀ ਪ੍ਰੋਗਰਾਮ ਵਿਚ ਸ਼ਾਮਲ ਹੋ ਗਈ। ਪਹਿਲਾਂ ਉਹ ਦੁਬਲੀ ਪਤਲੀ ਲੜਕੀ ਸੀ ਪਰ ਖੇਡਾਂ ਖੇਡਦੀ ਦਾ ਸਰੀਰ ਭਰਦਾ ਗਿਆ ਤੇ ਕੱਦ ਕਾਠ ਵੀ ਵਧਦਾ ਗਿਆ। ਉਹਦਾ ਕੱਦ 5 ਫੁੱਟ 10 ਇੰਚ ਹੋ ਗਿਆ ਤੇ ਵਜ਼ਨ ਵੀ 70 ਕਿਲੋ ਦੇ ਨੇੜ ਪੁੱਜ ਗਿਆ। ਅੱਲ੍ਹੜ ਉਮਰੇ ਉਹ ਜੂਨੀਅਰ ਨੈਸ਼ਨਲ ਅਥਲੈਟਿਕਸ ਚੈਂਪੀਅਨਸ਼ਿਪਾਂ 'ਚੋਂ ਪੈਂਟੈਥਲਨ ਦੇ ਮੁਕਾਬਲੇ ਜਿੱਤਣ ਲੱਗ ਪਈ। ਚਾਰ ਵਾਰ ਉਹ ਜੂਨੀਅਰ ਪੈਂਟੈਥਲਨ ਚੈਂਪੀਅਨ ਬਣੀ। ਇਥੋਂ ਤੱਕ ਕਿ ਸਕੂਲ ਦੀਆਂ ਵਾਲੀਬਾਲ ਤੇ ਬਾਸਕਟਬਾਲ ਟੀਮਾਂ ਨੂੰ ਵੀ ਅੰਤਰ ਸਕੂਲ ਮੁਕਾਬਲਿਆਂ ਵਿਚ ਜਿਤਾਉਣ 'ਚ ਮੋਹਰੀ ਰਹੀ। ਸਕੂਲੀ ਵਿਦਿਆਰਥਣ ਹੁੰਦਿਆਂ ਉਹ ਅਥਲੈਟਿਕਸ ਦੇ ਜੂਨੀਅਰ ਨੈਸ਼ਨਲ ਮੁਕਾਬਲਿਆਂ ਵਿਚ ਛਾ ਗਈ। ਉਸ ਨੇ ਅਜਿਹੀ ਹੋਣਹਾਰੀ ਵਿਖਾਈ ਕਿ 20 ਫੁੱਟ 7.5 ਇੰਚ ਲੰਮੀ ਛਾਲ ਲਾ ਕੇ ਇਲੀਨੋਇਸ ਸਟੇਟ ਦਾ ਨਵਾਂ ਜੂਨੀਅਰ ਰਿਕਾਰਡ ਰੱਖ ਦਿੱਤਾ। ਪੜ੍ਹਾਈ 'ਚ ਵੀ ਉਹ ਬੜੀ ਹੁਸ਼ਿਆਰ ਰਹੀ। ਸਕੂਲ ਦੀ ਗ੍ਰੇਜੂਏਸ਼ਨ ਕਰਦਿਆਂ ਉਸ ਨੂੰ ਯੂਨੀਵਰਸਿਟੀ ਆਫ਼ ਕੈਲੇਫੋਰਨੀਆ, ਲਾਸ ਏਂਜਲਸ ਦਾ ਵਜ਼ੀਫ਼ਾ ਮਿਲ ਗਿਆ ਜਿਥੇ ਅਮਰੀਕਾ ਦਾ ਮੰਨਿਆ ਦੰਨਿਆ ਅਥਲੈਟਿਕਸ ਕੋਚ ਬੌਬ ਕਰਸੀ ਕੋਚਿੰਗ ਦਿੰਦਾ ਸੀ। ਪਹਿਲਾਂ ਉਹ ਬਾਸਕਟਬਾਲ ਖੇਡਣ ਲੱਗੀ, ਫਿਰ ਵਾਲੀਬਾਲ, ਆਖ਼ਰ ਅਥਲੈਟਿਕਸ ਵੱਲ ਖਿੱਚੀ ਗਈ। ਹੈਰਾਨੀ ਦੀ ਗੱਲ ਇਹ ਹੋਈ ਕਿ ਸੇਂਟ ਲੂਈਸ ਲਿੰਕੋਲਨ ਸੀਨੀਅਰ ਹਾਈ ਸਕੂਲ ਵਿਚ ਪੜ੍ਹਦਿਆਂ ਉਹ 1980 ਦੀਆਂ ਓਲੰਪਿਕ ਖੇਡਾਂ ਲਈ ਅਮਰੀਕਾ ਦੀ ਟੀਮ ਦੇ ਟਰਾਇਲਾਂ ਵੇਲੇ ਫਾਈਨਲ ਰਾਊਂਡ ਲਈ ਕੁਆਲੀਫਾਈ ਕਰ ਗਈ ਤੇ 8ਵੇਂ ਸਥਾਨ 'ਤੇ ਰਹੀ। ਉਹ ਟਰੈਕ ਸਟਾਰ ਬੇਬ ਡਿਡਰਿਕਸਨ ਤੋਂ ਪ੍ਰਭਾਵਿਤ ਹੋ ਕੇ ਹੈਪਟੈਥਲਨ ਕਰਨ ਲੱਗੀ ਸੀ। ਡਿਡਰਿਕਸਨ 20ਵੀਂ ਸਦੀ ਦੇ ਪਹਿਲੇ ਅੱਧ ਦੀ ਸਰਬੋਤਮ ਸਟਾਰ ਅਥਲੀਟ ਚੁਣੀ ਗਈ ਸੀ। ਇਹ ਮਾਣ ਉਸ ਨੂੰ ਸਪੋਰਟਸ ਇਲੱਸਟ੍ਰੇਟਡ ਫਾਰ ਵੋਮਿਨ ਮੈਗਜ਼ੀਨ ਨੇ ਦਿੱਤਾ ਸੀ। ਪੰਦਰਾਂ ਸਾਲਾਂ ਬਾਅਦ ਉਹਦੇ ਤੋਂ ਵੀ ਵੱਡਾ ਸਨਮਾਨ ਜੈਕੀ ਜੋਏਨਰ ਕਰਸੀ ਨੂੰ ਮਿਲਿਆ। ਉਸ ਨੂੰ 20ਵੀਂ ਸਦੀ ਦੀ ਸਰਬੋਤਮ ਅਥਲੀਟ ਐਲਾਨਿਆ ਗਿਆ।

ਜੈਕੀ 1980-85 ਵਿਚ ਯੂਨੀਵਰਸਿਟੀ ਆਫ਼ ਕੈਲੇਫੋਰਨੀਆ, ਲਾਸ ਏਂਜਲਸ ਦੀ ਵਿਦਿਆਰਥਣ ਰਹੀ। ਉਥੇ ਉਹ ਅਥਲੈਟਿਕਸ ਨਾਲ ਯੂਨੀਵਰਸਿਟੀ ਦੀ ਬਾਸਕਟਬਾਲ ਟੀਮ ਵਿਚ ਵੀ ਖੇਡਦੀ ਰਹੀ। ਹਾਲਾਂਕਿ ਵਜ਼ੀਫ਼ਾ ਉਸ ਨੂੰ ਅਥਲੀਟ ਵਜੋਂ ਮਿਲਿਆ ਸੀ। ਉਹ ਨਿੱਤ ਨਵੀਆਂ ਜਿੱਤਾਂ ਵੱਲ ਵਧ ਰਹੀ ਸੀ ਕਿ ਉਹਦੀ ਮਾਂ ਮੈਨਿਨਜਾਈਟਸ ਦੀ ਬਿਮਾਰੀ ਨਾਲ ਅਚਾਨਕ ਮਰ ਗਈ। ਉਥੇ ਬੌਬ ਕਰਸੀ ਉਹਦਾ ਹਮਦਰਦ ਬਣਿਆ ਰਿਹਾ। ਉਸ ਨੇ ਜੈਕੀ ਨੂੰ ਹੌਂਸਲਾ ਤੇ ਦਿਲਾਸਾ ਦਿੱਤਾ। ਔਖੇ ਸਮੇਂ ਕੋਚ ਨੇ ਆਪਣੇ ਟ੍ਰੇਨੀ ਦਾ ਦਿਲ ਧਰਾਇਆ ਤੇ ਉਸ ਨੂੰ ਆਪਣੀ ਖੇਡ ਤੋਂ ਡੋਲਣ ਨਾ ਦਿੱਤਾ। ਇੰਜ ਉਹ ਇਕ ਦੂਜੇ ਦੇ ਹੋਰ ਨੇੜੇ ਆ ਗਏ ਤੇ ਕੁਝ ਸਮੇਂ ਬਾਅਦ ਵਿਆਹ ਬੰਧਨ ਵਿਚ ਬੱਝ ਗਏ। ਉਨ੍ਹਾਂ ਦਾ ਵਿਆਹ ਜੋਏਨਰ ਤੇ ਕਰਸੀ ਪਰਿਵਾਰ ਦੇ ਐਸਾ ਰਾਸ ਆਇਆ ਕਿ ਦੋਹਾਂ ਪਰਿਵਾਰਾਂ ਵਿਚ ਓਲੰਪਿਕ ਚੈਂਪੀਅਨ ਬਣਨ ਲੱਗੇ। ਜੈਕੀ ਜੋਏਨਰ ਦੀ ਨਨਾਣ ਫਲੋਰੈਂਸ ਗ੍ਰਿਫਥ ਜੋਏਨਰ ਵੀ ਓਲੰਪਿਕ ਖੇਡਾਂ 'ਚੋਂ ਮੈਡਲ 'ਤੇ ਮੈਡਲ ਜਿੱਤੀ। ਉਹ ਪਾਲਸ਼ ਕੀਤੇ ਰੰਗੀਨ ਲੰਮੇ ਨਹੁੰਆਂ ਤੇ ਲੰਮੇ ਵਾਲਾਂ ਨਾਲ ਦੌੜਦੀ ਟ੍ਰੈਕ ਨੂੰ ਰੰਗ ਭਾਗ ਲਾਉਂਦੀ। ਉਸ ਨੂੰ ਟ੍ਰੈਕ ਦੀ ਰਾਣੀ ਕਿਹਾ ਜਾਂਦਾ ਪਰ ਉਹਦੀ ਅਧਖੜ ਉਮਰ ਵਿਚ ਹੀ ਸੁੱਤੀ ਪਈ ਦੀ ਮ੍ਰਿਤੂ ਹੋ ਗਈ। ਕਈ ਉਸ ਦੀ ਮ੍ਰਿਤੂ ਨੂੰ ਵਰਜਿਤ ਡੋਪਿੰਗ ਨਾਲ ਵੀ ਜੋੜਦੇ ਰਹੇ।

ਜੈਕੀ ਜੋਏਨਰ ਦੀ ਟ੍ਰੇਨਿੰਗ ਤਾਂ ਭਾਵੇਂ ਸਕੂਲੇ ਪੜ੍ਹਦਿਆਂ ਵੀ ਚਲਦੀ ਸੀ ਪਰ ਵਧੇਰੇ ਸਾਇੰਟੇਫਿਕ ਸਿਖਲਾਈ ਲਾਸ ਏਂਜਲਸ ਦੀ ਯੂਨੀਵਰਸਿਟੀ ਵਿਚ ਸ਼ੁਰੂ ਹੋਈ। ਉਥੇ ਉਹਦਾ ਕੋਚ ਬੌਬ ਕਰਸੀ ਨੂੰ ਮਿਲਣਾ ਉਹਦੇ ਜੀਵਨ 'ਚ ਅਹਿਮ ਮੋੜ ਸੀ। ਤਦ ਤਕ ਉਹ 18 ਸਾਲਾਂ ਦੀ ਹੋ ਗਈ ਸੀ। ਮਾਸਕੋ ਦੀਆਂ ਓਲੰਪਿਕ ਖੇਡਾਂ ਲੰਘ ਗਈਆਂ ਸਨ ਜਿਨ੍ਹਾਂ 'ਚ ਅਮਰੀਕਾ ਨੇ ਭਾਗ ਨਹੀਂ ਸੀ ਲਿਆ। ਉਦੋਂ ਉਸ ਨੇ 1984 ਦੀਆਂ ਓਲੰਪਿਕ ਖੇਡਾਂ 'ਚੋਂ ਮੈਡਲ ਜਿੱਤਣ ਦਾ ਟੀਚਾ ਮਿਥ ਲਿਆ ਜੋ ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਵਿਚ ਹੀ ਹੋਣੀਆਂ ਸਨ। ਉਹਦੇ ਭਾਗਾਂ ਨੂੰ 1981 ਤੋਂ ਔਰਤਾਂ ਲਈ ਪੈਂਟੈਥਲਨ ਦੀ ਥਾਂ ਹੈਪਟੈਥਲਨ ਈਵੈਂਟ ਸ਼ੁਰੂ ਹੋ ਗਿਆ ਸੀ।



ਜੈਕੀ ਜੋਏਨਰ ਬਚਪਨ ਤੋਂ ਦਮੇ ਦੀ ਮਰੀਜ਼ ਸੀ। ਫਿਰ ਵੀ ਉਸ ਨੇ ਦਮੇ ਨੂੰ ਆਪਣੀ ਖੇਡ ਵਿਚ ਰੋੜਾ ਨਾ ਬਣਨ ਦਿੱਤਾ। ਪਰ 1984 ਦੀਆਂ ਓਲੰਪਿਕ ਖੇਡਾਂ ਤੋਂ ਪਹਿਲਾ ਉਹ ਹੈਮਸਟਰਿੰਗ ਖਿੱਚੇ ਜਾਣ ਕਾਰਨ ਕਾਫੀ ਸਮਾਂ ਪ੍ਰੈਕਟਿਸ ਨਹੀਂ ਸੀ ਕਰ ਸਕੀ। ਜਦੋਂ ਠੀਕ ਹੋਈ ਤਾਂ ਮੁੜ ਮੈਦਾਨ ਵਿਚ ਆ ਨਿੱਤਰੀ ਤੇ ਟਰਾਇਲਾਂ ਵਿਚ ਹੈਪਟੈਥਲਨ ਈਵੈਂਟ ਦੇ ਲੋੜੀਂਦੇ ਅੰਕ ਬਣਾ ਕੇ ਅਮਰੀਕਾ ਦੀ ਟੀਮ ਵਿਚ ਚੁਣੀ ਗਈ। ਓਲੰਪਿਕ ਖੇਡਾਂ ਵਿਚ ਬੜਾ ਜਬਰਦਸਤ ਮੁਕਾਬਲਾ ਹੋਇਆ। ਕੇਵਲ 5 ਅੰਕਾਂ ਦੇ ਫਰਕ ਨਾਲ ਉਹ ਗੋਲਡ ਮੈਡਲ ਜਿੱਤਦੀ-ਜਿੱਤਦੀ ਸਿਲਵਰ ਮੈਡਲ ਹੀ ਜਿੱਤ ਸਕੀ। ਪਰ ਉਸ ਜਿੱਤ ਨਾਲ ਉਹਦਾ ਓਲੰਪਿਕ ਖੇਡਾਂ 'ਚੋਂ ਮੈਡਲ ਜਿੱਤਣ ਦਾ ਦੌਰ ਸ਼ੁਰੂ ਹੋ ਗਿਆ। 1985 ਵਿਚ ਉਸ ਨੇ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕਰ ਲਈ ਤੇ 1986 ਵਿਚ ਉਹਦਾ ਕੋਚ ਬੌਬ ਕਰਸੀ ਨਾਲ ਵਿਆਹ ਹੋ ਗਿਆ। ਤਦ ਤਕ ਉਹ 23 ਸਾਲਾਂ ਦੀ ਹੋ ਚੁੱਕੀ ਸੀ।

7 ਜੁਲਾਈ 1986 ਨੂੰ ਮਾਸਕੋ ਦੀਆਂ ਗੁਡਵਿੱਲ ਗੇਮਜ਼ ਵਿਚ ਉਸ ਨੇ ਹੈਪਟੈਥਲਨ ਦੇ ਈਵੈਂਟ 'ਚੋਂ 7148 ਅੰਕ ਹਾਸਲ ਕਰ ਕੇ ਨਵਾਂ ਵਿਸ਼ਵ ਰਿਕਾਰਡ ਸਥਾਪਿਤ ਕਰ ਦਿੱਤਾ। ਉਹ ਪਹਿਲੇ ਵਿਸ਼ਵ ਰਿਕਾਰਡ ਤੋਂ 202 ਅੰਕ ਵੱਧ ਸੀ। ਇਹ ਵਰਣਨਯੋਗ ਹੈ ਕਿ ਹੈਪਟੈਥਲਨ ਵਿਚ 7000 ਅੰਕਾਂ ਦਾ ਬੈਰੀਅਰ ਪਹਿਲੀ ਵਾਰ ਜੈਕੀ ਜੋਏਨਰ ਨੇ ਹੀ ਤੋੜਿਆ ਜੋ ਬਾਅਦ ਵਿਚ ਟੁੱਟਦਾ ਹੋਇਆ 7291 ਅੰਕਾਂ ਤਕ ਜਾ ਪੁੱਜਾ। ਇਹ ਮਾਅਰਕਾ ਜੈਕੀ ਨੇ ਸਿਓਲ-1988 ਦੀਆਂ ਓਲੰਪਿਕ ਖੇਡਾਂ ਵਿਚ ਮਾਰਿਆ। ਉਥੇ ਉਸ ਨੇ 2 ਗੋਲਡ ਮੈਡਲ ਜਿੱਤੇ। ਦੂਜਾ ਗੋਲਡ ਮੈਡਲ ਲੰਮੀ ਛਾਲ ਲਾਉਣ ਵਿਚ ਜਿੱਤਿਆ ਤੇ ਦੋਹਾਂ ਈਵੈਂਟਾਂ 'ਚ ਨਵੇਂ ਓਲੰਪਿਕ ਤੇ ਵਿਸ਼ਵ ਰਿਕਾਰਡ ਸਥਾਪਿਤ ਕੀਤੇ। ਸਿਓਲ ਦੀਆਂ ਓਲੰਪਿਕ ਖੇਡਾਂ 'ਚ ਬਣਾਇਆ ਉਸ ਦਾ 7291 ਅੰਕਾਂ ਦਾ ਰਿਕਾਰਡ 9 ਓਲੰਪਿਕਸ ਲੰਘ ਜਾਣ ਬਾਅਦ ਵੀ ਕਾਇਮ ਹੈ। ਸਿਓਲ ਵਿਚ ਹੈਪਟੈਥਲਨ ਤੋਂ 5 ਦਿਨਾਂ ਬਾਅਦ ਲੰਮੀ ਛਾਲ ਦਾ ਮੁਕਾਬਲਾ ਸੀ। ਉਸ ਵਿਚ ਵੀ ਜੈਕੀ ਨੇ 7.40 ਮੀਟਰ ਯਾਨੀ 24 ਫੁੱਟ ਸਵਾ 3 ਇੰਚ ਲੰਮੀ ਛਾਲ ਲਾ ਕੇ ਨਵਾਂ ਓਲੰਪਿਕ ਰਿਕਾਰਡ ਰੱਖਿਆ ਸੀ। ਜੈਕੀ ਜੋਇਨਰ ਅਮਰੀਕਾ ਦੀ ਪਹਿਲੀ ਔਰਤ ਅਥਲੀਟ ਹੈ ਜਿਸ ਨੇ ਪਹਿਲੀ ਵਾਰ ਹੈਪਟੈਥਲਨ ਤੇ ਪਹਿਲੀ ਵਾਰ ਹੀ ਲੰਮੀ ਛਾਲ 'ਚੋਂ ਅਮਰੀਕਾ ਲਈ ਗੋਲਡ ਮੈਡਲ ਜਿੱਤੇ। ਇਹ ਵੱਖਰੀ ਗੱਲ ਹੈ ਕਿ ਜੈਕੀ ਜੋਏਨਰ ਉਤੇ ਦੋਸ਼ ਲੱਗਦੇ ਰਹੇ ਕਿ ਉਸ ਦਾ ਕੋਚ ਪਤੀ ਉਸ ਨੂੰ ਪ੍ਰਫਾਰਮੈਂਸ ਵਧਾਉਣ ਵਾਲੀਆਂ ਦਵਾਈਆਂ ਦਿੰਦਾ ਸੀ। ਪਰ ਪੜਤਾਲ ਕਰਨ ਉਤੇ ਅਜਿਹੇ ਦੋਸ਼ ਸੱਚੇ ਸਾਬਤ ਨਾ ਹੋ ਸਕੇ।

1992 'ਚ ਬਾਰਸੀਲੋਨਾ ਦੀਆਂ ਓਲੰਪਿਕ ਖੇਡਾਂ ਵਿਚ ਜੈਕੀ ਪਹਿਲੀ ਅਥਲੀਟ ਸੀ ਜਿਹੜੀ ਲਗਾਤਾਰ ਦੂਜੀ ਵਾਰ ਓਲੰਪਿਕ ਖੇਡਾਂ 'ਚੋਂ ਹੈਪਟੈਥਲਨ ਦਾ ਸੋਨ ਤਗ਼ਮਾ ਜਿੱਤੀ। ਐਟਲਾਂਟਾ-1996 ਦੀਆਂ ਓਲੰਪਿਕ ਖੇਡਾਂ 'ਚੋਂ ਉਸ ਨੇ ਲੰਮੀ ਛਾਲ ਲਾਉਣ 'ਚ ਤਾਂਬੇ ਦਾ ਤਗ਼ਮਾ ਜਿੱਤਿਆ। ਉਸ ਈਵੈਂਟ ਵਿਚ ਹੈਮਸਟਰਿੰਗ ਖਿੱਚੇ ਜਾਣ ਕਾਰਨ ਉਹ ਹੈਪਟੈਥਲਨ ਦੇ ਅਗਲੇ ਈਵੈਂਟਾਂ ਵਿਚ ਭਾਗ ਨਾ ਲੈ ਸਕੀ ਜਿਸ ਨਾਲ ਉਸ ਦਾ ਹੈਪਟੈਥਲਨ 'ਚੋਂ ਤੀਜਾ ਮੈਡਲ ਜਿੱਤਣ ਦਾ ਸੁਫਨਾ ਸਾਕਾਰ ਨਾ ਹੋ ਸਕਿਆ। ਹੈਪਟੈਥਲੋਨ ਵਿਚ ਪਹਿਲੇ ਦਿਨ 100 ਮੀਟਰ ਹਰਡਲਾਂ ਦੀ ਦੌੜ, ਉੱਚੀ ਛਾਲ, ਗੋਲਾ ਸੁੱਟਣ ਤੇ 200 ਮੀਟਰ ਦੀ ਦੌੜ ਲੱਗਦੀ ਹੈ ਅਤੇ ਦੂਜੇ ਦਿਨ ਲੰਮੀ ਛਾਲ, ਜੈਵਲਿਨ ਥਰੋਅ ਤੇ 800 ਮੀਟਰ ਦੀ ਦੌੜ ਹੁੰਦੀ ਹੈ। ਜੈਕੀ ਦੇ ਤਿੰਨ ਈਵੈਂਟ ਲੰਮੀ ਛਾਲ, 100 ਮੀਟਰ ਹਰਡਲਜ਼, 200 ਮੀਟਰ ਦੌੜ ਤੇ ਉੱਚੀ ਛਾਲ ਹੋਰਨਾਂ ਨਾਲੋਂ ਬਿਹਤਰ ਅੰਕ ਲੈਂਦੇ ਸਨ। ਲੰਮੀ ਛਾਲ ਲਾਉਣ ਵਿਚ ਤਾਂ ਉਹਦਾ ਵਿਸ਼ਵ ਰਿਕਾਰਡ ਸੀ ਜੋ 7.45 ਮੀਟਰ ਤਕ ਪੁੱਜ ਗਿਆ ਸੀ। 2000 ਵਿਚ ਹੋਣ ਵਾਲੀਆਂ ਓਲੰਪਿਕ ਖੇਡਾਂ 'ਚ ਉਹ ਪੰਜਵੀਂ ਵਾਰ ਭਾਗ ਲੈਣਾ ਚਾਹੁੰਦੀ ਸੀ ਪਰ ਵਧਦੀ ਉਮਰ ਨੇ ਉਹਦਾ ਸਾਥ ਨਾ ਦਿੱਤਾ। ਅਮਰੀਕਾ ਦੀ ਅਥਲੈਟਿਕਸ ਵਿਚ ਚੁਣੇ ਜਾਣ ਲਈ ਟਰਾਇਲ ਦਿੱਤੇ ਪਰ ਚੁਣੀ ਨਾ ਜਾ ਸਕੀ। ਉਸ ਨੇ ਅਥਲੈਟਿਕਸ ਦੀਆਂ ਵਿਸ਼ਵ ਚੈਂਪੀਅਨਸ਼ਿਪਾਂ 'ਚੋਂ ਵੀ ਹੈਪਟੈਥਲਨ ਤੇ ਲੰਮੀ ਛਾਲ ਦੇ ਈਵੈਂਟਾਂ 'ਚੋਂ 4 ਗੋਲਡ ਮੈਡਲ ਜਿੱਤੇ। ਆਖ਼ਰ ਉਹ ਸਰਗਰਮ ਅਥਲੈਟਿਕਸ ਤੋਂ ਰਿਟਾਇਰ ਹੋ ਗਈ ਤੇ ਦਾਨੀ ਸੰਸਥਾਵਾਂ ਨਾਲ ਜੁੜ ਗਈ। 1988 ਵਿਚ ਉਸ ਨੇ ਆਪਣੇ ਪਤੀ ਨਾਲ ਰਲ ਕੇ ਜੈਕੀ ਜੋਏਨਰ ਕਰਸੀ ਨਾਂ ਦੀ ਫਾਊਂਡੇਸ਼ਨ ਸਥਾਪਿਤ ਕਰ ਲਈ ਸੀ। ਉਸ ਰਾਹੀਂ ਉਹ ਬਿਮਾਰ ਤੇ ਗਰੀਬ ਬੱਚਿਆਂ ਦੀ ਮਦਦ ਕਰਦੇ ਖ਼ਾਸ ਕਰਕੇ ਆਪਣੇ ਸ਼ਹਿਰ ਈਸਟ ਸੇਂਟ ਲੂਈਸ ਦੇ ਬੱਚਿਆਂ ਨੂੰ ਇਮਦਾਦ ਦਿੰਦੇ। 2007 ਵਿਚ ਉਸ ਨੇ 'ਹੋਪ' ਨਾਂ ਹੇਠ ਅਥਲੀਟਾਂ ਨੂੰ ਸਿਖਲਾਈ ਦੇਣੀ ਸ਼ੁਰੂ ਕਰ ਲਈ। 1997 ਵਿਚ ਉਸ ਨੇ ਸੋਂਜਾ ਸਟੈਪਟੋ ਨਾਲ ਮਿਲ ਕੇ ਆਪਣੀਆਂ ਯਾਦਾਂ ਦੀ ਪੁਸਤਕ 'ਏ ਕਾਈਂਡ ਆਫ਼ ਗ੍ਰੇਸ: ਦਿ ਆਟੋਗਰਾਫੀ ਆਫ਼ ਦਾ ਵਰਲਡੱਜ਼ ਗ੍ਰੇਟੈਸਟ ਫੀਮੇਲ ਅਥਲੀਟ ਪ੍ਰਕਾਸ਼ਿਤ ਕਰਵਾਈ। 'ਸਪੋਰਟਸ ਇਲੱਸਟ੍ਰੇਟਡ' ਮੈਗਜ਼ੀਨ ਨੇ ਉਸ ਨੂੰ 'ਗ੍ਰੇਟੈਸਟ ਫੀਮੇਲ ਅਥਲੀਟ ਆਫ਼ ਦਾ 20ਵੀਂ ਸਦੀ' ਲਿਖ ਕੇ ਵਡਿਆਇਆ।

ਅਥਲੈਟਿਕਸ ਤੋਂ ਬਿਨਾਂ ਜੋਇਨਰ ਕਰਸੀ ਬਾਸਕਟਬਾਲ ਦੀ ਖੇਡ ਵਿਚ ਵੀ ਵਿਸ਼ਵ ਪੱਧਰ ਦੀ ਖਿਡਾਰਨ ਰਹੀ। 21 ਫਰਵਰੀ 1998 ਨੂੰ ਲਾਸ ਏਂਜਲਸ ਯੂਨੀਵਰਸਿਟੀ ਨੇ ਜਿਨ੍ਹਾਂ 15 ਸਰਬੋਤਮ ਬਾਸਕਟਬਾਲ ਖਿਡਾਰਨਾਂ ਨੂੰ ਸਨਮਾਨਿਤ ਕੀਤਾ ਉਨ੍ਹਾਂ ਜੈਕੀ ਵੀ ਸ਼ਾਮਲ ਸੀ। 1 ਅਪ੍ਰੈਲ 2001 ਨੂੰ ਯੂਨੀਵਰਸਿਟੀ ਨੇ ਉਸ 25 ਸਾਲਾਂ ਦੀ ਸਰਬੋਤਮ ਖਿਡਾਰਨ ਵਜੋਂ ਵਡਿਆਇਆ। 1983 ਤੇ 85 ਵਿਚ ਹੀ ਜੋਏਨਰ ਨੂੰ ਨੇਸ਼ਨ ਦੀ ਹੋਣਹਾਰ ਅਥਲੀਟ ਹੋਣ ਦਾ ਅਵਾਰਡ ਮਿਲ ਗਿਆ ਸੀ। 1986 'ਚ ਉਸ ਨੇ ਹਿਸਟਰੀ ਵਿਚ ਬੈਚਲਰ ਦੀ ਡਿਗਰੀ ਹਾਸਲ ਕਰ ਲਈ ਸੀ। ਉਸੇ ਸਾਲ ਉਸ ਨੂੰ ਜੇਮਸ ਈ ਸੁਲੀਵਨ ਅਵਾਰਡ ਮਿਲਿਆ। ਜੋਏਨਰ ਕਰਸੀ ਯੂਐੱਸਏ ਟ੍ਰੈਕ ਐਂਡ ਫੀਲਡ ਦੇ ਬੋਰਡ ਆਫ਼ ਡਾਇਰੈਕਟਰਜ਼ ਵਿਚ ਵੀ ਸੇਵਾ ਨਿਭਾਉਂਦੀ ਰਹੀ। ਜੋਏਨਰ ਕਰਸੀ ਨੂੰ ਮਿਲੇ ਅਵਾਰਡਾਂ ਦੀ ਸੂਚੀ ਲੰਮੀ ਹੈ। ਮਸਲਨ ਹੋਂਡਾ ਸਪੋਰਟਸ ਅਵਾਰਡ, ਜੇਮਸ ਈ ਸੁਲੀਵਨ ਅਵਾਰਡ, ਜੈਸੀ ਓਵੇਂਜ਼ ਅਵਾਰਡ, ਸਪੋਰਟਸ ਪਰਸਨੈਲਟੀ ਆਫ਼ ਦਾ ਈਅਰ ਅਵਾਰਡ, ਜਾਰਜ ਥੌਮਸ ਅਵਾਰਡ 1992, ਵਰਲਡ ਅਥਲੈਟਿਕਸ ਆਫ਼ ਦਾ ਈਅਰ ਅਵਾਰਡ ਫਾਰ ਵੋਮਿਨ 1994, ਜੈਕ ਕੈਲੀ ਫੇਅਰ ਪਲੇਅ ਅਵਾਰਡ 1997, ਸੇਂਟ ਲੂਈਸ ਵਾਰਕ ਆਫ ਫੇਮ 2000, ਲੌਰੀਏਟ ਆਫ਼ ਲਿੰਕਨ ਅਕੈਡਮੀ ਆਫ ਇਲੀਨੋਇਸ ਅਵਾਰਡ ਤੇ ਅਨੇਕ ਹੋਰ ਮਾਨ ਸਨਮਾਨ ਮਿਲੇ। 1981 ਤੋਂ ਜਿਹੜਾ ਅਵਾਰਡ ਜੈਸੀ ਓਵੇਂਜ਼ ਦੇ ਨਾਂ ਉੱਤੇ ਅਥਲੀਟ ਆਫ਼ ਦਾ ਯੀਅਰ ਨੂੰ ਦਿੱਤਾ ਜਾਂਦਾ ਸੀ, 1996 ਤੋਂ ਉਹ ਡਬਲ ਕਰ ਦਿੱਤਾ ਗਿਆ। ਪੁਰਸ਼ ਅਥਲੀਟ ਨੂੰ ਅੱਡ ਤੇ ਔਰਤ ਅਥਲੀਟ ਨੂੰ ਅੱਡ। 2013 ਤੋਂ ਔਰਤ ਅਥਲੀਟ ਆਫ਼ ਦਾ ਯੀਅਰ ਅਵਾਰਡ ਦਾ ਨਾਂ ਜੈਕੀ ਜੋਏਨਰ-ਕਰਸੀ ਅਵਾਰਡ ਰੱਖ ਦਿੱਤਾ ਗਿਆ। ਮਾਰਚ 2023 ਵਿਚ ਜੈਕੀ ਜੋਏਨਰ ਕਰਸੀ ਦਾ ਨਾਂ ਇੰਟਰਨੈਸ਼ਨਲ ਸਪੋਰਟਸ ਹਾਲ ਵਿਚ ਸੁਸ਼ੋਭਿਤ ਕੀਤਾ ਗਿਆ।

principalsarwansingh@gmail.com










